# ਉਹ ਜੋ ਤੁਹਾਡੇ ਵਿੱਚ ਹੈ ।

ਭਾਈ ਨੇਵਿਲ ਤੁਹਾਡਾ ਧੰਨਵਾਦ । ਪ੍ਰਭੂ ਤੁਹਾਨੂੰ ਬਰਕਤ ਦਵੇ ।

ਜੱਦ ਅਸੀਂ ਪ੍ਰਾਰਥਨਾ ਕਰਾਂਗੇ ਅਸੀਂ ਕੁਝ ਪਲਾਂ ਲਈ ਖੜ੍ਹੇ ਰਹਾਂਗੇ । ਆਓ ਹੁਣ ਆਪਣੇ ਸਿਰਾਂ ਨੂੰ ਝੁਕਾਇਏ । ਅਤੇ ਜਿੰਨੇ ਚਾਹੁੰਦੇ ਹਨ ਕਿ ਉਹਨਾਂ ਨੂੰ ਇਸ ਪ੍ਰਾਰਥਨਾ ਵਿੱਚ ਯਾਦ ਕੀਤਾ ਜਾਵੇ ਉਹ ਆਪਣੇ ਹੱਥ ਖੜ੍ਹੇ ਕਰੋ ਅਤੇ ਕਹੋ, "ਪ੍ਰਭੂ, ਇਹ ਮੈਂ ਹਾਂ"।

2 ਅੱਤ ਪਵਿੱਤਰ ਅਤੇ ਦਿਆਲੂ ਪਰਮੇਸ਼ੁਰ ਅਸੀਂ ਇਹਨਾਂ ਲੋਕਾਂ ਨੂੰ ਉਹਨਾਂ ਦੀਆਂ ਬੇਨਤੀਆਂ ਦੇ ਨਾਲ ਤੁਹਾਡੇ ਸਨਮੁਖ ਲੈ ਕੇ ਆਉਂਦੇ ਹਾਂ । ਉਹਨਾਂ ਨੇ ਮੈਨੂੰ ਪ੍ਰਾਰਥਨਾ ਵਿੱਚ ਯਾਦ ਕਰਨ ਲਈ ਕਿਹਾ ਹੈ । ਅਤੇ ਪ੍ਰਭੂ, ਮੈਂ ਵੀ ਹੱਥ ਖੜਾ ਕੀਤਾ ਹੈ । ਮੈਂ ਤੇਰੇ ਅਗੇ ਪ੍ਰਾਰਥਨਾ ਕਰਦਾ ਹਾਂ ਕਿ ਸਾਡੇ ਉੱਤੇ ਦਯਾ ਕਰ । ਤੂੰ ਸਾਡੀਆਂ ਲੋੜਾਂ ਨੂੰ ਜਾਣਦਾ ਹੈਂ ਅਤੇ ਅਸੀਂ ਉਸੇ ਤਰਾਂ ਪ੍ਰਾਰਥਨਾ ਕਰਦੇ ਹਾਂ ਜਿਵੇਂ ਤੂੰ ਸਾਨੂੰ ਕਰਨ ਲਈ ਸਿਖਾਇਆ ਸੀ, "ਤੇਰਾ ਰਾਜ ਆਵੇ । ਤੇਰੀ ਮਰਜੀ ਜਿਵੇਂ ਸਵਰਗ ਵਿੱਚ ਪੂਰੀ ਹੁੰਦੀ ਹੈ ਉਸੇ ਤਰਾਂ ਧਰਤੀ ਉੱਤੇ ਵੀ ਹੋਵੇ" । ਪਿਤਾ, ਅੱਜ ਰਾਤ ਅਸੀਂ ਦਯਾ ਅਤੇ ਆਤਮਾ ਦੀ ਅਜਾਦੀ ਲਈ ਮੰਗ ਕਰਦੇ ਹਾਂ ਤਾਂਕਿ ਅਸੀਂ ਲੋਕਾਂ ਤੱਕ ਸੁਸਮਾਚਾਰ ਦੀ ਸਚਾਈ ਨੂੰ ਲੈ ਕੇ ਆ ਸਕੀਏ ਅਤੇ ਤੇਰੀ ਕਲੀਸਿਯਾ ਲਈ ਅਸੀਂ ਉਸ ਸੰਦੇਸ ਨੂੰ ਲੈ ਕੇ ਆਈਏ ਜੋ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਇਸ ਸਮੇਂ ਦਾ ਸੰਦੇਸ਼ ਹੈ । ਪ੍ਰਭੂ, ਪ੍ਰਾਰਥਨਾ ਕਰਦੇ ਹਾਂ ਕਿ ਅਸੀਂ ਉਸ ਕਲੀਸਿਯਾ ਦਾ ਹਿੱਸਾ ਹਾਂ ਜੋ ਇਹਨਾਂ ਅੰਤਮ ਦਿਨਾਂ ਵਿੱਚ ਬਾਹਰ ਬੁਲਾਈ ਜਾਵੇਗੀ! ਪਿਤਾ, ਜੇਕਰ ਅਸੀਂ ਉਸ ਕਲੀਸਿਯਾ ਦਾ ਹਿੱਸਾ ਨਹੀਂ ਹਾਂ ਤਾਂ ਸਾਡੇ ਉੱਤੇ ਪ੍ਰਗਟ ਕਰ ਕਿ ਉਸਦਾ ਹਿੱਸਾ ਬਣਨ ਲਈ ਸਾਨੂੰ ਕੀ ਕਰਨਾ ਹੈ । ਅਤੇ ਇਸ ਪਰਖ ਦੀ ਘੜੀ ਵਿਚ ਜੋ ਇਸ ਧਰਤੀ ਉੱਤੇ ਹੈ ਤਾਂਕਿ ਉਸ ਹਰੇਕ ਨੂੰ ਪਰਤਾਵੇ ਜੋ ਇਸ ਧਰਤੀ ਉੱਤੇ ਰਹਿੰਦਾ ਹੈ ਸਾਨੂੰ ਕਿਰਪਾ ਅਤੇ ਸ਼ਕਤੀ ਦੇਹ । ਸਾਨੂੰ ਆਪਣਾ ਪਵਿੱਤਰ ਆਤਮਾ ਦੇਹ ਤਾਂ ਜੋ ਉਹ ਸਾਡੀ ਅਗੁਵਾਈ ਅਤੇ ਮਾਰਗਦਰਸ਼ਨ ਕਰੇ ਤਾਂਕਿ ਅੰਤ ਵਿੱਚ, ਜੱਦ ਸਭ ਕੁਝ ਖਤਮ ਹੋ ਜਾਵੇਗਾ, ਅਸੀਂ ਸਾਂਤੀ ਨਾਲ ਤੇਰੇ ਕੋਲ ਆ ਸਕੀਏ ਉਸ ਅਨੰਤ ਜੀਵਨ ਲਈ ਜਿਸ ਵਲ ਹਰੇਕ ਵਿਸ਼ਵਾਸੀ ਨੇ ਸ਼ੁਰੁਆਤ ਤੋਂ ਹੀ ਵੇਖਿਆ ਹੈ । ਪ੍ਰਭੂ, ਸਾਡੀ ਮਦਦ ਕਰ । ਅਸੀਂ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ । ਆਮੀਨ ।

ਤੁਸੀਂ ਬੈਠ ਸਕਦੇ ਹੋ ।

3 ਮੈਂ ਅੱਜ ਰਾਤ ਇਥੇ ਹੋਣ ਦੇ ਲਈ ਸੱਚ ਮੁਚ ਧੰਨਵਾਦੀ ਹਾਂ ਅਤੇ ਪਰਮੇਸ਼ੁਰ ਦੀ ਉਸ ਕਿਰਪਾ ਦੇ ਲਈ ਜੋ ਯਿਸੂ ਦੇ ਰਾਹੀਂ ਸਾਨੂੰ ਦਿੱਤੀ ਗਈ ਹੈ ।

4 ਅਤੇ ਫਿਰ ਅੱਜ ਸਵੇਰ ਦੇ ਸੰਦੇਸ਼ ਬਾਰੇ ਹੁਣ ਮੈਂ ਹਰੇਕ ਲਈ ਚਾਹੁੰਦਾ ਹਾਂ ਕਿ ਉਹ ਚੰਗੀ ਤਰਾਂ ਸਮਝੇ । ਹੁਣ, ਮੈਂ ਪਰਮੇਸ਼ੁਰ ਤੇ ਭਰੋਸਾ ਰਖ ਰਿਹਾ ਹਾਂ ਕਿ ਇਹ ਉਹ ਸਮਾਂ ਨਹੀਂ ਹੈ । ਸਮਝੇ? ਪਰ ਇਹ ਸੰਦੇਸ਼ ਸੱਚਾਈ ਹੈ । ਇਹ ਸੰਦੇਸ਼ ਸੱਚਾ ਹੈ । ਹੁਣ ਜੇਕਰ ਇਹ ਉਹ ਸਮਾਂ ਨਹੀਂ ਹੈ ਤਾਂ ਇਹ ਹੋਵੇਗਾ, ਇਹ ਕਦੇ ਹੋਵੇਗਾ । ਅਤੇ ਹੁਣ ਇਹ ਉਸ ਸਮੇਂ ਜਿਹਾ ਹੀ ਲਗਦਾ ਹੈ ਕਿ ਮੈਂ ਪੁਰਾਣੇ ਸਮੇਂ ਦੇ ਪੋਲੂਸ ਵਾਂਗ ਮਹਿਸੂਸ ਕਰਦਾ ਹਾਂ ਜਿਸਨੇ ਕਿਹਾ ਸੀ, "ਕਿਓਂ ਜੋ ਮੈਂ ਤੁਹਾਨੂੰ ਪਰਮੇਸ਼ੁਰ ਦੀ ਸਾਰੀ ਮੱਤ ਦੱਸਣ ਤੋਂ ਨਹੀਂ ਝਕਿਆ", ਸਮਝੇ, ਉਹ ਸਭ ਕੁਝ ਜੋ ਕੀਤਾ ਜਾਣਾ ਹੈ ।

5 ਮੈਂ ਅੱਜ ਸਵੇਰ ਇੱਕ ਕੰਮ ਕੀਤਾ ਅਤੇ ਮੈਨੂੰ ਅਫ਼ਸੋਸ ਹੈ ਕਿ ਮੈਂ ਇਹ ਕਿਹਾ। ਮੈਂ—ਮੈਂ ਇੱਕ ਭਾਈ ਦਾ ਨਾਮ ਲਿਆ ਜੋ ਮੈਂ ਸੋਚਦਾ ਹਾਂ ਕਿ ਗਲਤੀ ਨਾਲ ਲਿਆ ਗਿਆ। ਮੈਨੂੰ ਇੰਝ ਨਹੀਂ ਕਰਨਾ ਚਾਹੀਦਾ ਸੀ। ਮੈਂ ਕਦੇ ਕਿਸੇ ਵਿਅਕਤੀ ਦਾ ਨਾਮ ਨਹੀਂ ਲੈਂਦਾ; ਅਤੇ ਜੇਕਰ ਟੇਪ ਉਸਦੇ ਹੱਥਾਂ ਵਿੱਚ ਜਾਂਦੀ ਹੈ। ਮੈਂ ਉਸ ਨਾਲ ਮੁਲਾਕਾਤ ਕਰਨੀ ਚਾਹਾਂਗਾ ਅਤੇ ਉਸ ਨਾਲ ਗਲ ਕਰਨੀ ਚਾਹਾਂਗਾ ਕਿਓਂਕਿ ਮੈਂ ਸੋਚਦਾ ਹਾਂ ਕਿ ਉਹ ਭਾਈ ਇੱਕ ਮਹਾਨ ਪੁਰਖ ਹੈ, ਉਹ ਇੱਕ ਚੰਗਾ ਵਿਅਕਤੀ ਹੈ ਜਿਸਨੇ ਇਸ ਮੰਚ ਤੇ ਪ੍ਰਚਾਰ ਕੀਤਾ ਸੀ, ਭਾਈ ਡੇਵਿਡ ਡੂਪਲੇਸਿਸ। ਅਤੇ ਮੈਂ ਉਸਦਾ ਨਾਮ ਨਹੀਂ ਲੈਣਾ ਚਾਹੁੰਦਾ ਸੀ। ਮੈਂ ਸੰਦੇਸ਼ ਬਾਰੇ ਚਿੰਤਾ ਵਿੱਚ ਸੀ ਅਤੇ ਸੋਚ ਰਿਹਾ ਸੀ ਕਿ ਕੀ ਇਹ ਉਹੀ ਨਾਮ ਹੈ ਅਤੇ ਮੈਂ ਭਾਈ ਦਾ ਨਾਮ ਬੋਲ ਦਿਤਾ। ਮੈਂ ਇੰਝ ਨਹੀਂ ਕਰਦਾ। ਮੈਨੂੰ ਅਫਸੋਸ ਹੈ ਕਿ ਮੈਂ ਇਹ ਕੀਤਾ। ਮੈਂ ਭਾਈ ਡੇਵਿਡ ਡੂਪਲੇਸਿਸ ਨੂੰ ਪ੍ਰੇਮ ਕਰਦਾ ਹਾਂ। ਉਹ ਸਾਡਾ ਭਰਾ ਹੈ ਅਤੇ ਮੈਂ ਨਹੀਂ ਸੋਚਦਾ ਕਿ ਉਸ ਵਰਗੇ ਹੋਸ਼ਿਆਰ ਮਨੁੱਖ ਨੂੰ ਵਚਨ ਦੀ ਹੋਰ ਸਿਖਿਆ ਦੀ ਲੋੜ੍ਹ ਹੈ।

ਮੈਂ ਤੁਹਾਨੂੰ ਦੱਸਦਾ ਹਾਂ ਕਿ ਇਹ ਕੀ ਹੈ। ਇਹ ਉਹ ਗਲਬਾਤ ਹੈ ਜੋ ਮੈਂ ਅਤੇ ਡੇਵਿਡ ਨੇ ਕੀਤੀ ਸੀ…

6 ਇੱਕ ਵਾਰ ਉਹ ਮੇਰੇ ਲਈ ਸਭਾ ਵਿੱਚ ਬੋਲਿਆ ਸੀ। ਉਸਨੇ ਠੀਕ ਇਸੇ ਪੁਲਪਿਟ ਤੋਂ ਜਾਂ ਪੁਰਾਣੇ ਗਿਰਜੇ ਵਿੱਚ ਇਸੇ ਪੁਲਪਿਟ ਤੋਂ ਪਰਚਾਰ ਕੀਤਾ ਸੀ। ਅਤੇ ਉਸਦਾ ਭਰਾ ਜੁਸਤੁਸ ਦੱਖਣੀ ਅਫਰੀਕਾ ਵਿੱਚ ਮੇਰਾ ਅਨੁਵਾਦਕ ਸੀ, ਜਿਥੋਂ ਮੈਂ ਵਾਪਸ ਆਇਆ ਹਾਂ। ਅਤੇ ਉਹ ਇੱਕ ਚੰਗੇ ਪੈਂਟੀਕਾਸਟਲ ਪਰਿਵਾਰ ਵਿਚੋਂ ਹਨ, ਉਹ ਸੱਚ ਮੁਚ ਇੱਕ ਚੰਗਾ ਵਿਅਕਤੀ ਹੈ। ਮੈਂ ਵਿਸ਼ਵਾਸ ਕਰਦਾ ਹਾਂ ਕਿ ਡੇਵਿਡ ਇੱਕ ਸਮੇਂ ਵਰਲਡ ਪੈਂਟੀਕਾਸਟਲ ਅਸੈਂਬਲੀ ਅਤੇ ਪੈਂਟੀਕਾਸਟਲ ਵਰਲਡ ਕਾਨਫਰੰਸ ਦਾ ਚੇਅਰਮੈਨ ਸੀ। ਉਹ ਉਹਨਾਂ ਵਿਚੋਂ ਇੱਕ ਚੇਅਰਮੈਨ ਸੀ। ਅਤੇ ਬਾਅਦ ਵਿੱਚ ਉਹ ਸੰਯੁਕਤ ਰਾਜ ਵਿੱਚ ਆ ਕੇ ਭਾਈ ਗੋਰਡਨ ਲਿੰਡਸੇ ਨਾਲ ਟੇਕਸਾਸ ਵਿੱਚ ਵੱਸ ਗਿਆ ਅਤੇ ਬੱਸ ਵੱਖ-ਵੱਖ ਥਾਂਵਾਂ ਤੇ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ।

7 ਪਰ ਮੈਂ ਸੋਚਦਾ ਹਾਂ ਕਿ ਇਥੇ ਹੀ ਸਾਡੇ ਬਹੁਮੁਲੇ ਭਰਾ ਨੇ ਗਲਤੀ ਕਰ ਦਿੱਤੀ, ਜੋ ਕਿਸੇ ਤੋਂ ਵੀ ਜਾਂ ਮੇਰੇ ਤੋਂ, ਉਸਨੇ ਉਚਿਆਂ ਉਚਿਆਂ ਨਾਲ ਯਾਰੀ ਪਾਉਣੀ ਸ਼ੁਰੂ ਕਰ ਦਿਤੀ। ਉਹ ਬੱਸ ਪ੍ਰਿੰਸਟਨ ਯੂਨੀਵਰਸਿਟੀ ਅਤੇ ਉਹਨਾਂ ਬਾਰੇ ਗਲਾਂ ਕਰਦਾ ਰਹਿੰਦਾ ਸੀ ਜੋ ਉਸਨੂੰ ਸੱਦਾ ਭੇਜਦੇ ਸਨ, ਉਹ ਇਹ ਸੋਚਦਾ ਸੀ ਕਿ ਜੋ ਉਹ ਕਰ ਰਿਹਾ ਸੀ ਉਹ ਠੀਕ ਸੀ ਅਤੇ ਉਹ ਪਰਾਲੀ ਨੂੰ ਸਿਧਾ ਮਸ਼ੀਨ ਵਿਚ ਲਾ ਰਿਹਾ ਸੀ, ਸਮਝੇ ਅਤੇ ਇਸ ਤਰ੍ਹਾਂ ਅਨੰਦ ਮਨਾ ਰਿਹਾ ਸੀ।

ਸਿਰਫ ਇਹ ਹੀ ਨਹੀਂ ਪਰ ਫੁਲ ਗੋਸਪਲ ਬਿਜਨਸਮੈਨ ਜੋ ਮੇਰੀਆਂ ਸਭਾਵਾਂ ਦਾ ਵੀ ਸਾਰੇ ਸੰਸਾਰ ਵਿਚ ਭਾਰ ਚੁੱਕਦੇ ਹਨ। ਵੇਖਿਆ? ਮੈਂ—ਮੈਂ ਉਹਨਾਂ ਬੰਦਿਆਂ ਨੂੰ ਪ੍ਰੇਮ ਕਰਦਾ ਹਾਂ, ਸਮਝੇ ਪਰ ਮੈਂ ਯਕੀਨਨ ਹੀ ਉਹਨਾਂ ਦੇ ਸਿਧਾਂਤਾਂ ਦੇ ਨਾਲ ਰਾਜੀ ਨਹੀਂ ਹੁੰਦਾ…ਉਹਨਾਂ ਨੇ ਆਪਣੇ ਮੂਲ ਸਿਧਾਂਤਾਂ ਨੂੰ ਛੱਡ ਦਿਤਾ ਹੈ ਜਿਥੋਂ ਉਹਨਾਂ ਨੇ ਸ਼ੁਰੁਆਤ ਕੀਤੀ ਸੀ ਅਤੇ ਹੁਣ ਉਹ ਬੱਸ ਸੰਸਥਾ ਦੇ ਵਾਂਗ ਬਣਦੇ ਜਾ ਰਹੇ ਹਨ। ਵੇਖਿਆ? ਅਤੇ ਇਹ ਕੀ ਹੈ, ਉਹ ਪੈਂਟੀਕਾਸਟਲ ਬਣੇ ਰਹਿਣ ਦੀ ਕੋਸ਼ਿਸ ਨਹੀਂ ਕਰ ਰਹੇ ਪਰ ਉਹ ਪੈਂਟੀਕਾਸਟ ਅਤੇ ਬਾਕੀ ਚੀਜਾਂ ਨੂੰ ਇਕਠੇ ਮਿਲਾਉਣ ਦੀ ਕੋਸ਼ਿਸ ਕਰ ਰਹੇ ਹਨ।

8 ਅਤੇ ਮੈਨੂੰ ਇੰਝ ਲਗਦਾ ਹੈ ਕਿ ਭਾਈ ਡੂਪਲੇਸਿਸ ਜੋ ਕਿ ਇੱਕ ਅਦਭੁਤ ਅਤੇ ਵਧੀਆ ਆਦਮੀ ਹੈ ਉਸ ਨੂੰ ਲਿਖਤਾਂ ਦੀ ਲੋੜੀਂਦੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਜੱਦ ਉਹ ਮੂਰਖ

ਕੁਵਾਰੀ ਨੂੰ ਤੇਲ ਖਰੀਦਣ ਦੀ ਕੋਸ਼ਿਸ ਕਰਦਿਆਂ ਵੇਖਦਾ ਹੈ ਤਾਂ ਇਸਦਾ ਮਤਲਬ ਕਿ ਸਮਾਂ ਖਤਮ ਹੋ ਗਿਆ ਹੈ । ਸਮਝੇ? ਯਾਦ ਕਰੋ, ਜਦੋਂ ਉਹ ਤੇਲ ਮੁੱਲ ਲੈਣ ਆਈਆਂ ਤਾਂ ਉਥੇ ਤੇਲ ਮੁੱਕ ਗਿਆ ਸੀ । ਇਹ ਲਿਖਤ ਹੈ । ਅਤੇ ਉਹਨਾਂ ਕਲੀਸਿਯਾ ਨੂੰ ਆਖਿਆ, "ਸਾਨੂੰ ਆਪਣੇ ਤੇਲ ਵਿਚੋਂ ਦਿਓ", ਪਰ ਉਹਨਾਂ ਨੂੰ ਤੇਲ ਨਹੀਂ ਮਿਲਿਆ । ਉਹ ਭਾਵੇਂ ਉੱਪਰ ਥਲੇ ਕੁੱਦ ਸਕਦੀ ਹੈ, ਪਰਾਈਆਂ ਭਾਸ਼ਾਵਾਂ ਬੋਲ ਸਕਦੀ ਹੈ ਅਤੇ ਹੋਰ ਬਥੇਰਾ ਕੁਝ ਕਰ ਸਕਦੀ ਹੈ ਪਰ ਪਰਮੇਸ਼ੁਰ ਦੇ ਆਪਣੇ ਵਚਨ ਦੇ ਅਨੁਸਾਰ ਉਸਨੂੰ ਇਹ ਨਹੀਂ ਮਿਲਿਆ । ਅਤੇ ਉਹ ਬਾਹਰ ਦੇ ਹਨੇਰੇ ਵਿੱਚ ਸੀ ਅਤੇ ਉਥੇ ਰੋਣਾ ਸੀ, ਵਿਰਲਾਪ ਅਤੇ ਦੰਦਾ ਦਾ ਪੀਹਣਾ ਸੀ, ਇਹ ਉਦੋਂ ਹੁੰਦਾ ਹੈ ਜਦੋਂ ਚੁਣੀ ਹੋਈ ਲਾੜੀ ਅੰਦਰ ਚਲੀ ਜਾਂਦੀ ਹੈ । ਚਾਤਰ ਕੁਵਾਰੀਆਂ ਦੀਆਂ ਮਸ਼ਾਲਾਂ ਵਿੱਚ ਤੇਲ ਸੀ ।

9 ਮੈਂ ਇੱਕ ਹੋਰ ਮੁਨੱਖ ਨੂੰ ਜਾਣਦਾ ਹਾਂ, ਇਹ ਕਿਸੇ ਹੋਰ ਦਿਨ ਇਸ ਤਰਾਂ ਹੋਇਆ ਸੀ । ਇਹ ਕੀ ਹੈ, ਇਹ ਚੰਗੇ ਲੋਕ ਹਨ, ਤੁਸੀਂ ਜਾਣਦੇ ਹੋ ਮੇਰਾ ਕੀ ਮਤਲਬ ਹੈ, ਇਹ ਚੰਗੇ ਲੋਕ, ਲੋਕਾਂ ਉੱਤੇ ਥੋੜੀ ਪਕੜ ਬਣਾ ਲੈਂਦੇ ਹਨ । ਅਤੇ ਪਹਿਲੀ ਗਲ ਜੋ ਤੁਸੀਂ ਜਾਣਦੇ ਹੋ ਕਿ ਉਹ ਮਹਿਸੂਸ ਕਰਦੇ ਹਨ ਕਿ ਪਰਮੇਸ਼ੁਰ ਇਹ ਕਰ ਰਿਹਾ ਹੈ । ਅਤੇ ਬਹੁਤ ਵਾਰ, ਇਹ ਸ਼ਤਾਨ ਹੈ ਜੋ ਇਹ ਕਰ ਰਿਹਾ ਹੁੰਦਾ ਹੈ । ਸਮਝੇ?

10 ਯਿਸੂ ਕੋਲ ਹੇਰੋਦੇਸ ਸਾਹਮਣੇ ਇੱਕ ਮੌਕਾ ਸੀ; ਉਸ ਕੋਲ ਬਹੁਤ ਸਾਰੇ ਲੋਕਾਂ ਸਾਹਮਣੇ ਮੌਕਾ ਸੀ ਅਤੇ ਉਹ ਉਸਨੂੰ ਤਮਾਸ਼ਾ ਵਿਖਾਉਣ ਲਈ ਇਸਤੇਮਾਲ ਕਰਨਾ ਚਾਹੁੰਦੇ ਸਨ । ਸਮਝੇ?

ਇਹੀ ਸਭ ਕੁਝ ਉਹ ਪੈਂਟੀਕਾਸਟ ਨਾਲ ਕਰਨ ਦੀ ਕੌਸ਼ਿਸ ਕਰ ਰਹੇ ਹਨ । ਪੈਂਟੀਕਾਸਟ ਉਹਨਾਂ ਗਲਾਂ ਵਿਚੋਂ ਹੀ ਬਾਹਰ ਆਇਆ ਸੀ ਤਾਂਕਿ ਵਖਰਾ ਬਣੇ ।"ਅਤੇ ਜਿਵੇਂ ਸ਼ੂਰ ਆਪਣੇ ਚਿਕੜ ਵਲ੍ਹ ਤੇ ਕੁਤਾ ਆਪਣੀ ਉਲਟੀ ਵਲ ਨੂੰ ਜਾਂਦਾ ਹੈ," ਅਤੇ ਹੁਣ ਉਹ ਇਸੇ ਤਰਾਂ ਸਰਵਧਰਮ ਕੌਂਸਲ ਵਲ ਜਾ ਰਹੇ ਹਨ । ਸਮਝੇ? ਇਹ ਬਹੁਤ ਖਰਾਬ ਹੈ । ਇਹ ਸ਼ਰਮਨਾਕ ਹੈ ।

11 ਪਰਮੇਸ਼ੁਰ ਮੈਨੂੰ ਨਿਮਾਣਾ ਅਤੇ ਹਲੀਮ ਬਣਾਈ ਰਖਦਾ ਹੈ ਤਾਂਕਿ ਉਹ ਸਚਾਈ ਨੂੰ ਪ੍ਰਗਟ ਕਰ ਸਕੇ । ਸਮਝੇ? ਮੈਂ ਕਦੇ ਵੀ ਇਸ ਤਰਾਂ ਨਹੀਂ ਕਰਨਾ ਚਾਹੁੰਦਾ; ਮੈਂ ਚਮਕੀਲੀ ਰੋਸ਼ਨੀਆਂ ਅਤੇ ਜਗਤ ਦੀ ਤੜਕ ਭੜਕ ਨੂੰ ਨਹੀਂ ਚਾਹੁੰਦਾ । ਮੈਨੂੰ ਪਰਮੇਸੁਰ ਦੇ ਥੋੜ੍ਹੇ ਜਿਹੇ ਲੋਕਾਂ ਨਾਲ ਜਿਹੜੇ ਤੁੱਛ ਜਾਣੇ ਜਾਂਦੇ ਹਨ, ਉਨ੍ਹਾਂ ਦੇ ਨਾਲ ਆਪਣਾ ਮਾਰਗ ਲੈਣ ਦਿਓ । ਮੈਨੂੰ ਵਚਨ ਦੇ ਨਾਲ ਰਹਿਣ ਦਿਓ ।

12 ਹੁਣ ਸਰਵਧਰਮ ਕੌਂਸਲ ਦੀ ਗਲ ਕਰਦੇ ਹਾਂ ਜੋ ਵੈਟੀਕਨ ਨਾਲ ਇੱਕ ਹੋ ਰਹੀ ਹੈ । ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਵਚਨ ਨਾਲ ਇੱਕ ਹੋ ਸਕਦੇ ਹਨ? ਉਹ ਸੰਸਥਾ ਨੂੰ ਇੱਕ ਕਰ ਸਕਦੇ ਹਨ ਪਰ ਵਚਨ ਨਾਲ ਇੱਕ ਨਹੀਂ ਹੋ ਸਕਦੇ । ਸਮਝੇ? ਇਹ ਠੀਕ ਹੈ । ਇਸ ਲਈ ਉਥੇ ਸਮਝੋਤਾ ਕਰਨ ਲਈ ਕੁਝ ਵੀ ਨਹੀਂ ਹੈ । ਸਮਝੇ? ਇੱਕ ਸੰਸਥਾ, ਇਹ ਸਾਰੀਆਂ ਇਕੋ ਜਿਹੀਆਂ ਹਨ, ਇਹਨਾਂ ਦਾ ਸਭ ਕੁਝ ਇਕੋ ਜਿਹਾ ਹੈ; ਇਹ ਬੜੀ ਸਿਧਾਈ ਨਾਲ ਇੱਕ ਕਤਾਰ ਵਿੱਚ ਹਨ, ਮਾਂ ਅਤੇ ਧੀ ਵਾਂਗ । ਪਰ ਜਦ ਇਸ ਵਚਨ ਦੀ ਗਲ ਆਉਂਦੀ ਹੈ ਤਾਂ ਮੈਂ ਮੇਥੋਡਿਸਟਾਂ, ਬੈਪਟਿਸਟਾਂ ਅਤੇ ਪ੍ਰੇਸਬਾਈਟੇਰੀਅਨਾਂ ਦੇ ਉਨਾਂ ਹੀ ਵਿਰੁਧ ਹਾਂ ਜਿਨਾਂ ਮੈ ਕੈਥੋਲਿਕ ਦੇ ਵਿਰੋਧ ਵਿੱਚ ਹਾਂ ਕਿਓਂਕਿ ਇਸ ਵਚਨ ਦੇ ਅਨੁਸਾਰ ਇਹ ਮਾਂ ਅਤੇ ਧੀਆਂ ਹਨ । ਇਹ ਵਚਨ ਹੈ ਜਿਸ ਲਈ ਮੈਂ ਖੜਾ ਹਾਂ, *ਇਹ*, ਇਸਦੇ ਹਰੇਕ ਵਚਨ ਲਈ ਮੈਂ ਖੜਾ ਹਾਂ ।

13 ਹੁਣ, ਇਹ ਬਹੁਮੁਲਾ ਭਾਈ ਅਤੇ ਉਸਦੀ ਪਤਨੀ ਮੇਰੇ ਨੇੜੇ ਦੇ ਮਿੱਤਰ ਹਨ । ਤੁਹਾਡੇ ਵਿਚੋਂ ਬਹੁਤ ਸਾਰਿਆਂ ਨੇ ਉਹ ਮੈਗਜੀਨ ਦੇਖੀ ਹੈ, ਜਿਸ ਵਿੱਚ ਕਿਵੇਂ ਉਹ ਬਹੁਮਲਾ ਅਤੇ ਪਰਮੇਸ਼ੁਰ ਵਲੋਂ ਭੇਜਿਆ ਹੋਇਆ ਭਾਈ ਆਪਣੀ ਪਤਨੀ ਨੂੰ...ਕਿਸੇ ਨੇ ਉਸਨੂੰ ਦੱਸਿਆਂ ਕਿ ਤੂੰ ਜੈਕਉਲੀਨ ਕੇਂਨੇਡੀ ਵਰਗੀ ਲਗਦੀ ਹੈਂ ਅਤੇ ਉਸਨੇ ਉਸ ਵਰਗੇ ਵਾਲ ਕਟਵਾ ਲਏ । ਇਹ ਕੀ ਹੈ? ਉਹ ਹਰ ਵੇਲੇ ਉਸ ਤਰਾਂ ਦੇ ਲੋਕਾਂ ਨਾਲ ਜੁੜੀ ਰਹਿੰਦੀ ਹੈ ਅਤੇ ਅੰਤ ਵਿਚ...

ਜੇਕਰ ਇੱਕ ਚੰਗਾ ਆਦਮੀ ਬੁਰੀ ਔਰਤ ਨਾਲ ਵਿਆਹ ਕਰਦਾ ਹੈ ਤਾਂ ਫਿਰ ਜਾਂ ਉਹ ਔਰਤ ਇੱਕ ਚੰਗੀ ਔਰਤ ਬਣ ਜਾਵੇਗੀ ਜਾਂ...ਉਹ ਆਦਮੀ ਇੱਕ ਬੁਰਾ ਆਦਮੀ ਬਣ ਜਾਵੇਗਾ । ਮੈਨੂੰ ਆਪਣੀ ਸੰਗਤੀ ਵਿਖਾਓ ਮੈਂ ਤੁਹਾਨੂੰ ਦਸਾਂਗਾ ਕਿ ਤੁਸੀਂ ਕੌਣ ਹੋ । ਸਮਝੇ? ਇਕ ਤਰਾਂ ਦੇ ਲੋਕ ਇੱਕਠੇ ਹੀ ਰਹਿੰਦੇ ਹਨ ਜਿਵੇਂ ਇੱਕੋ ਤਰ੍ਹਾਂ ਦੇ ਪੰਛੀ ਇੱਕਠੇ ਉਡਦੇ ਹਨ. ਚਮਕੀਲੀਆਂ ਚੀਜਾਂ ਤੋਂ ਦੂਰ ਰਹੋ!

14 ਹੋਰ ਕਿਸੇ ਦਿਨ ਮੈਂ ਅਰੀਜੋਨਾ ਅਤੇ ਮੈਕਸੀਕੋ ਦੀ ਕਤਾਰ ਵਿੱਚ ਇੱਕ ਪਹਾੜੀ ਦੀ ਸੁਰੰਗ ਵਿੱਚ ਗਿਆ । ਮੈਂ ਅਤੇ ਭਾਈ ਸੋਥਮੈਨ ਜੋ ਇਥੇ ਬੈਠੇ ਹਨ ਇੱਕਠੇ ਉਥੇ ਗਏ ਸੀ । ਅਤੇ ਮੈਂ ਉਸ ਸੁਰੰਗ ਵਿੱਚ ਗਿਆ ਅਤੇ ਕੀ ਖੋਦਿਆ...ਇਹ ਠੀਕ ਸੋਨੇ ਦੇ ਵਾਂਗ ਦਿਖਦਾ ਸੀ । ਪਰ ਇੱਕ ਹੀ ਤਰੀਕਾ ਹੈ ਜਿਸ ਨਾਲ ਤੁਸੀਂ ਕਹਿ ਸਕਦੇ ਹੋ ਕਿ ਇਹ ਸੋਨਾ ਨਹੀਂ ਹੈ ਉਹ ਇਹ ਹੈ ਕਿ ਇਹ ਸੋਨੇ ਨਾਲੋਂ ਵਧੇਰੇ ਚਮਕਦਾ ਹੈ । ਇਹ ਚਮਕਦਾ ਹੈ । ਅਤੇ ਸੋਨਾ ਚਮਕਦਾ ਨਹੀਂ ਪਰ ਨੂਰ ਦਿੰਦਾ ਹੈ । ਸਮਝੇ? ਅਤੇ ਇਸ ਨੂੰ ਕੀ ਕਹਿੰਦੇ ਹਨ, ਇਸ ਨੂੰ "ਮੂਰਖ ਦਾ ਸੋਨਾ"(fool's gold) ਕਹਿੰਦੇ ਹਨ । ਇਸ ਦਾ ਮੁੱਲ ਉਸ ਪੱਥਰ ਜਿਨਾ ਵੀ ਨਹੀਂ ਹੈ ਜਿਸ ਵਿੱਚ ਹੈ ਪਾਇਆ ਜਾਂਦਾ ਹੈ । ਇਸਨੂੰ ਆਇਰਨ ਪਾਇਰਾਇਟ (iron pyrite) ਕਿਹਾ ਜਾਂਦਾ ਹੈ । ਮੇਰਾ ਵਿਚਾਰ ਹੈ ਕਿ...ਸਾਇੰਸਦਾਨ ਦਾਅਵਾ ਕਰਦੇ ਹਨ ਕਿ ਇਹ ਪਾਣੀ ਅਤੇ ਚੋਂਦਾ ਹੋਇਆ ਤੇਜਾਬ ਅਤੇ ਹੋਰ ਚੀਜਾਂ ਹਨ ਜਿਨਾਂ ਨੂੰ ਕਦੇ ਵੀ ਉਨਾਂ ਦਬਾਅ ਨਹੀਂ ਮਿਲਿਆ ਕਿ ਉਸ ਨੂੰ ਸਖਤ ਕਰ ਸਕੇ ਅਤੇ ਉਸ ਨੂੰ ਉਸ ਜਗਾ ਤੇ ਲਿਆ ਸਕੇ ਜਿਥੇ ਉਸ ਨੂੰ ਸੋਨਾ ਬਣਾ ਸਕੇ । ਇਸ ਲਈ ਇਹ ਜਿਆਦਾ ਚਮਕਦਾ ਹੈ ਪਰ ਇਸ ਵਿੱਚ ਉਹ ਰਸਾਇਣ ਨਹੀਂ ਹੈ ।

ਅਤੇ ਬੱਸ ਇਸੇ ਤਰਾਂ ਹੀ ਢੋਂਗੀ ਵਿਸ਼ਵਾਸ ਵਾਲੀ ਮਸੀਹਤ ਹੈ, ਸਮਝੇ, ਇਹ ਹਾਲੀਵੁੱਡ ਦੇ ਵਾਂਗ ਚਮਕੇਗੀ । ਪਰ ਕਲੀਸਿਯਾ ਇੰਜੀਲ ਦੇ ਨਾਲ ਜਲਾਲ ਦੇ ਨਾਲ ਨੂਰ ਦਿੰਦੀ ਹੈ ।

15 ਹੁਣੇ ਹੀ ਕਿਸੇ ਭੈਣ ਨੇ, ਬਿੱਲੀ ਨੇ ਮੈਨੂੰ ਹੁਣੇ ਵਿਖਾਇਆ, ਉਸ ਨੇ ਜਾ ਕੇ *ਲਾਇਫ਼* (*Life*) ਮੈਗਜੀਨ ਨੂੰ ਲਿਆ ਜਿਸ ਵਿਚੋਂ ਉਸ ਨੇ ਸੱਤ ਦੂਤਾਂ ਦੁਆਰਾ ਵਿਸਫੋਟ ਵਾਲੀ ਤਸਵੀਰ ਨੂੰ ਲਿਆ ਅਤੇ ਮੈਨੂੰ ਭੇਜਿਆ । ਇਹ ਉਹ ਤਸਵੀਰ ਹੈ । ਅਤੇ ਜੇਕਰ ਤੁਸੀਂ ਇਥੇ ਧਿਆਨ ਦਿਓ, ਜਦ ਵਾਪਸ ਉਪਰ ਜਾ ਰਿਹਾ ਸੀ, ਜੱਦ ਦੂਤ ਆਪਣਾ ਸੰਦੇਸ਼ ਲੈ ਕੇ ਆਏ ਸਨ, ਉਹ ਇੱਕ ਪਿਰਾਮਿਡ ਦੇ ਸਰੂਪ ਵਿੱਚ ਸਨ; ਬੱਸ ਉਸੇ ਤਰਾਂ ਜਿਵੇਂ ਮੈਂ ਇਸ ਦੇ ਹੋਣ ਤੋਂ ਤਿੰਨ ਮਹੀਨੇ ਪਹਿਲਾਂ ਤੁਹਾਨੂੰ ਦੱਸਿਆਂ ਸੀ ਕਿ ਇਹ ਇਸ ਤਰਾਂ ਹੋਵੇਗਾ । ਕੀ ਇਹ ਠੀਕ ਹੈ? [ਸਭਾ ਆਖਦੀ ਹੈ, "ਆਮੀਨ"—ਸੰਪਾਦਕ]

ਅਤੇ ਉਹ ਮਹਿਮਾਮਈ ਦੂਤ ਜਿਸਦੇ ਖੰਭ ਪਿਛਲੇ ਪਾਸੇ ਸਨ, ਤੁਹਾਨੂੰ ਯਾਦ ਹੈ? ਅਤੇ ਕਿਹਾ, "ਉਸਦਾ ਸਿਰ...ਇਸ ਰਫਤਾਰ ਨਾਲ ਆ ਰਿਹਾ ਸੀ" । ਕੀ ਤੁਸੀਂ *ਉਥੇ* ਉਸਦੇ ਖੰਭ ਵੀ ਨਹੀਂ ਵੇਖ ਰਹੇ? ਅਤੇ *ਉਥੇ* ਦੂਤ ਹੈ, ਬੱਸ ਉਸੇ ਤਰਾਂ ਜਿਵੇਂ ਇਹ ਕਿਹਾ ਗਿਆ ਸੀ ।

16 ਹੁਣ, ਸਿਰਫ ਪਰਮੇਸ਼ੁਰ ਹੀ ਇਹ ਕਰ ਸਕਦਾ ਹੈ । ਉਹਨਾਂ ਕੋਲ ਇਥੇ ਉਸ ਔਰਤ ਦੀ ਵੀ ਇੱਕ ਤਸਵੀਰ ਹੈ ਜਿਸਨੇ ਕਿਹਾ ਸੀ…ਬਹੁਤ ਵਾਰ ਲੋਕ ਆਖਦੇ ਹਨ…

17 ਜਦੋਂ ਭੇਤ ਪ੍ਰਗਟ ਹੁੰਦੇ ਹਨ ਜਿਵੇਂ, “ਇਸ ਵਿਅਕਤੀ ਉੱਤੇ ਮੌਤ ਦਾ ਸਾਇਆ ਹੈ, ਕਾਲਾ ਸਾਇਆ” ।

18 ਅਤੇ ਲੋਕ ਆਖਦੇ ਹਨ, “ਖੈਰ, ਉਹ ਬੱਸ ਇੰਝ ਹੀ ਕਹਿ ਦਿੰਦਾ ਹੈ” । ਸਮਝੇ, ਇਹ ਉਹ ਲੋਕ ਹਨ ਜੋ ਇਹ ਨਹੀਂ ਵੇਖ ਸਕਦੇ । ਉਹ ਲੋਕ ਤੁਹਾਡੇ ਨਾਲ ਚਿਲਾ ਸਕਦੇ ਹਨ, ਉਹ ਤੁਹਾਡੇ ਨਾਲ ਗਲਬਾਤ ਕਰ ਸਕਦੇ ਹਨ ਪਰ ਜੱਦ ਪੂਰੇ ਪ੍ਰਾਣ ਅਤੇ ਸਰੀਰ ਨਾਲ ਅਸਲ ਵਿੱਚ ਸਭ ਕੁਝ ਵਿਸ਼ਵਾਸ ਕਰਨ ਦੀ ਗਲ ਆਉਂਦੀ ਹੈ ਤਾਂ ਉਹ ਇਹ ਨਹੀਂ ਕਰ ਸਕਦੇ ।

ਪਰ ਤੁਸੀਂ ਵੇਖਦੇ ਹੋ, ਜੇਕਰ ਪਰਮੇਸ਼ੁਰ ਇਸ ਵਿੱਚ ਹੈ ਅਤੇ ਸੱਚਾਈ ਦਸ ਰਿਹਾ ਹੈ ਤਾਂ ਇਹ ਇਤਿਹਾਸ ਦੇ ਅੰਤ ਦਾ ਸਮਾਂ ਹੈ । ਇਹ ਸੰਸਾਰ ਦੇ ਇਤਿਹਾਸ ਦਾ ਅੰਤ ਸਮਾਂ ਹੈ । ਸਮਾਪਤੀ ਹੋ ਰਹੀ ਹੈ । ਕਿਸੇ ਦਿਨ ਹੋਰ ਸਮਾਂ ਨਹੀਂ ਰਹੇਗਾ । ਪਰਮੇਸ਼ੁਰ ਆਤਮਿਕ ਅਤੇ ਵਿਗਿਆਨਕ ਤੌਰ ਤੇ ਸਭ ਕੁਝ ਪ੍ਰਮਾਣਿਤ ਕਰ ਰਿਹਾ ਹੈ ।

19 ਜਦੋਂ ਮੈਂ ਇੱਕ ਛੋਟਾ ਮੁੰਡਾ ਸੀ ਤਾਂ ਮੈਂ ਕਹਿੰਦਾ ਸੀ, “ਇੱਕ ਰੋਸ਼ਨੀ ਦਾ ਖੰਬਾ ਇੱਕ ਤਾਰੇ ਜਿਹਾ ਦਿੱਸਦਾ ਹੈ” ।

20 ਕਿੰਨਿਆ ਨੂੰ ਇਹ ਯਾਦ ਹੈ ਕਿ ਪੁਰਾਣੇ ਸਮਿਆਂ ਵਿੱਚ ਉਹ ਇਸ ਨੂੰ “ਤਾਰਾ” ਆਖਦੇ ਹੁੰਦੇ ਸਨ? ਜਦੋਂ ਉਹ ਇਥੇ ਨਦੀ ਦੇ ਕੋਲ ਦਿੱਸਿਆ ਅਤੇ ਕਿਹਾ, “ਜਿਵੇਂ ਯੂਹੰਨਾ ਬਪਤਿਸਮਾ ਦੇਣ ਵਾਲਾ…”

21 ਹੁਣ, ਆਖਰ ਵਿੱਚ ਉਹ ਹੇਠਾਂ ਆ ਗਿਆ ਅਤੇ ਉਸਦੀ ਤਸਵੀਰ ਲੈ ਲਈ ਗਈ । ਸਾਡੇ ਕੋਲ ਇਹ ਇਥੇ ਕਿਸੇ ਜਗਾ ਤੇ ਲਗੀ ਹੁੰਦੀ ਸੀ । ਹਾਂ, ਉਹ ਕਹਿ ਰਹੇ ਹਨ ਕਿ ਉਹ ਉਸ ਕੋਨੇ ਵਿੱਚ ਹੈ; ਮੈਂ ਇਸ ਨੂੰ ਨਹੀਂ ਵੇਖ ਪਾ ਰਿਹਾ । ਪਰਮੇਸ਼ੁਰ ਨੇ ਵਿਗਿਆਨਕ ਤੌਰ ਤੇ ਇਹ ਸਾਬਤ ਕਰ ਦਿੱਤਾ ਕਿ ਇਹ ਸੱਚ ਹੈ ।

22 ਅਤੇ ਹੁਣ ਮੇਰਾ ਇਹ ਕਹਿਣਾ ਕਿ ਲੋਕਾਂ ਉੱਤੇ “ਸਾਇਆ” ਸੀ । ਹੁਣ ਇਥੇ ਇੱਕ ਔਰਤ ਦੀ ਤਸਵੀਰ ਸੀ । ਇਹ ਇਥੇ ਹੈ, ਇਹ ਠੀਕ ਆਮ ਤਸਵੀਰਾਂ ਦੀ ਤਰਾਂ ਹੈ ਜਿਵੇਂ ਇਹ ਤਸਵੀਰ ਇੱਕ ਮਸ਼ੀਨ ਦੁਆਰਾ ਲਈ ਗਈ ਹੈ । ਮੈਂ ਆਖਿਆ…ਇੱਕ ਵਿਅਕਤੀ ਇਸ ਬਾਰੇ ਸੋਚ ਕੇ ਹੈਰਾਨ ਹੋ ਰਿਹਾ ਸੀ । ਅਤੇ ਮੈਂ ਉਸ ਔਰਤ ਨੂੰ ਆਖਿਆ, “ਤੇਰੇ ਉੱਤੇ ਕੈਂਸਰ ਦੇ ਰੂਪ ਵਿੱਚ ਮੌਤ ਦਾ ਸਾਇਆ ਹੈ । ਉਥੇ ਇੱਕ ਕਾਲਾ ਸਾਇਆ ਹੈ” । ਉਹ ਔਰਤ ਮੁੜੀ ਅਤੇ ਇੱਕ ਤਸਵੀਰ ਲੈ ਲਈ । ਜਿਥੋਂ ਤੱਕ ਮੈ ਜਾਣਦਾ ਹਾਂ ਉਹ ਔਰਤ ਗਵਾਹੀ ਦੇਣ ਲਈ ਇਥੇ ਹੈ ਅਤੇ ਜਾਂ ਫਿਰ ਅੱਜ ਰਾਤ ਨੂੰ ਇਥੇ ਹੋਵੇਗੀ । ਸਮਝੇ?

ਹੁਣ, *ਇਥੇ* ਉਸ ਤਸਵੀਰ ਵਿਚ ਉਸ ਔਰਤ ਦੇ ਨਾਲ ਇੱਕ ਕਾਲੀ ਟੋਪੀ ਵਾਲੀ ਔਰਤ ਦਾ ਸਾਇਆ ਹੈ । ਇਹ ਠੀਕ ਹੈ, ਹੁਣ ਇਹ ਵਿਗਿਆਨਕ ਪ੍ਰਮਾਣ ਹੈ ਕਿ ਇਹ ਸੱਚ ਹੈ । ਅਤੇ ਜਦੋਂ ਉਸ ਔਰਤ ਦੇ “ਚੰਗੀ” ਹੋਣ ਬਾਰੇ ਬੋਲਿਆ ਗਿਆ ਤਾਂ ਉਹਨਾਂ ਇੱਕ ਤਸਵੀਰ ਲਈ ਅਤੇ ਉਹ ਸਾਇਆ ਉਥੇ ਨਹੀਂ ਸੀ । ਫਿਰ ਲੈਂਸ ਨੂੰ ਕੀ ਹੋਇਆ? ਅਤੇ ਜਦੋਂ ਇਹ ਬੋਲਿਆ ਗਿਆ ਕਿ ਉਹ ਠੀਕ ਹੋ ਗਈ ਹੈ ਤਾਂ ਉਥੋਂ ਕੀ ਚਲਾ ਗਿਆ ਜੋ ਲੈਂਸ ਵਿਚ ਉਹ ਕਾਲਾ ਸਾਇਆ ਨਹੀਂ ਆਇਆ? ਸਮਝੇ?

ਹੁਣ ਇਥੇ ਖੜੇ ਕੇ ਮੈ ਤੁਹਾਨੂੰ ਕਿਹਾ ਸੀ ਕਿ ਦੂਤ ਆ ਰਿਹਾ ਹੈ ।

23 ਭਾਈ ਫਰੇਡ...ਮੈਂ ਭਾਈ ਫਰੇਡ ਨੂੰ ਕੁਝ ਦੇਰ ਪਹਿਲਾਂ ਵੇਖਿਆ ਸੀ । ਮੈਂ ਸੋਚ ਰਿਹਾ ਸੀ ਕਿ ਉਹ ਠੀਕ ਇਸ ਜਗਾ ਤੇ ਹੈ ਪਰ ਮੈਂ ਉਸਨੂੰ ਨਹੀਂ ਵੇਖਿਆ । ਔਹ, ਉਹ ਪਿਛੇ ਹਨ, ਇਹ ਠੀਕ ਹੈ । ਜਿਥੇ ਮੈਂ ਸੀ ਉਸ ਜਗਾ ਤੋਂ ਉਹ ਦੋ ਜਾਂ ਡੇਢ ਮੀਲ ਦੀ ਦੂਰੀ ਤੇ ਖੜ੍ਹਾ ਸੀ, ਜਦੋਂ ਇਹ ਹੋਇਆ ਤੱਦ ਉਸਨੇ ਉਸ ਧਮਾਕੇ ਨੂੰ ਸੁਣਿਆ, ਗਰਜਣ ਨੂੰ ਮਹਿਸੂਸ ਕੀਤਾ ਅਤੇ ਸਭ ਕੁਝ ਵੇਖਿਆ । ਭਾਈ ਫਰੇਡ ਕੀ ਇਹ ਠੀਕ ਹੈ?

ਉਥੇ ਦੂਤ ਸਨ ਜਿਨਾਂ ਨੇ ਉਹਨਾਂ ਦੇ ਸੰਦੇਸ਼ ਨੂੰ ਭੇਜਿਆ ਅਤੇ ਇਥੇ ਵੀ ਇਹ ਇੱਕ ਪਿਰਾਮਿਡ ਦੇ ਸ਼ਕਲ ਵਿਚ ਹੈ ਜਿਵੇਂ ਮੈਂ ਤੁਹਾਨੂੰ ਵਿਖਾਇਆ ਸੀ ਕਿ ਇਹ ਹੋਵੇਗਾ, ਮੈਂ ਤੁਹਾਨੂੰ ਜਾਣ ਤੋਂ ਪਹਿਲਾਂ ਦੱਸਿਆ ਸੀ ਕਿ ਉਹ ਕਿਵੇਂ ਖੜ੍ਹੇ ਹੋਣਗੇ ।

ਪੂਰੇ ਦੇਸ਼ ਵਿਚ ਇਸ ਦੀ ਠੀਕ ਮੈਕਸਿਕੋ ਦੇ ਅੰਦਰ ਤਸਵੀਰ ਦੇ ਪਿਛੋਂ ਤਸਵੀਰ ਲਈ ਗਈ, ਇਹ ਮੈਕਸਿਕੋ ਦੇ ਉਪਰ ਤੀਹ ਮੀਲ ਉੱਚਾਈ ਤੇ ਸੀ ਅਤੇ ਸਤਾਈ ਮੀਲ ਤੱਕ ਫੈਲਿਆ ਹੋਇਆ ਸੀ । ਅਤੇ ਇਹ ਇੰਨਾ ਉਚਾਈ ਤੇ ਸੀ ਕਿ ਉਥੇ ਨਮੀ ਜਾਂ ਕੋਈ ਹੋਰ ਚੀਜ...ਅੱਠ ਜਾਂ ਨੌਂ ਮੀਲ ਦੀ ਉੱਚਾਈ ਦੇ ਉਪਰ ਨਹੀਂ ਜਾ ਸਕਦੀ, ਫਿਰ ਉਹ ਦੂਤ ਉਸ ਜਗ੍ਹਾ ਤੇ ਸਨ ਜਿਥੇ ਨਮੀਂ ਨੂੰ ਬਣਾਉਣ ਵਾਲੀ ਕੋਈ ਚੀਜ ਨਹੀਂ ਸੀ । ਸਮਝੇ? ਅਤੇ ਮੈਂ ਸੋਚਦਾ ਹਾਂ ਕਿ ਜਾਂ ਤੇ ਇਹ ਸਤਾਈ ਮੀਲ ਉੱਚਾ ਅਤੇ ਤੀਹ ਮੀਲ ਚੋੜਾ ਸੀ ਜਾਂ ਫਿਰ ਇਹ ਤੀਹ ਮੀਲ ਉੱਚਾ ਅਤੇ ਸਤਾਈ ਮੀਲ ਚੋੜਾ ਸੀ, ਕਿਸੇ ਵੀ ਇੱਕ ਤਰਾਂ ਇਹ ਸੀ । *ਲਾਈਫ* ਜਾਂ *ਲੂਕ* ਮੈਗਜੀਨ ਨੇ ਇਸ ਨੂੰ ਛਾਪਿਆ । ਇਹ ਕਿਹੜੀ ਸੀ ਲੂਕ ਜਾਂ ਲਾਈਫ? *ਲਾਈਫ*, ਇਹ ਲਾਈਫ ਮੈਗਜੀਨ ਸੀ । ਮੈਂ ਸੋਚਦਾ ਹਾਂ ਕਿ ਇਹ 17 ਮਈ ਵਾਲਾ ਅੰਕ ਸੀ । ਇਹ ਹੀ ਗਲ ਹੈ ।

24 ਹੁਣ ਇਹ ਇੱਕ ਸਬੂਤ ਹੈ ਕਿ ਵਿਗਿਆਨਕ ਤੋਰ ਤੇ ਇਹ ਸੱਚ ਹੈ । ਇਸ ਲਈ ਅਸੀਂ ਇਹ ਚਿੰਤਾ ਨਹੀਂ ਕਰਦੇ ਕਿ ਇਹ ਸੱਚ ਹੈ, ਵਿਗਿਆਨਕ ਅਤੇ ਆਤਮਿਕ, ਦੋਹਾਂ ਤਰੀਕਿਆਂ ਨਾਲ ਇਹ ਸਾਬਤ ਹੋ ਗਿਆ ਹੈ ਕਿ ਜੋ ਕਿਹਾ ਗਿਆ ਸੀ ਉਹ ਹੋ ਗਿਆ ਹੈ । ਇਸ ਲਈ ਸੱਤ ਮੋਹਰਾਂ ਜੋ ਬੰਦ ਹਨ ਉਸਦੇ ਵਿੱਚ ਹੀ ਬਾਈਬਲ ਦਾ ਸਾਰਾ ਸੰਦੇਸ਼ ਹੈ । ਸੱਤ ਮੋਹਰਾਂ ਨਵੇਂ ਨੇਮ ਨੂੰ ਮੋਹਰ ਬੰਦ ਕਰਦੀਆਂ ਹਨ । ਇਹ ਸੱਚ ਹੈ । ਅਸੀਂ ਭਵਿਖਵਾਣੀਆਂ, ਵਚਨ ਅਤੇ ਵਿਗਿਆਨਕ ਤੌਰ ਤੇ ਜਾਣਦੇ ਹਾਂ ਕਿ ਇਹ ਸੱਚ ਹੈ । ਇਸ ਦੇ ਬਾਰੇ ਤਿੰਨ ਗਵਾਹੀਆਂ ਹਨ ਕਿ ਇਹ ਸੱਚ ਹੈ ।

25 ਇਸ ਲਈ ਅਸੀਂ ਜਾਣਦੇ ਹਾਂ ਕਿ ਅਸੀਂ ਅੰਤ ਦੇ ਸਮੇਂ ਤੇ ਹਾਂ । ਅਸੀਂ ਇਥੇ ਹਾਂ । ਮੈਂ ਨਹੀਂ ਜਾਣਦਾ ਕਿੰਨਾ ਕੁ ਦੂਰ, ਮੈਂ-ਮੈਂ...ਉਹ ਕਦੇ ਵੀ ਸਾਨੂੰ ਇਹ ਨਹੀਂ ਦੱਸੇਗਾ । ਕਿਉਂਕਿ ਉਸਦਾ ਆਉਣਾ "ਜਿਵੇਂ ਇੱਕ ਚੋਰ ਰਾਤ ਨੂੰ ਆਉਂਦਾ ਹੈ" ਦੇ ਵਾਂਗ ਹੋਵੇਗਾ । ਮੇਰੇ ਦੋਸਤ, ਮੇਰੇ ਭਰਾ, ਭੈਣ, ਬੱਸ ਤਿਆਰ ਰਹੋ । ਬੱਸ ਆਪਣੇ ਆਪ ਨੂੰ ਪਵਿੱਤਰ ਕਰੀਏ । ਸਮਝੇ? ਕਿਉਂਕਿ ਸੰਸਾਰ ਇਸੇ ਤਰਾਂ ਹੀ ਚਲਦਾ ਰਹੇਗਾ । ਉਹਨਾਂ ਨੂੰ ਕਦੇ ਪਤਾ ਵੀ ਨਹੀਂ ਲਗੇਗਾ ਕਿ ਇਹ ਹੋ ਗਿਆ ਹੈ । ਜਦੋਂ ਦਯਾ ਦਾ ਦਰਵਾਜਾ ਬੰਦ ਹੋ ਜਾਵੇਗਾ, ਪਰਚਾਰਕ ਅਜੇ ਵੀ ਮੁਕਤੀ ਦਾ ਪਰਚਾਰ ਕਰਦੇ ਹੋਣਗੇ, ਲੋਕਾਂ ਤੋਂ ਤੋਬਾ ਕਰਵਾ ਰਹੇ ਹੋਣਗੇ, ਬੱਸ ਉਸੇ ਤਰਾਂ ਕਰਦੇ ਰਹਿਣਗੇ ਜਿਸ ਤਰਾਂ ਹਮੇਸ਼ਾ ਹੁੰਦਾ ਆਇਆ ਹੈ । ਦੂਸਰੇ ਯੁਗਾਂ ਵਿੱਚ ਵੀ ਇਸ ਤਰਾਂ ਹੋਇਆ ਸੀ ਅਤੇ...ਇਸ ਯੁਗ ਵਿਚ ਵੀ ਇਸੇ ਤਰਾਂ ਹੋਵੇਗਾ ।

ਅਤੇ ਉਠਾਇਆ ਜਾਣਾ ਇਨਾਂ ਅਚਾਨਕ ਅਤੇ ਜਲਦ ਹੋਵੇਗਾ ਕਿ ਸੰਸਾਰ ਉਹਨਾਂ ਨੂੰ ਚੇਤੇ ਵੀ ਨਹੀਂ ਕਰੇਗਾ ਕਿ ਉਹ ਜਾ ਚੁਕੇ ਹਨ । ਇਹ ਠੀਕ ਹੈ । ਉਹਨਾਂ ਨੂੰ ਇਸ ਬਾਰੇ ਜਰਾ ਵੀ

ਪਤਾ ਨਹੀਂ ਲਗੇਗਾ । ਉਹ ਆਵੇਗਾ ਅਤੇ ਉਸਦੀ ਲਾੜੀ ਨੂੰ ਲੈ ਜਾਵੇਗਾ । ਉਹ ਜਾ ਚੁਕੇ ਹੋਣਗੇ ਅਤੇ ਉਹਨਾਂ ਨੂੰ ਇਸ ਬਾਰੇ ਕੁਝ ਵੀ ਪਤਾ ਨਹੀਂ ਲਗੇਗਾ ।

ਇਸ ਲਈ ਪ੍ਰਾਰਥਨਾ ਵਿੱਚ ਰਹੋ । ਮੇਰੇ ਲਈ ਪ੍ਰਾਰਥਨਾ ਕਰਨਾ । ਅਸੀਂ ਨਹੀਂ ਜਾਣਦੇ ਕਿ ਉਹ ਘੜੀ ਕਦ ਆਵੇਗੀ ਪਰ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਇਹ ਜਲਦ ਆਵੇਗੀ । ਚਮਕੀਲੀਆਂ ਚੀਜਾਂ ਤੋਂ ਦੂਰ ਰਹੋ । ਇੰਜੀਲ ਨਾਲ ਰਹੋ, ਸਮਝੇ, ਬੱਸ ਹੁਣ ਇਥੇ ਹੀ ਰਹੋ ਅਤੇ ਪ੍ਰਾਰਥਨਾ ਕਰੋ ।

26 ਹੁਣ, ਬਿੱਲੀ ਨੇ ਮੈਨੂੰ ਇੱਕ ਰੁੱਕਾ ਭੇਜਿਆ ਹੈ ਅਤੇ ਕਿਹਾ ਹੈ ਕਿ ਕੋਈ ਆਪਣੇ ਬੱਚੇ ਨੂੰ ਸਮਰਪਿਤ ਕਰਨਾ ਚਾਹੁੰਦਾ ਹੈ । ਜੇਕਰ ਇਹ ਠੀਕ ਹੈ (ਕੀ ਇਹ ਹੈ) ਆਪਣਾ ਹੱਥ ਖੜਾ ਕਰੋ, ਜੇਕਰ ਕੋਈ…ਹਾਂ, ਦੋ ਬੱਚੇ ਹਨ । ਸਭ ਠੀਕ ਹੈ, ਉਹਨਾਂ ਨੂੰ ਇਥੇ ਲੈ ਆਓ । ਅਤੇ ਭਾਈ ਨੇਵਿਲ…ਉਹ ਭੈਣ ਜੋ ਪਿਆਨੋ ਵਜਾਉਂਦੀ ਹੈ ਕੀ ਉਹ ਬੱਚਿਆਂ ਦੇ ਸਮਰਪਣ ਦੇ ਲਈ ਇਥੇ ਆਵੇਗੀ । ਅਸੀਂ ਕੁਝ ਵੀ ਭੁਲਣਾ ਨਹੀਂ ਚਾਹੁੰਦੇ ।

27 ਹੁਣ, ਯਾਦ ਰਖਣਾ ਕਿ ਕੱਲ੍ਹ ਰਾਤ ਇਸ ਸਮੇਂ ਜੇਕਰ ਪਰਮੇਸ਼ੁਰ ਦੀ ਇਛਾ ਹੋਈ ਤਾਂ ਮੈਂ ਨਿਊ ਯਾਰਕ ਸ਼ਹਿਰ ਵਿਚ ਹੋਵਾਂਗਾ । ਅਤੇ ਅਸੀਂ ਉਸ ਯੁੱਧਭੂਮੀ ਉੱਤੇ "ਵਿਸ਼ਵਾਸ ਦੀ ਚੰਗੀ ਲੜਾਈ" ਲੜਣ ਲਈ ਜਾ ਰਹੇ ਹਾਂ ।

28 ਇਸ ਲਈ ਜੇਕਰ ਤੁਸੀਂ ਇਥੇ ਆਵੋਗੇ । ਠੀਕ ਇਥੇ ਸਾਹਮਣੇ ਅਤੇ ਮੈਂ ਉਹਨਾਂ ਨੂੰ ਚੁੱਕ ਲਵਾਂਗਾ । ਜੀ ਹਾਂ ਸ੍ਰੀਮਤੀ । ਤੁਹਾਡਾ ਧੰਨਵਾਦ । ਅਤੇ ਹੁਣ ਅਸੀਂ…

29 ਕਿੰਨੇ ਲੋਕ ਮੇਰੇ ਲਈ ਪ੍ਰਾਰਥਨਾ ਕਰਨਗੇ? [ਸਭਾ ਆਖਦੀ ਹੈ, "ਆਮੀਨ"—ਸੰਪਾਦਕ] ਹੁਣ ਜੇਕਰ ਪਰਮੇਸ਼ੁਰ ਦੀ ਇੱਛਾ ਹੈ, ਮੈਨੂੰ ਉਮੀਦ ਹੈ ਕਿ ਇਹ ਪਰਮੇਸ਼ੁਰ ਦੀ ਇੱਛਾ ਹੈ, ਐਤਵਾਰ, ਇੱਕ ਹਫਤੇ…ਭਾਈ ਨੇਵਿਲ ਜੇਕਰ ਇਹ ਠੀਕ ਰਹੇਗਾ । [ਭਾਈ ਨੇਵਿਲ ਆਖਦੇ ਹਨ, "ਇਹ ਵਧੀਆ ਰਹੇਗਾ"] ਇੱਕ ਹਫਤੇ ਬਾਅਦ ਐਤਵਾਰ ਨੂੰ ਮੈਂ ਮੁੜ੍ਹ ਆਵਾਂਗਾ ਅਤੇ ਲੁਸਿਆਨਾ ਜਾਂਦੇ ਜਾਂਦੇ ਮੈਂ ਇਥੇ ਇੱਕ ਸਭਾ ਦੇ ਲਈ ਰੁਕਾਂਗਾ । ["ਆਮੀਨ"]

30 ਮੈਂ ਤੁਹਾਡੀ ਦਿਆਲਗੀ ਲਈ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ । ਜਿਸ ਔਰਤ ਨੇ ਮੇਰੇ ਲਈ ਇਹ ਮਿਠਿਆਈ ਭੇਜੀ ਹੈ ਮੈਂ ਇਸ ਦੀ ਪ੍ਰਸੰਸਾ ਕਰਦਾ ਹਾਂ । ਮੈਂ ਨਹੀਂ ਜਾਣਦਾ ਕਿ ਉਹ ਔਰਤ ਕੌਣ ਸੀ । ਕਿਸ ਨੇ ਮੈਨੂੰ ਇਹ ਮਿਠਿਆਈ ਦਾ ਡੱਬਾ ਅਤੇ ਕੁਝ ਮਸ਼ਰੂਮਾਂ ਭੇਜੀਆਂ ਹਨ । ਇਹ ਸੱਚਮੁਚ ਬਹੁਤ ਜਿਆਦਾ ਸੁਆਦ ਸਨ । ਮੈਂ ਹੁਣ ਇਸ ਨਾਲ ਰੱਜਿਆ ਹੋਇਆ ਹਾਂ ਅਤੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ । ਤੁਸੀਂ ਸੋਚਦੇ ਹੋ ਕਿ ਇਹੋ ਜਿਹੀਆਂ ਛੋਟੀਆਂ ਚੀਜਾਂ ਕੁਝ ਮਹੱਤਵ ਨਹੀਂ ਰਖਦੀਆਂ । ਇਹ ਜਰੂਰ ਮਹੱਤਵ ਰਖਦੀਆਂ ਹਨ; ਇਹ ਛੋਟੀਆਂ ਨਿਸ਼ਾਨੀਆਂ ਹਨ । ਅਤੇ ਹੋਰ ਲੋਕ ਜੱਦ ਛੋਟੇ ਛੋਟੇ ਪਿਆਰ ਦੇ ਤੋਹਫ਼ੇ ਦਿੰਦੇ ਹਨ । ਅਤੇ ਬਿੱਲੀ ਪੌਲ ਨੂੰ ਵਿਖਾਉਂਦੇ ਹਨ ਅਤੇ ਉਸ ਨੂੰ ਉਹ ਚੀਜਾਂ ਦਿੰਦੇ ਹਨ । ਮੈਨੂੰ ਇਹ ਮਿਲ ਜਾਂਦੀਆਂ ਹਨ । ਤੁਹਾਨੂੰ ਮਲੂਮ ਨਹੀਂ ਕਿ ਮੈਂ ਇਸ ਦੀ ਕਿੰਨੀ ਕਦਰ ਕਰਦਾ ਹਾਂ! ਪਰਮੇਸ਼ੁਰ ਤੁਹਾਨੂੰ ਬਰਕਤ ਦਵੇ । ਮੈਂ ਇਸ ਨੂੰ ਚੇਤੇ ਰਖਦਾ ਹਾਂ ਤਾਂ ਫਿਰ ਪਰਮੇਸ਼ੁਰ ਇਸ ਨੂੰ ਕਿੰਨਾ ਜਿਆਦਾ ਚੇਤੇ ਰਖਦਾ ਹੋਵੇਗਾ । "ਜੱਦ ਤੁਸੀਂ ਮੇਰੇ ਇਨ੍ਹਾਂ ਛੋਟਿਆਂ ਵਿਚੋਂ ਇੱਕ ਨਾਲ ਇਹ ਕੀਤਾ ਤਾਂ ਤੁਸੀਂ ਇਹ ਮੇਰੇ ਨਾਲ ਕੀਤਾ" । ਸਮਝੇ? ਹੁਣ, ਤੁਹਾਡੇ ਉੱਤੇ ਦਇਆ ਤੱਦ ਹੀ ਕੀਤੀ ਜਾਵੇਗੀ ਜੱਦ ਤੁਸੀਂ ਕਿਸੇ ਤੇ ਦਇਆ ਕਰੋਗੇ ।

31 ਹੁਣ, ਸਾਡੇ ਕੋਲ ਇਥੇ ਕੁਝ ਚੰਗੇ ਛੋਟੇ ਬੱਚੇ ਹਨ। ਕੀ ਤੁਸੀਂ...ਮੈਂ ਚਾਹੁੰਦਾ ਹਾਂ ਕਿ ਤੁਸੀਂ ਇਥੇ ਰੁਕੋ ਅਤੇ ਬਾਅਦ ਵਿੱਚ "*ਉਹਨਾਂ ਨੂੰ ਅੰਦਰ ਲਿਆਓ*" ਗੀਤ ਨੂੰ ਗਾਉਣਾ। ਸਭ ਠੀਕ ਹੈ, ਤੁਸੀਂ ਸਾਰੇ ਭਰਾ ਇੱਕ ਮਿੰਟ ਲਈ ਉਪਰ ਆਓ।

ਇਹ ਪਹਿਲਾ ਹੈ, ਇਸ ਦੀਆਂ ਛੋਟੀਆਂ ਭੂਰੀਆਂ ਅੱਖਾਂ ਮੇਰੇ ਵਲ ਵੇਖ ਰਹੀਆਂ ਹਨ ਅਤੇ ਇੱਕ ਵਡੀ ਅਤੇ ਖੂਬਸੂਰਤ ਮੁਸਕਾਨ ਦੇ ਰਹੀ ਹੈ। ਛੋਟੀ ਕੁੜੀ, ਉਸਦਾ ਕੀ...[ਮਾਂ ਕਹਿੰਦੀ ਹੈ, "ਸ਼ਾਰੋਨ ਰੋਜ। ਸ਼ਾਰੋਨ ਰੋਜ"।—*ਸੰਪਾਦਕ*] ਸ਼ਾਰੋਨ ਰੋਜ, ਇਹ ਮੇਰੇ ਲਈ ਇੱਕ ਬਹੁਤ ਖਾਸ ਨਾਮ ਹੈ। ["ਭਾਈ ਬ੍ਰਾਨਹਾਮ ਅਸੀਂ ਤੁਹਾਡੀ ਲੜਕੀ ਦੇ ਨਾਮ ਤੇ ਹੀ ਇਸ ਦਾ ਨਾਮ ਰਖਿਆ ਹੈ"], ਮੇਰੀ ਛੋਟੀ ਲੜਕੀ ਦੇ ਨਾਮ ਉੱਤੇ ਜੋ ਗੁਜਰ ਚੁਕੀ ਹੈ। ["ਭਾਈ ਬ੍ਰਾਨਹਾਮ, ਅਸੀਂ ਇਸਦਾ ਨਾਮ ਇਸਦੇ ਜਨਮ ਤੋਂ ਵੀ ਪਹਿਲਾਂ ਰੱਖ ਦਿਤਾ ਸੀ"] ਇਸਦੇ ਜਨਮ ਤੋਂ ਪਹਿਲਾਂ ਹੀ ਨਾਮ ਦੇ ਦਿੱਤਾ ਸੀ। ਜੇਕਰ ਇਹ ਲੜਕੀ ਹੋਵੇਗੀ ਤਾਂ ਤੁਸੀਂ ਇਸ ਦਾ ਨਾਮ ਸ਼ਾਰੋਨ ਰੋਜ ਰੱਖਨ ਵਾਲੇ ਸੀ। ["ਸਾਨੂੰ ਪੱਕਾ ਯਕੀਨ ਸੀ ਕਿ ਇਹ ਲੜਕੀ ਹੀ ਹੋਵੇਗੀ। ਇਸ ਨੂੰ ਲੜਕੀ ਹੀ ਹੋਣਾ ਸੀ"] ਹੋਣਾ ਹੀ ਸੀ। ["ਸ਼ਾਰੋਨ ਰੋਜ ਗੂਡਮੈਨ"]

ਤੁਸੀਂ ਜਾਣਦੇ ਹੋ? ਮੈਂ ਨਹੀਂ ਜਾਣਦਾ ਕਿ ਤੁਸੀਂ ਇਹ ਜਾਣਦੇ ਹੋ ਜਾਂ ਨਹੀਂ; ਜੇਕਰ ਮੇਰੀ ਪਤਨੀ ਇਥੇ ਖੜੀ ਹੁੰਦੀ ਤਾਂ ਉਹ ਸ਼ਾਇਦ ਲਗਭਗ ਬੇਹੋਸ਼ ਹੋ ਜਾਂਦੀ। ਇਹ ਉਸੇ ਤਰਾਂ ਦੀ ਪੋਸ਼ਾਕ ਹੈ ਜਿਹੜੀ ਮੇਰੀ ਛੋਟੀ ਬੱਚੀ ਸ਼ਾਰੋਨ ਰੋਜ ਨੇ ਸਮਰਪਣ ਵੇਲੇ ਪਹਿਨੀ ਹੋਈ ਸੀ। ਇਹ ਲੜਕੀ...ਪਰਮੇਸ਼ੁਰ ਕਰੇ ਕਿ ਇਹ ਲੜਕੀ ਜੀਵੇ; ਜਦਕਿ ਪਰਮੇਸ਼ੁਰ ਨੇ ਮੇਰੀ ਵਾਲੀ ਨੂੰ ਉੱਪਰ ਉਠਾ ਲਿਆ।

ਤੁਹਾਡਾ ਆਖਰੀ ਨਾਮ ਕੀ ਹੈ? [ਮਾਂ ਕਹਿੰਦੀ ਹੈ, "ਗੂਡਮੈਨ"।] ਸ਼੍ਰੀ ਮਤੀ ਅਤੇ...ਕੀ ਤੁਸੀਂ ਇਸੇ ਸ਼ਹਿਰ ਦੇ ਹੋ? ["ਸ਼ਿਕਾਗੋ"] ਸ਼ਿਕਾਗੋ। ਭਾਈ ਅਤੇ ਭੈਣ ਗੂਡਮੈਨ, ਪਰਮੇਸ਼ੁਰ ਤੁਹਾਨੂੰ ਬਰਕਤ ਦਵੇ।

ਤੁਸੀਂ ਜਾਣਦੇ ਹੋ, ਮੇਰੀ ਛੋਟੀ ਸ਼ਾਰੋਨ ਇਸ ਵਰਗੀ ਦਿੱਸਦੀ ਸੀ। ਮੇਰਾ ਅਨੁਮਾਨ ਹੈ ਇਥੇ ਕਿਸੇ ਨੂੰ ਵੀ ਯਾਦ ਨਹੀਂ ਕਿ ਉਹ ਕਿਸ ਤਰਾਂ ਦਿੱਸਦੀ ਸੀ। ਉਸਦੀਆਂ ਉਸ ਦੀ ਮਾਂ ਵਾਂਗ ਛੋਟੀਆਂ ਭੂਰੀਆਂ ਅੱਖਾਂ ਸਨ, ਇੱਕ ਛੋਟੀ ਖੂਬਸੂਰਤ ਲੜਕੀ ਜਿਸਦੇ ਕਾਲੇ ਵਾਲ ਸਨ। ਲਗਭਗ...

ਇਹ ਬੱਚੀ ਕਿੰਨੀ ਉਮਰ ਦੀ ਹੈ? [ਮਾਂ ਆਖਦੀ ਹੈ, "ਪੰਜ ਮਹੀਨੇ"—*ਸੰਪਾਦਕ*] ਪੰਜ ਮਹੀਨੇ। ਉਹ ਅੱਠ ਮਹੀਨੇ ਦੀ ਸੀ ਜੱਦ ਪਰਮੇਸ਼ੁਰ ਨੇ ਉਸ ਨੂੰ ਉੱਪਰ ਬੁਲਾ ਲਿਆ। ਮੈਂ ਉਸ ਨੂੰ ਉਸ ਤੋਂ ਥੋੜੀ ਦੇਰ ਬਾਅਦ ਵੇਖਿਆ ਸੀ। ਤੁਸੀਂ ਇਹ ਕਹਾਣੀ ਜਾਣਦੇ ਹੋ। ["ਸਾਡੇ ਕੋਲ ਇਹ ਘਰ ਵਿੱਚ ਹੈ, ਟੇਪ ਉੱਤੇ"] ਤੁਹਾਡੇ ਕੋਲ ਇਹ ਘਰ ਵਿਚ ਟੇਪ ਉੱਤੇ ਹੈ।

ਸ਼ਾਰੋਨ ਰੋਜ ਨਾਮ ਵਚਨ ਵਿਚੋਂ ਆਇਆ ਹੈ। ਮੈਂ ਇਸਨੂੰ "ਸ਼ਾਰੋਨ ਦਾ ਗੁਲਾਬ" ਵਿਚੋਂ ਲਿਆ ਹੈ। ਅਤੇ ਉਸਨੂੰ ਉਸ ਦੀ ਵੇਦੀ ਉੱਤੇ ਲਗਾਉਣ ਲਈ ਇੱਕ ਦੀ ਜਰੂਰਤ ਸੀ ਇਸ ਲਈ ਉਸਨੇ ਉਸਨੂੰ ਲੈ ਲਿਆ। ਸਮਝੇ? ਅਤੇ ਮੈਂ ਫਿਰ ਉਸਦੇ ਨਾਲ ਹੋਵਾਂਗਾ। ਇਹ ਹੋ ਜਾਵੇ ਕਿ ਤੁਹਾਡੀ ਸ਼ਾਰੋਨ ਰੋਜ ਉਸ ਜੀਵਨ ਨੂੰ ਜਿਵੇ ਜਿਹੜਾ ਉਸ ਨੇ ਇਸ ਧਰਤੀ ਉੱਤੇ ਜਿਓਣਾ ਸੀ। ਅਤੇ ਇਹ ਹੋ ਜਾਵੇ ਕਿ ਉਹ ਤੁਹਾਡੇ ਨਾਲ ਮਹਿਮਾ ਵਿਚ ਹੋਵੇ ਜਿਸ ਤਰਾਂ ਮੈਨੂੰ ਇਹ ਮਹਿਸੂਸ ਹੁੰਦਾ ਹੈ ਕਿ ਮੇਰੀ ਸ਼ਾਰੋਨ ਮੇਰੇ ਨਾਲ ਹੋਵੇਗੀ।

ਕਿਵੇਂ ਚਲ ਰਿਹਾ ਹੈ? ਵੇਖਿਆ? ਤੁਸੀਂ ਇਸ ਨਾਲ ਇੱਕ ਛੋਟੀ ਦੋਸਤਾਨਾ ਗਲ ਕਰੋ, ਇਸ ਵੱਲ ਵੇਖੋ! ਉਹ ਬੱਸ ਪੂਰੀ ਤਰਾਂ ਮੁਸਕਰਾ ਰਹੀ ਹੈ ।

ਆਓ ਆਪਣੇ ਸਿਰਾਂ ਨੂੰ ਝੁਕਾਈਏ ।

ਪਿਆਰੇ ਪਰਮੇਸ਼ੁਰ, ਜੱਦ ਮੈਂ ਇਸ ਛੋਟੇ ਖਜ਼ਾਨੇ ਨੂੰ ਚੁਕਿਆ ਹੋਇਆ ਹੈ, ਇੱਕ ਛੋਟੀ ਸ਼ਾਰੋਨ ਰੋਜ । ਪ੍ਰਭੂ, ਤੁਸੀਂ ਜਾਣਦੇ ਹੋ ਕਿ ਮੈਂ ਆਪਣੇ ਦਿਲ ਵਿੱਚ ਕੀ ਸੋਚ ਰਿਹਾ ਹਾਂ ਇਸ ਲਈ ਮੈਨੂੰ ਇਹ ਕਹਿਣ ਦੀ ਲੋੜ੍ਹ ਨਹੀਂ ਹੈ । ਉਹ ਪ੍ਰਭੂ ਪਰਮੇਸ਼ੁਰ ਧੰਨ ਹੋਵੇ ਜੋ ਸਾਡੇ ਦਿਲਾਂ ਨੂੰ ਇਹ ਛੋਟੇ ਜਵਾਹਰਾਤ ਦਿੰਦਾ ਹੈ! ਗੁਡਮੈਨ ਪਰਿਵਾਰ ਨੂੰ ਬਰਕਤ ਦੇਹ । ਹੋ ਜਾਵੇ ਕਿ ਉਹ ਮਾਤਾ ਪਿਤਾ ਸਨਮਾਨਿਤ ਹੋਣ, ਜੋ ਕਿ ਉਹ ਘਰ ਵਿੱਚ ਅਜਿਹੇ ਜਵਾਹਰਾਤ ਦੇ ਆਉਣ ਨਾਲ ਹੋਏ ਹਨ । ਪ੍ਰਭੂ, ਹੋਣ ਦੇ ਕਿ ਇਹ ਉਹਨਾਂ ਦੇ ਘਰ ਵਿੱਚ ਰਹੇ । ਅਤੇ ਜੇਕਰ ਕੋਈ ਕੱਲ੍ਹ ਹੈ ਤਾਂ ਇਸ ਨੂੰ ਕੱਲ੍ਹ ਦੀ ਇੱਕ ਆਦਰਯੋਗ ਔਰਤ ਬਣਾ ।

ਅਤੇ ਹੁਣ ਪ੍ਰਭੂ ਪਰਮੇਸ਼ੁਰ ਜਿਸ ਤਰਾਂ ਤੂੰ ਇੱਕ ਮਿਸਾਲ ਦੇ ਦੁਆਰਾ ਸਾਨੂੰ ਇੱਕ ਅਧਿਕਾਰ ਦਿੱਤਾ ਹੈ ਅਸੀਂ ਉਸ ਦੇ ਅਨੁਸਾਰ, ਤੂੰ ਬਚਿਆਂ ਨੂੰ ਆਪਣੀਆਂ ਬਾਹਾਂ ਵਿੱਚ ਲਿਆ ਅਤੇ ਉਹਨਾਂ ਨੂੰ ਆਸ਼ੀਸ ਦਿੱਤੀ ਅਤੇ ਕਿਹਾ, "ਬੱਚਿਆਂ ਨੂੰ ਮੇਰੇ ਕੋਲ ਆਉਣ ਤੋਂ ਨਾ ਵਰਜੋ" । ਅਤੇ ਤੇਰਾ ਦਾਸ ਹੋਣ ਦੇ ਨਾਤੇ ਉਹ ਬੱਚੇ ਨੂੰ ਮੇਰੇ ਕੋਲ ਲੈ ਕੇ ਆਏ ਹਨ, ਜਿਵੇਂ ਤੂੰ ਆਪਣਿਆਂ ਚੇਲਿਆਂ ਨੂੰ ਆਪਣੇ ਕੰਮ ਜਾਰੀ ਰੱਖਣ ਲਈ ਕਿਹਾ ਸੀ । ਅਤੇ ਇਥੇ ਤੇਰੇ ਦਾਸ ਭਾਈ ਨੇਵਿਲ, ਭਾਈ ਕੈਪਸ ਅਤੇ ਮੈਂ ਖੜੇ ਹਾਂ । ਅਤੇ ਹੁਣ, ਪਿਤਾ ਪਰਮੇਸ਼ੁਰ, ਅਸੀਂ ਇਸ ਛੋਟੀ ਸ਼ਾਰੋਨ ਰੋਜ ਗੂਡਮੈਨ ਨੂੰ ਉਸਦੇ ਮਾਤਾ ਪਿਤਾ ਦੀਆਂ ਬਾਹਾਂ ਵਿਚੋਂ ਤੈਨੂੰ ਦਿੰਦੇ ਹਾਂ, ਅਸੀਂ ਇਸ ਦੇ ਜੀਵਨ ਨੂੰ ਤੇਰੀ ਸੇਵਾ ਲਈ ਸਮਰਪਿਤ ਕਰਦੇ ਹਾਂ, ਯਿਸੂ ਮਸੀਹ ਦੇ ਨਾਂ ਵਿੱਚ । ਆਮੀਨ ।

ਪ੍ਰਭੂ ਤੁਹਾਨੂੰ ਬਰਕਤ ਦਵੇ! [ਭੈਣ ਗੂਡਮੈਨ ਕਹਿੰਦੀ ਹੈ, "ਭਾਈ ਬ੍ਰਾਨਹਾਮ, ਸਾਡੇ ਕੋਲ ਘਰ ਪੰਜ ਹੋਰ ਬੱਚੇ ਹਨ, ਦੋ ਕੁੜੀਆਂ ਅਤੇ ਦੋ ਮੁੰਡੇ"—ਸੰਪਾਦਕ] ਇਸ ਤੋਂ ਇਲਾਵਾ ਪੰਜ ਹੋਰ! ["ਹਾਂ"] ਬਹੁਤ ਵਧੀਆ! ਭਾਈ ਗੂਡਮੈਨ, ਪਰਮੇਸ਼ੁਰ ਤੁਹਾਨੂੰ ਬਰਕਤ ਦਵੇ । ਪਰਮੇਸ਼ੁਰ ਤੁਹਾਨੂੰ ਬਰਕਤ ਦਵੇ, ਭੈਣ ਗੂਡਮੈਨ । ਅਤੇ ਪ੍ਰਭੂ ਛੋਟੀ ਸ਼ਾਰੋਨ ਨੂੰ ਵੀ ਅਸ਼ੀਸ ਦਵੇ!

ਭਾਈ, ਕਿਵੇਂ ਚਲ ਰਿਹਾ ਹੈ? ਚਲੋ ਹੁਣ ਵੇਖਦੇ ਹਾਂ, ਮੈਂ—ਮੈਂ...ਅਰਨੈਟ । [ਪਿਤਾ ਆਖਦਾ ਹੈ, "ਅਰਨੈਟ"—ਸੰਪਾਦਕ] ਅਰਨੈਟ । ਅਰਨੈਟ, ਇਹ ਠੀਕ ਹੈ । ["ਤੁਹਾਡੇ ਨਾਮ ਤੇ ਰਖਿਆ ਹੈ"] ਕੀ ਇਹ ਠੀਕ ਹੈ? ਵਿਲੀਅਮ, ਵਿਲੀਅਮ ਅਰਨੈਟ? ["ਜੇਮਸ ਵਿਲੀਅਮ ਅਰਨੈਟ"] ਜੇਮਸ ਵਿਲੀਅਮ ਅਰਨੈਟ । ਇੱਹ ਇੱਕ ਚੰਗਾ ਲੜਕਾ ਹੈ । ਤੁਸੀਂ ਜਾਣਦੇ ਹੋ ਕਿ ਸਾਡੇ ਦੋਹਾਂ ਦੀਆਂ ਕੁਝ ਚੀਜਾਂ ਮਿਲਦੀਆਂ ਹਨ, ਨਾਮ ਤਾਂ ਪਹਿਲਾਂ ਹੀ ਮਿਲਦਾ ਹੈ ਅਤੇ ਫਿਰ ਸਾਡੇ ਵਾਲ ਵੀ ਇੱਕੋ ਜਿਹੇ ਹਨ, ਵੇਖਿਆ ਤੁਸੀਂ । ਉਹ ਇੱਕ ਚੰਗਾ ਲੜਕਾ ਹੈ, ਜਿਮੀ । ਅਨੁਮਾਨ ਹੈ ਕਿ ਤੁਸੀਂ ਉਸ ਨੂੰ ਇਹ ਹੀ ਕਹਿ ਕੇ ਪੁਕਾਰਦੇ ਹੋ, ਜੇਮਸ?["ਜੇਮਸ"] ਜੇਮਸ, ਤਾਂ ਫਿਰ ਠੀਕ ਹੈ ।

ਕੀ ਮੈਂ ਇਸ ਨੂੰ ਚੁੱਕ ਸਕਾਂਗਾ? ["ਹੋ ਸਕਦਾ ਹੈ ਤੁਹਾਨੂੰ ਚੁੱਕਣ ਦਵੇ"] ਮੈਂ ਨਹੀਂ ਜਾਣਦਾ । ਹੁਣ, ਜਿਮੀ, ਅੱਛਾ, ਅਸੀਂ ਚੰਗੇ ਦੋਸਤ ਹਾਂ । ਤੈਨੂੰ ਪਤਾ ਹੈ ਜਾਂ ਨਹੀਂ? ਸਭ ਠੀਕ ਹੈ ।

ਆਓ ਆਪਣੇ ਸਿਰਾਂ ਨੂੰ ਝੁਕਾਈਏ ।

ਪ੍ਰਭੂ ਪਰਮੇਸ਼ੁਰ, ਤੁਸੀਂ ਅਰਨੈਟ ਪਰਿਵਾਰ ਨੂੰ ਇਸ ਛੋਟੇ ਬੱਚੇ ਨਾਲ ਬਰਕਤ ਦਿਤੀ ਹੈ । ਅਤੇ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਇਸਦੇ ਪਿਤਾ, ਮਾਤਾ ਅਤੇ ਇਸ ਦੇ ਨੇੜੇ ਦੇ ਲੋਕਾਂ

ਨੂੰ ਬਰਕਤ ਦੇਹ । ਉਹ ਮਸੀਹ ਹਨ । ਉਸਦੇ ਪਿਤਾ ਨੇ ਕਿਵੇਂ ਸਿਗਰਟਾਂ ਅਤੇ ਹੋਰ ਚੀਜਾਂ ਨਾਲ ਸਖਤ ਲੜਾਈ ਲੜੀ...ਇੱਕ ਦਿਨ ਉਹ ਵਚਨ ਆਇਆ, "ਯਹੋਵਾਹ ਇੰਝ ਫ਼ਰਮਾਉਂਦਾ ਹੈ" । ਉਹ ਉਸ ਔਰਤ ਦੀ ਤਰਾਂ ਅਡਿਗ ਸੀ ਕਿ ਉਹ ਉਥੇ ਪੁੱਜ ਕੇ ਰਹੇਗਾ । ਭਾਵੇਂ ਉਸਦੇ ਕਾਰੋਬਾਰ ਨੇ ਉਸ ਨੂੰ ਅਸਫਲ ਕਰ ਦਿੱਤਾ ਅਤੇ ਸਭ ਕੁਝ ਅਸਫਲ ਹੁੰਦਾ ਦਿੱਸ ਰਿਹਾ ਸੀ, ਉਸ ਨੇ ਆਪਣੀ ਪੂੰਜੀ ਦਾ ਕੁਝ ਹਿੱਸਾ ਲਿਆ ਅਤੇ ਇੰਟਰਵਿਊ ਦੇ ਬਾਅਦ ਇੰਟਰਵਿਊ ਦਾ ਇੰਤਜਾਰ ਕੀਤਾ ਜੱਦ ਤੱਕ ਇੱਕ ਸਵੇਰ ਇਹ ਹੋ ਨਾ ਗਿਆ । ਉਸ ਨੇ ਵਿਸ਼ਵਾਸ ਕੀਤਾ ਕਿ ਇਹ ਹੋ ਜਾਵੇਗਾ ।

ਹੁਣ ਉਹ ਉਸ ਛੋਟੇ ਲੜਕੇ ਨੂੰ ਲੈ ਕੇ ਆਇਆ ਹੈ ਜੋ ਤੂੰ ਉਸ ਨੂੰ ਬਰਕਤ ਦਿੱਤੀ ਹੈ । ਔਹ ਪਰਮੇਸ਼ੁਰ, ਇਹ ਉਹਨਾਂ ਦੇ ਮਿਲਾਪ ਦਾ ਫਲ ਹੈ । ਮੈਂ ਇਸ ਛੋਟੇ ਜੇਮਸ ਵਿਲੀਅਮ ਅਰਨੈਟ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਬਰਕਤ ਦਿੰਦਾ ਹਾਂ । ਇਸ ਨੂੰ ਇੱਕ ਲੰਮੀ ਉਮਰ ਦਿਓ । ਜੇਕਰ ਕੋਈ ਕੱਲ੍ਹ ਹੈ ਤਾਂ ਇਸ ਨੂੰ ਆਪਣੇ ਸੁਸਮਾਚਾਰ ਦਾ ਇੱਕ ਯੋਗ ਮਨੁੱਖ ਬਣਾਉਣਾ । ਅਤੇ ਅੰਤ ਵਿੱਚ ਜੋ ਰਾਜ ਆਉਣ ਵਾਲਾ ਹੈ ਹੋਣ ਦੇ ਕਿ ਅਸੀਂ ਉਸ ਵਿੱਚ ਇਕੱਠੇ ਹੋਈਏ । ਮੈਂ...ਤੁਹਾਡੇ ਸੇਵਕ ਆਪਣੇ ਹੱਥ ਉਸ ਉੱਤੇ ਰਖਦੇ ਹਾਂ ਅਤੇ ਇਸ ਨੂੰ ਯਿਸੂ ਮਸੀਹ ਦੇ ਲਈ ਸਮਰਪਿਤ ਕਰਦੇ ਹਾਂ ਕਿ ਆਪਣੇ ਜੀਵਨ ਭਰ ਉਸਦੀ ਸੇਵਾ ਕਰੇ । ਆਮੀਨ ।

ਤੁਹਾਨੂੰ ਬਰਕਤ ਮਿਲੇ । ਪਰਮੇਸ਼ੁਰ ਤੁਹਾਨੂੰ ਬਰਕਤ ਦਵੇ, ਭਾਈ । ਤੁਹਾਡੇ ਦੋ ਹੋਰ ਬੱਚੇ ਹਨ? ਇਹ ਉਹੀ ਹਨ । ਸਭ ਠੀਕ ਹੈ ।

ਮੈਨੂੰ ਵਿਸ਼ਵਾਸ ਹੈ ਕਿ ਤੂੰ ਮੈਨੂੰ ਚੁੱਕ ਸਕਦਾ ਹੈਂ ਬਜਾਏ ਇਸਦੇ ਕਿ ਮੈਂ ਤੈਨੂੰ ਚੁੱਕਾਂ । ਇਹ...[ਭਾਈ ਅਰਨੈਟ ਕਹਿੰਦੇ ਹਨ, "ਇਹ ਅਲ ਹੈ"—ਸੰਪਾਦਕ] ਅਲਫਰੇਡ ਅਤੇ ਅਲ ਅਤੇ ਮਾਰਥਾ । ਜਰਾ ਸਭਾ ਨੂੰ ਵੀ ਵੇਖ ਲੈਣ ਦਿਓ, ਮੈਂ ਇਹ ਪਸੰਦ ਕਰਾਂਗਾ ਕਿ ਉਹ ਬੱਚਿਆਂ ਨੂੰ ਵੇਖਣ । ਮੈਂ ਸੋਚਦਾ ਹਾਂ ਕਿ ਜਦ ਉਹ ਛੋਟੇ ਹੁੰਦੇ ਹਨ ਉਹ ਪਿਆਰੇ ਲਗਦੇ ਹਨ ।

ਹੁਣ ਆਓ ਆਪਣੇ ਹੱਥ ਉਹਨਾਂ ਉੱਤੇ ਰਖੀਏ ।

ਸਰਬਸ਼ਕਤੀਮਾਨ ਪਿਤਾ ਅਸੀਂ ਤੇਰੇ ਸੇਵਕ ਉਸੇ ਤਰਾਂ ਆਪਣੇ ਹੱਥ ਇਹਨਾਂ ਬੱਚਿਆਂ ਉੱਤੇ ਰਖਦੇ ਹਾਂ, ਜਿਵੇਂ ਇਥੇ ਇਸ ਛੋਟੇ ਬੱਚੇ ਦੇ ਭਰਾ ਅਤੇ ਭੈਣ ਹੁਣੇ ਸਮਰਪਿਤ ਕੀਤੇ ਗਏ ਹਨ । ਅਸੀਂ ਆਪਣੇ ਹੱਥ ਇਹਨਾਂ ਉੱਤੇ ਰਖਦੇ ਹਾਂ ਤਾਂ ਜੋ ਇਹਨਾਂ ਨੂੰ ਇਹਨਾਂ ਦੇ ਮਾਤਾ ਪਿਤਾ ਤੋਂ ਯਿਸੂ ਮਸੀਹ ਦੀਆਂ ਬਾਹਾਂ ਵਿੱਚ ਸੇਵਕਾਈ ਦੇ ਜੀਵਨ ਲਈ ਸਮਰਪਿਤ ਕਰੀਏ, ਯਿਸੂ ਮਸੀਹ ਦੇ ਨਾਮ ਵਿਚ । ਆਮੀਨ ।

ਅਲ ਅਤੇ ਮਾਰਥਾ, ਪਰਮੇਸ਼ੁਰ ਤੁਹਾਨੂੰ ਬਰਕਤ ਦਵੇ । ਭੈਣ, ਤੁਹਾਨੂੰ ਦੁਬਾਰਾ ਵੇਖ ਕੇ ਚੰਗਾ ਲਗਾ । ਪ੍ਰਭੂ ਤੁਹਾਡੇ ਨਾਲ ਹੋਵੇ ।

ਇਹ ਛੋਟਾ ਬੱਚਾ, ਮੇਰੇ, ਉਹ ਇੱਕ ਚੰਗਾ ਲੜਕਾ ਹੈ । ਮੈਂ ਵੀ ਇਸੇ ਤਰਾਂ ਆਪਣੇ ਵਾਲਾਂ ਦਾ ਚੀਰ ਕਢਦਾ ਹੁੰਦਾ ਸੀ । ਵੇਖਿਆ? ਉਸਦਾ ਕੀ ਨਾਮ ਹੈ? [ਪਿਤਾ ਆਖਦਾ ਹੈ, "ਟੇਰੇਲ ਕੀਥ ਵਾਕਰ"—ਸੰਪਾਦਕ] ਕੀ-...["ਟੇਰੇਲ ਕੀਥ ਵਾਕਰ"] ਹੇਰੇਲ ਕੀਥ ਵਾਕਰ । ਕਿੰਨਾ ਚੰਗਾ ਲੜਕਾ ਹੈ!

ਮੈਨੂੰ ਹੈਰਾਨੀ ਹੈ ਮੈਂ ਨਹੀਂ ਜਾਣਦਾ, ਵੇਖਿਆ । ਉਹ ਮੇਰੇ ਵੱਲ ਵੇਖ ਰਿਹਾ ਹੈ । ਮੈਂ ਉਸ ਨੂੰ ਚੁੱਕ ਸਕਾਂਗਾ? [ਬੱਚਾ ਬੋਲਦਾ ਹੈ—ਸੰਪਾਦਕ] ਕੀਥ, ਕੀ ਇਹ ਠੀਕ ਹੈ? ਔਹ, ਉਹ ਇੱਕ

ਚੰਗਾ ਲੜਕਾ ਹੈ । ਯਕੀਨਨ । ਕੀ ਇਹ ਛੋਟਾ ਜਿਹਾ ਪਿਆਰਾ ਲੜਕਾ ਨਹੀਂ ਹੈ? ਹੇਰੇਲ [ਮਾਂ ਕਹਿੰਦੀ ਹੈ, “ਟੇਰੇਲ”] ਹੇਰੇਲ, ਟੇਰੇਲ ਕੀਥ ਵਾਕਰ ।

ਸਰਬਸ਼ਕਤੀਮਾਨ ਪਰਮੇਸ਼ੁਰ, ਮਾਤਾ ਪਿਤਾ ਦੀਆਂ ਬਾਹਾਂ ਵਿਚੋਂ ਯਿਸੂ ਮਸੀਹ ਦੀਆਂ ਬਾਹਾਂ ਵਿਚ, ਅਸੀਂ ਆਪਣੇ ਹੱਥ ਛੋਟੇ ਟੇਰੇਲ ਕੀਥ ਵਾਕਰ ਉੱਤੇ ਸ਼ਰਬਸ਼ਕਤੀਮਾਨ ਪਰਮੇਸ਼ੁਰ ਨੂੰ ਸਮਰਪਿਤ ਕਰਨ ਲਈ ਰੱਖਦੇ ਹਾਂ । ਕਿਓਂਕਿ ਉਸ ਦੇ ਮਾਤਾ ਪਿਤਾ ਇਹ ਚਾਹੁੰਦੇ ਹਨ ਕਿ ਇਹ ਬਾਲਕ ਪਰਮੇਸ਼ੁਰ ਦੀ ਅਗੁਵਾਈ ਵਿੱਚ ਪਲੇ । ਜੇਕਰ ਕੋਈ ਕੱਲ੍ਹ ਹੈ ਤਾਂ ਉਸ ਨੂੰ ਇਸ ਸਮਰਪਣ ਦਾ ਇੱਕ ਯੋਗ ਸੇਵਕ ਬਣਾ, ਕਿਓਂਕਿ ਅਸੀਂ ਤੇਰੇ ਦਾਸ ਆਪਣੇ ਹੱਥ ਇਸ ਬੱਚੇ ਉੱਤੇ ਰਖਦੇ ਹਾਂ ਅਤੇ ਇਸਨੂੰ ਪ੍ਰਭੂ ਯਿਸੂ ਮਸੀਹ ਨੂੰ ਸਮਰਪਿਤ ਕਰਦੇ ਹਾਂ । ਆਮੀਨ ।

ਤੁਹਾਨੂੰ ਬਰਕਤ ਮਿਲੇ ਭਾਈ ਵਾਕਰ । ਕੀ ਇਹ ਭੈਣ ਵਾਕਰ ਹੈ? [ਭੈਣ ਵਾਕਰ ਆਖਦੀ ਹੈ, “ਜੀ ਹਾਂ, ਸ੍ਰੀ ਮਾਨ”—ਸੰਪਾਦਕ] ਇਹ ਸਚਮੁਚ ਵਧੀਆ ਹੈ । ਤੁਹਾਨੂੰ ਇੱਕ ਚੰਗਾ ਲੜਕਾ ਮਿਲਿਆ ਹੈ, ਪਰਮੇਸ਼ੁਰ ਤੁਹਾਨੂੰ ਬਰਕਤ ਦਵੇ ।

[ਭਾਈ ਗ੍ਰਾਮਬੀ ਭਾਈ ਬ੍ਰਾਨਹਾਮ ਨਾਲ ਗੱਲ ਕਰਦੇ ਹਨ—ਸੰਪਾਦਕ] ਠੀਕ ਹੈ, ਸ਼੍ਰੀਮਾਨ । [ਭਾਈ ਗ੍ਰਾਮਬੀ ਗੱਲ ਕਰਨਾ ਜਾਰੀ ਰਖਦੇ ਹਨ] ਜੀ ਹਾਂ । [“ਜਦੋਂ ਉਸਦਾ ਜਨਮ ਹੋਇਆ ਸੀ ਤਾਂ ਉਸਦੇ ਲਈ ਪ੍ਰਾਰਥਨਾ ਕੀਤੀ ਗਈ ਸੀ । ਜੱਦ ਉਸਦਾ ਜਨਮ ਹੋਇਆ ਸੀ ਤਾਂ ਉਸਦੇ ਜਬਾੜੇ ਵਿੱਚ ਗੰਢ ਸੀ । ਅਤੇ ਤੁਸੀਂ ਉਸਦੇ ਲਈ ਪ੍ਰਾਰਥਨਾ ਕੀਤੀ ਅਤੇ ਉਹ ਉਸੇ ਵਕਤ ਚਲੀ ਗਈ ਸੀ” ।] ਇਹ ਛੋਟੀ ਲੜਕੀ ਭਾਈ ਗ੍ਰਿਮਸਲੇ…[ਭਾਈ ਆਖਦਾ ਹੈ, “ਗ੍ਰਾਮਬੀ” ।] ਗ੍ਰਾਮਬੀ । ਮੈਂ—ਮੈਂ ਇਸ ਵਿੱਚ ਗੜਬੜ ਕਰ ਦਿੰਦਾ ਹਾਂ । ਮੇਰਾ ਇੱਕ ਭਰਾ ਹੈ ਜਿਸਦਾ ਨਾਮ ਗ੍ਰਿਮਸਲੇ ਹੈ ਜਿਸਦੇ ਬਾਰੇ ਮੈਂ ਸੋਚਦਾ ਰਹਿੰਦਾ ਹਾਂ…ਭਾਈ ਗ੍ਰਾਮਬੀ ਇਸ ਛੋਟੀ ਬੱਚੀ ਨੂੰ ਲੈ ਆਓ । ਅਤੇ ਜਦੋਂ ਉਸਦਾ ਜਨਮ ਹੋਇਆ ਸੀ ਤਾਂ ਉਸਦੇ ਮੂੰਹ ਵਿੱਚ ਇੱਕ ਵੱਡੀ ਗੰਢ ਸੀ । ਅਤੇ ਮੈਂ ਉਸਦੇ ਲਈ ਪ੍ਰਾਰਥਨਾ ਕੀਤੀ ਅਤੇ ਗੰਢ ਚਲੀ ਗਈ । ਅਤੇ ਹੁਣ ਉਹ ਪ੍ਰਾਰਥਨਾ ਕਰਵਾਉਣੀ ਚਾਹੁੰਦੇ ਹਨ ਕਿਓਂਕਿ…ਕੀ ਮਾਤਾ ਪਿਤਾ ਮਸੀਹ ਹਨ? [“ਮਸੀਹ ਨਹੀਂ ਹਨ”] ਉਹ ਮਸੀਹ ਨਹੀਂ ਹਨ । ਅਤੇ ਉਹ ਡਰੇ ਹੋਏ ਹਨ ਕਿ ਇੱਕ ਦੁਸਟ ਆਤਮਾ ਬੱਚੇ ਉੱਪਰ ਹੈ ਅਤੇ ਉਹ ਚਾਹੁੰਦੇ ਹਨ ਕਿ ਉਹ ਚਲੀ ਜਾਵੇ ।

ਆਓ ਅਸੀਂ ਪ੍ਰਾਰਥਨਾ ਕਰੀਏ ।

ਪ੍ਰਭੂ ਯਿਸੂ, ਇਸ ਛੋਟੀ ਬੱਚੀ ਉੱਤੇ, ਜੱਦ ਇਹ ਜਗਵੇਦੀ ਉਪਰ ਝੁਕੀ ਹੋਈ ਹੈ…ਜਿਸਦੇ ਲਈ ਤੂੰ ਉਸਦੇ ਮੂੰਹ ਵਿਚੋਂ ਰਸੌਲੀ ਦੀ ਗੰਢ ਕਢ ਕੇ ਕਿਰਪਾ ਵਿਖਾਈ ਸੀ । ਹੁਣ ਇੱਕ ਦੁਸਟ ਆਤਮਾ ਬੱਚੀ ਦੀ ਜਾਨ ਲੈਣ ਦੀ ਕੋਸ਼ਿਸ ਕਰ ਰਹੀ ਹੈ । ਕੋਈ ਸ਼ਕ ਨਹੀਂ ਪਰ ਤੂੰ ਇਸ ਬੱਚੀ ਦਾ ਇਸਤੇਮਾਲ ਕਰ ਸਕਦਾ ਹੈਂ ਅਤੇ ਇਸ ਦੀ ਯੋਜਨਾ ਬਣਾ ਰਿਹਾ ਸੀ ਅਤੇ ਸ਼ਤਾਨ ਇਸ ਯੋਜਨਾ ਨੂੰ ਭੰਗ ਕਰਨ ਦੀ ਕੋਸ਼ਿਸ ਕਰ ਰਿਹਾ ਹੈ । ਇਸ ਲਈ ਅਸੀਂ ਸ਼ਤਾਨ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਝਿੜਕਦੇ ਹਾਂ ਕਿ ਉਹ ਆਪਣੇ ਹੱਥ ਅਤੇ ਆਪਣੇ ਆਪ ਨੂੰ ਇਸ ਬੱਚੀ ਤੋਂ ਹਟਾ ਲਵੇ; ਕਿਓਂਕਿ ਅਸੀਂ ਇਸ ਨੂੰ ਪਰਮੇਸ਼ੁਰ ਦੀ ਮਹਿਮਾ ਦੇ ਲਈ ਪ੍ਰਭੂ ਯਿਸੂ ਮਸੀਹ ਨੂੰ ਦਿੰਦੇ ਹਾਂ । ਆਮੀਨ ।

ਭਾਈ ਗ੍ਰਾਮਬੀ, ਤੁਸੀਂ ਵਿਸ਼ਵਾਸ ਕਰਦੇ ਹੋ । ਇਹ ਬੱਚਾ ਬਹੁਤ ਛੋਟਾ ਹੈ ਇਸ ਲਈ ਵਿਸ਼ਵਾਸ ਨਹੀਂ ਕਰ ਸਕਦਾ ਪਰ ਇਹ ਹੋ ਜਾਵੇਗਾ ।

32 ਮੈਂ ਉਸ ਨੂੰ ਪ੍ਰੇਮ ਕਰਦਾ ਹਾਂ । ਕੀ ਤੁਸੀਂ ਨਹੀਂ ਕਰਦੇ? [ਸਭਾ ਆਖਦੀ ਹੈ, “ਆਮੀਨ”—ਸੰਪਾਦਕ] ਉਹ ਅਦਭੁਤ ਹੈ ।

ਹੁਣ, ਹਰ ਕੋਈ, ਅੱਜ ਰਾਤ ਮੈਂ ਵਾਅਦਾ ਕੀਤਾ ਸੀ ਕਿ ਮੈਂ ਸਾਢੇ-ਅੱਠ ਵਜੇ ਤੱਕ ਬਾਹਰ ਹੋਵਾਂਗਾ ਇਸ ਲਈ ਮੇਰੇ ਕੋਲ ਅੱਧਾ ਘੰਟਾ ਹੈ । ਹੁਣ ਮੈਨੂੰ ਇਸ ਬਾਰੇ ਨਹੀਂ ਪਤਾ । ਹੋ ਸਕਦਾ ਹੈ ਮੈਂ ਉਸ ਨਾਲੋਂ ਕੁਝ ਜਿਆਦਾ ਸਮਾਂ ਲੈ ਲਵਾਂ । ਪਰ ਸਾਨੂੰ ਜਾਣ ਲੈਣ ਦਿਓ…

33 ਅੱਜ ਸਵੇਰ ਮੈਂ ਭਾਈ ਡਾਉ ਨੂੰ ਇਥੇ ਵੇਖ ਕੇ ਖੁਸ਼ ਹਾਂ । ਅਤੇ ਮੈਂ ਨਹੀਂ ਜਾਂਦਾ ਕਿ ਦੂਸਰਾ ਆਦਮੀ ਕਿਥੇ ਚਲਾ ਗਿਆ; ਪਰ ਇਸ ਸਵੇਰੇ, ਜੇਕਰ ਉਸਦਾ ਕੋਈ ਜੁੜਵਾ ਸੀ, ਪਿਛੇ ਉਸ ਜਗਾ ਤੇ ਇੱਕ ਆਦਮੀ ਬੈਠਾ ਹੋਇਆ ਸੀ ਜੋ ਬਿਲਕੁਲ ਉਹਨਾਂ ਦਾ ਹਮਸ਼ਕਲ ਲਗ ਰਿਹਾ ਸੀ । ਮੈਂ ਕਿਹਾ, “ਭਾਈ ਡਾਉ ਕਿਹੜਾ ਹੈ?” ਮੈਂ ਅੱਗੇ ਪਿਛੇ ਵੇਖਿਆ ਅਤੇ ਮੈਂ ਉਹਨਾਂ ਨੂੰ ਨਾਮ ਲੈ ਕੇ ਬੁਲਾਉਣ ਵਾਲਾ ਸੀ ਅਤੇ ਮੈਂ ਸੰਦੇਸ਼ ਵਿੱਚ ਬਹੁਤ ਜਿਆਦਾ ਮਗਨ ਸੀ । ਤੁਸੀਂ ਜਾਣਦੇ ਹੋ ਭਾਈ ਡਾਉ, ਤੁਸੀਂ ਉਸੇ ਤਰਾਂ ਵਿਖਾਈ ਦਿੰਦੇ ਹੋ ਜਿਸ ਤਰਾਂ ਤੁਸੀਂ ਹਮੇਸ਼ਾ ਵਿਖਾਈ ਦਿੰਦੇ ਸੀ । ਮੈਂ ਉਸ ਨੂੰ ਇਸ ਹਾਲਤ ਵਿੱਚ ਵੇਖ ਕੇ ਬਹੁਤ ਖੁਸ਼ ਹਾਂ ।

34 ਥੋੜੀ ਦੇਰ ਪਹਿਲਾਂ ਹੀ ਮੈਨੂੰ ਟਕ੍ਰਸਾਨ ਤੋਂ ਲੰਮੀ ਦੂਰੀ ਦਾ ਫੋਨ ਆਇਆ ਕਿ ਉਹਨਾਂ ਨੂੰ ਕੁਝ ਹੋ ਗਿਆ ਹੈ ਅਤੇ ਉਹਨਾਂ ਲਈ ਪ੍ਰਾਰਥਨਾ ਕੀਤੀ ਜਾਵੇ । ਮੈਂ ਸੋਚਦਾ ਹਾਂ ਕਿ ਭਾਈ ਡਾਉ ਨੱਬੇ ਜਾਂ ਇਕਾਨਵੇਂ ਵਰ੍ਹਿਆਂ ਦੇ ਹਨ । ਮੈਂ ਵਿਸ਼ਵਾਸ ਕਰਦਾ ਹਾਂ ਕਿ ਉਹ ਨੱਬੇ ਜਾਂ ਇਕਾਨਵੇਂ ਵਰ੍ਹਿਆਂ ਦੇ ਹਨ । ਅਤੇ ਤੁਹਾਡਾ ਸ਼ਰੀਰ ਕੰਮ ਕਰਨਾ ਬੰਦ ਕਰ ਦਿੰਦਾ ਹੈ । ਪਰ, “ਧਰਮੀ ਉੱਤੇ ਬਹੁਤ ਸਾਰੀਆਂ ਮੁਸੀਬਤਾਂ ਪੈਂਦੀਆਂ ਹਨ, ਪਰ ਯਹੋਵਾਹ ਉਨ੍ਹਾਂ ਸਭਨਾਂ ਤੋਂ ਉਸ ਨੂੰ ਛੁਡਾਉਂਦਾ ਹੈ” । ਅਤੇ ਕਈ ਵਾਰ ਸ਼ਰੀਰ ਅਜਿਹੀ ਹਾਲਤ ਵਿੱਚ ਚਲਾ ਜਾਂਦਾ ਹੈ ਕਿ ਇਹ ਫਿਰ ਹੋਰ ਜਿਆਦਾ ਚਿਰ ਨਹੀਂ ਸਾਥ ਨਹੀਂ ਦਿੰਦਾ ਪਰ ਮੈਂ ਜਾਣਦਾ ਹਾਂ, ਉਸਨੇ ਇੱਕ ਹੱਥ ਨੂੰ ਫੜ੍ਹਿਆ ਹੋਇਆ ਹੈ । ਭਾਵੇਂ ਇਹ ਸ਼ਰੀਰ ਇੱਕ ਮਿੱਟੀ ਦਾ ਢੇਰ ਹੈ ਪਰ ਫਿਰ ਵੀ ਪਰਮੇਸ਼ੁਰ ਨੇ ਅੰਤ ਦੇ ਦਿਨਾਂ ਵਿੱਚ ਇਸ ਨੂੰ ਫਿਰ ਤੋਂ ਜੁਆਲਣ ਦਾ ਵਾਅਦਾ ਕੀਤਾ ਹੈ । ਅਤੇ ਮੈਂ ਬਹੁਤ ਜਿਆਦਾ ਸ਼ੁਕਰਗੁਜਾਰ ਹਾਂ ।

35 ਮੈਨੂੰ ਚੇਤੇ ਹੈ ਜੱਦ ਭਾਈ ਡਾਉ ਇਥੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣ ਲਈ ਤਲਾਬ ਵਿਚ ਆਇਆ ਸੀ ਅਤੇ ਉਸ ਕੋਲ ਬਪਤਿਸਮਾ ਲੈਣ ਲਈ ਕਪੜੇ ਵੀ ਨਹੀਂ ਸਨ ਪਰ ਉਹ ਫਿਰ ਵੀ ਪਾਣੀ ਵਿੱਚ ਜਾਣਾ ਚਾਹੁੰਦਾ ਸੀ । ਅਤੇ ਪਰਮੇਸ਼ੁਰ ਇਸ ਆਦਮੀ ਉੱਤੇ ਮਿਹਰਬਾਨ ਰਿਹਾ ਹੈ । ਜਰਾ ਸੋਚੋ, ਪਰਮੇਸ਼ੁਰ ਨੇ ਜਿਸ ਸਮੇਂ ਉਸ ਨੂੰ ਵਾਅਦਾ ਦਿੱਤਾ ਸੀ ਉਸ ਤੋਂ ਉਹ ਵੀਹ ਸਾਲ ਉਪਰ ਹੋ ਗਿਆ ਹੈ । ਵੇਖਿਆ? ਕੀ ਇਹ ਕਿਰਪਾ ਨਹੀਂ ਹੈ!

ਅਤੇ ਅਜੇ ਵੀ, ਕਿਸੇ ਹੋਰ ਦਿਨ ਜਦ ਉਸਦਾ ਪੂਰਾ ਦਿਲ ਫੇਲ ਹੋ ਗਿਆ ਸੀ ਅਤੇ ਇੱਕ ਦਿਲ ਦੇ ਦੌਰੇ ਤੋਂ ਬਾਅਦ, ਉਹ ਉਪਰ ਬੈਠਾ ਹੋਇਆ ਹੈ । ਅਤੇ ਜੇਕਰ ਪਰਮੇਸ਼ੁਰ ਉਸ ਬੰਦੇ ਨੂੰ ਚੰਗਾ ਨਾ ਕਰਦਾ ਅਤੇ ਉਸ ਨੂੰ ਉਸ ਜਗ੍ਹਾ ਤੋਂ ਉਸੇ ਵੇਲੇ ਉਪਰ ਨਾ ਲੈ ਕੇ ਆਉਂਦਾ । ਅਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਉਸ ਵੇਲੇ ਜੋ ਉਸਦਾ ਡਾਕਟਰ ਸੀ ਉਹ ਮਰ ਗਿਆ ਹੈ । ਕੀ ਇਹ ਠੀਕ ਹੈ? ਮੈਂ…ਹਾਂ, ਉਹ ਡਾਕਟਰ ਵੀ, ਉਹ ਯਹੂਦੀ ਡਾਕਟਰ ਜੋ ਉਸਦਾ ਇਲਾਜ ਕਰ ਰਿਹਾ ਸੀ, ਉਸਨੇ ਮੇਰੇ ਨਾਲ ਹਾਲ ਵਿੱਚ ਖਲੋ ਕੇ ਉਸ ਬਾਰੇ ਗੱਲ ਕੀਤੀ ਸੀ ਅਤੇ ਉਹ ਗੁਜਰ ਗਿਆ ਹੈ । ਸਮਝੇ?

ਮੇਰੇ, ਹੇ ਪ੍ਰਭੂ, ਤੇਰਾ ਪ੍ਰੇਮ ਕਿੰਨਾ ਜਿਆਦਾ ਡੂੰਘਾ ਹੈ! ਤੇਰਾ ਪ੍ਰੇਮ ਕਿੰਨਾ ਮਹਾਨ ਹੈ!

36 ਹੁਣ ਸਾਡੇ ਕੋਲ ਇਥੇ ਕੁਝ ਰੁਮਾਲ ਪਏ ਹੋਏ ਹਨ ਜਿਨ੍ਹਾ ਦੇ ਉਪਰ ਅਸੀਂ ਕੁਝ ਹੀ ਪਲਾਂ ਵਿੱਚ ਪ੍ਰਾਰਥਨਾ ਕਰਨ ਜਾ ਰਹੇ ਹਾਂ । ਪਰ ਮੈਂ ਵਿਸ਼ਵਾਸ ਉਥੇ ਥੋੜ੍ਹਾ ਜਿਹਾ ਬੋਲਣ ਜਾ ਰਿਹਾ ਹਾਂ ਅਤੇ ਫਿਰ ਅਸੀਂ ਵੇਖਾਂਗੇ ਕਿ ਪਰਮੇਸ਼ੁਰ ਕਿਵੇਂ ਅਗੁਵਾਈ ਕਰਦਾ ਹੈ, ਫਿਰ ਅਸੀਂ ਵੇਖਾਂਗੇ ਕਿ ਅਸੀਂ ਕੀ ਕਰਨ ਜਾ ਰਹੇ ਹਾਂ । ਖੈਰ, ਇਸ ਨੂੰ ਉਸ ਉੱਪਰ ਛੱਡ ਦਈਏ, ਇਹ ਹੀ ਸਰਬੋਤਮ ਤਰੀਕਾ ਹੈ । ਓਹ, ਸਵਰਗੀ ਥਾਂਵਾਂ ਵਿੱਚ ਇੱਕਠੇ ਹੋਣਾ!

37 ਅੱਜ ਬਲੂ ਬੋਅਰ ਤੋਂ ਬਾਹਰ ਆਉਣ ਤੋਂ ਬਾਅਦ ਮੈਂ ਆਪਣੇ ਕੁਝ ਦੋਸਤਾਂ ਨਾਲ ਗੱਲ ਕੀਤੀ । ਅਤੇ ਮੈਂ ਕਿਹਾ, "ਕੀ ਤੁਸੀਂ ਸਭਾ ਲਈ ਰੁੱਕਣਾ ਹੈ?"

38 "ਹਾਂ" ।

39 ਮੈਂ ਆਖਿਆ, "ਸਾਇਦ ਤੁਹਾਨੂੰ ਬਾਰਾਂ ਜਾਂ ਇੱਕ ਵੱਜੇ ਤੱਕ ਗੱਡੀ ਚਲਾਉਣੀ ਪਵੇ" । ਉਹ ਸਵੇਰੇ ਲਗਭਗ ਛੇ ਵਜੇ ਘਰ ਪਹੁੰਚਣ ਦੀ ਉਮੀਦ ਵਿੱਚ ਹਨ, ਲੰਬਾ ਰਸਤਾ ਹੈ । ਚੇਤੇ ਰਖੋ ਕਿ ਉਹ ਇਨਸਾਨ ਹਨ ਅਤੇ ਉਹ ਮੇਰੇ ਵਾਂਗ ਥੱਕ ਜਾਂਦੇ ਹਨ । ਉਹ ਤਨਿਸੀ ਅਤੇ ਉਸ ਦੇ ਆਸ ਪਾਸ ਜਾ ਰਹੇ ਹਨ । ਪ੍ਰਭੂ ਉਹਨਾਂ ਨੂੰ ਬਰਕਤ ਦਵੇ ।

40 ਮੈਂ ਬਹੁਤ ਸਾਰੀਆਂ ਗੱਲਾਂ ਕਹਿ ਸਕਦਾ ਹਾਂ; ਮੈਂ ਬੱਸ ਸਾਰਾ ਸਮਾਂ ਲੈ ਲੈਂਦਾ ਹਾਂ । ਪਰ ਮੈਂ—ਮੈਨੂੰ ਅਕਸਰ ਤੁਹਾਨੂੰ ਮਿਲਣ ਦਾ ਮੌਕਾ ਨਹੀਂ ਮਿਲਦਾ ਹੈ ਅਤੇ ਕਿਸੇ ਵੀ ਤਰਾਂ ਮੈਂ ਤੁਹਾਡੇ ਨਾਲ ਗਲਾਂ ਕਰਨੀਆਂ ਪਸੰਦ ਕਰਦਾ ਹਾਂ, ਪਰ ਜੇਕਰ ਮੈਂ ਇਥੇ ਉਹ ਸਭ ਨਾ ਦੱਸ ਸਕਾਂ ਜੋ ਮੈਂ ਤੁਹਾਡੇ ਬਾਰੇ ਸੋਚਦਾ ਹਾਂ,...ਸਮਝੇ?

ਮੈਂ ਉਹਨਾਂ ਭਰਾਵਾਂ ਨੂੰ ਦੱਸਣਾ ਚਾਹੁੰਦਾ ਹਾਂ । ਉਹਨਾਂ ਵਿਚੋਂ ਕੁਝ ਨੇ ਆਪਣੀ ਸਭਾ ਬਰਖਾਸਤ ਕਰ ਦਿੱਤੀ ਹੈ ।

41 ਭਾਈ ਜੈਕਸਨ ਨੇ ਇਸ ਸਵੇਰ, ਉਸ ਪਰਾਈ ਭਾਸ਼ਾ ਦਾ ਇੱਕ ਖੂਬਸੂਰਤ ਤਰਜਮਾ ਦਿੱਤਾ ਹੈ ਜਿਸ ਵਿੱਚ ਕਿਸੇ ਭਰਾ ਨੇ ਬੋਲਿਆ ਸੀ ਅਤੇ ਇਹ ਪ੍ਰਮਾਣਿਤ ਕੀਤਾ ਕਿ ਇਹ ਪਰਮੇਸ਼ੁਰ ਸੀ । ਕੀ ਤੁਸੀਂ ਧਿਆਨ ਦਿੱਤਾ, ਉਸਨੇ ਕਦੇ ਨਹੀਂ ਕਿਹਾ ਕਿ ਇਹ ਗਲਤ ਹੈ, ਉਸ ਨੇ ਕਦੇ ਵੀ ਇਸ ਤਰਾਂ ਨਹੀਂ ਕਿਹਾ; ਉਸਨੇ ਬੱਸ ਸੁਣਨ ਲਈ ਚੇਤਾਵਨੀ ਦਿੱਤੀ । ਸਮਝੇ? ਸਮਝੇ? ਇਸ ਲਈ, ਭਾਈ ਯੂਨੀਅਰ ਇਸ ਸਵੇਰ ਇਥੇ ਸੀ ਅਤੇ ਆਪਣੀ ਕਲੀਸਿਯਾ ਦੀ ਸਭਾ ਬਰਖਾਸਤ ਕਰ ਦਿੱਤੀ ।

ਅਤੇ ਮੈਂ ਸਮਝ ਸਕਦਾ ਹਾਂ ਹੋਰ ਭਾਈ...ਜੋ ਸੈਲਰਸਬਰਗ ਦੀਆਂ ਹੋਰ ਕਲੀਸਿਯਾ ਤੋਂ ਹਨ ।

42 ਅਤੇ—ਅਤੇ ਭਾਈ ਰੁਡਲ, ਉਹ ਅੱਜ ਸਵੇਰੇ ਇਥੇ ਸੀ । ਮੈਂ ਨਹੀਂ ਜਾਣਦਾ ਕਿ ਉਹ ਅੱਜ ਰਾਤ ਇਥੇ ਹਨ ਜਾਂ ਨਹੀਂ । ਠੀਕ ਹੈ, ਅੱਜ ਰਾਤ ਵੀ ਇਥੇ ਹਨ! ਖੈਰ, ਪਰਮੇਸ਼ੁਰ ਤੁਹਾਨੂੰ ਬਰਕਤ ਦਵੇ, ਭਾਈ ਰੁਡਲ । ਅਤੇ ਤੁਸੀਂ...

ਮੈਂ ਇਹ ਜਾਹਿਰ ਨਹੀਂ ਕਰ ਸਕਦਾ ਕਿ ਮੈਂ ਕੀ ਸੋਚਦਾ ਹਾਂ । ਪਰ ਹੋ ਸਕਦਾ ਹੈ... ਖੈਰ, ਜਦੋਂ ਅਸੀਂ ਦੂਸਰੇ ਪਾਸੇ ਚਲੇ ਜਾਵਾਂਗੇ, ਮੈਂ ਤੁਹਾਡੇ ਨਾਲ ਬੱਸ ਦੱਸ ਹਜਾਰ ਸਾਲ ਬੈਠਣਾ ਚਾਹੁੰਦਾ ਹਾਂ, ਹਰ ਇੱਕ ਨਾਲ, ਤੁਸੀਂ ਸਮਝੇ । ਫਿਰ, ਅਸੀਂ ਹਮੇਸ਼ਾ ਗੱਲਾਂ ਕਰਦੇ ਰਹਾਂਗੇ ।

43 ਇਸ ਸਵੇਰ ਜੱਦ ਫਸਲ ਪੱਕੀ ਹੋਈ ਹੈ ਅਤੇ ਵਾਢੇ ਥੋੜ੍ਹੇ ਹਨ, ਆਓ ਅਸੀਂ ਇਸ ਵਿੱਚ ਲਗ ਜਾਈਏ, ਹੋ ਸਕਦਾ ਹੈ ਕਿ ਇਥੇ ਕੋਈ ਪਾਪੀ ਬੈਠਾ ਹੋਵੇ । ਹੋ ਸਕਦਾ ਹੈ ਕਿ ਅੱਜ ਰਾਤ ਇਥੇ ਕੋਈ ਹੋਵੇ ਜੋ ਪੂਰੀ ਸਥਿਤੀ ਨੂੰ ਬਦਲ ਦਵੇ ।

ਅਤੇ ਜੇਕਰ ਇਸ ਸਵੇਰ ਉਹ ਸਮਾਂ ਨਹੀਂ ਸੀ ਤਾਂ ਉਹ ਸਕਦਾ ਹੈ ਕਿ ਅੱਜ ਰਾਤ ਕਿਤਾਬਾਂ ਬੰਦ ਹੋ ਜਾਣ। ਚੇਤੇ ਰਖੋ, ਜਦੋਂ ਉਹ ਨਾਮ ਛੁਡਾ ਲਏ ਜਾਣਗੇ ਤਾਂ ਇੱਕ ਵੀ ਹੋਰ ਅੰਦਰ ਨਹੀਂ ਆਵੇਗਾ।

ਹੁਣ, ਮੇਰੇ ਵਚਨ ਪੜ੍ਹਨ ਤੋਂ ਪਹਿਲਾਂ ਹਰੇਕ ਧਿਆਨ ਨਾਲ ਸੁਣੇ।

44 ਉਹ ਸਾਰੇ ਜੋ ਛੁਡਾਏ ਜਾਣੇ ਹਨ, ਪਰਮੇਸ਼ੁਰ ਨੇ ਉਹਨਾਂ ਦੇ ਨਾਮ ਜਗਤ ਦੀ ਉਤਪਤੀ ਤੋਂ ਪਹਿਲਾਂ ਹੀ ਮੇਮਨੇ ਦੀ ਜੀਵਨ ਦੀ ਪੁਸਤਕ ਵਿੱਚ ਲਿਖੇ ਸਨ। ਕਿੰਨੇ ਇਹ ਜਾਣਦੇ ਹਨ? ਇਹ ਵਚਨ ਹੈ। [ਟੇਪ ਉੱਤੇ ਖਾਲੀ ਥਾਂ—ਸੰਪਾਦਕ] ਅਤੇ ਮਸੀਹ ਵਿਰੋਧੀ ਅੰਤ ਦੇ ਦਿਨਾਂ ਵਿੱਚ ਇੰਨਾ ਨੇੜੇ ਹੋਵੇਗਾ ਜਿਵੇਂ ਉਹ ਸੱਚੀ ਕਲੀਸਿਯਾ ਹੋਵੇ, ਸਭ ਉਸੇ ਤਰਾਂ ਜਿਵੇਂ ਯਹੂਦਾ ਸੀ, ਹੋ ਸਕਦਾ ਤਾਂ ਇਹ ਚੁਣਿਆਂ ਹੋਇਆਂ ਨੂੰ ਵੀ ਭਰਮਾ ਲੈਂਦੇ। ਕੀ ਇਹ ਠੀਕ ਹੈ? ਪਰ ਯਿਸੂ ਕੋਲ ਕੋਈ ਮਨੁੱਖ ਨਹੀਂ ਆ ਸਕਦਾ ਜੱਦ ਤੱਕ ਪਰਮੇਸ਼ੁਰ ਹੀ ਉਸ ਨੂੰ ਨਾ ਘਲੇ ਅਤੇ ਪਰਮੇਸ਼ੁਰ ਨੇ ਉਸ ਨੂੰ ਜਿੰਨੇ ਵੀ ਦਿੱਤੇ ਹਨ ਉਹ ਉਸ ਕੋਲ ਆਉਣਗੇ। ਅਤੇ ਜਦੋਂ ਉਹ ਉਸ ਪੁਸਤਕ ਨੂੰ ਲਵੇਗਾ, ਆਖਰੀ ਨਾਮ…

45 ਵੇਖੋ, ਲੂਥਰ ਦੇ ਯੁਗ ਵਿੱਚ ਉਸ ਨੇ ਉਹਨਾਂ ਸਾਰਿਆਂ ਨੂੰ ਬਾਹਰ ਖਿੱਚ ਲਿਆ। ਵੇਸਲੀ ਦੇ ਯੁੱਗ ਵਿੱਚ ਉਸ ਨੇ ਉਹਨਾਂ ਸਾਰਿਆਂ ਨੂੰ ਬਾਹਰ ਖਿੱਚ ਲਿਆ। ਹਰੇਕ ਯੁੱਗ ਵਿੱਚ ਅਤੇ ਪੈਂਟੀਕਾਸਟਲ ਯੁੱਗ ਵਿੱਚ ਵੀ ਉਹ ਉਹਨਾਂ ਨੂੰ ਬਾਹਰ ਖਿੱਚਦਾ ਹੈ। ਉਹ ਇੱਥੇ ਹਨ, ਉਹਨਾਂ ਦਾ ਨਿਆਂ ਉਹਨਾਂ ਦੇ ਯੁੱਗ ਦੇ ਲੋਕਾਂ ਨਾਲ ਨਹੀਂ ਹੋਵੇਗਾ। ਉਹ ਉਠਾਏ ਜਾ ਰਹੇ ਹਨ। ਅਤੇ ਫਿਰ ਜੱਦ ਉਹ ਆਖਰੀ ਨਾਮ ਆਉਂਦਾ ਹੈ ਜੋ ਮੇਮਨੇ ਦੀ ਜੀਵਨ ਦੀ ਪੁਸਤਕ ਵਿੱਚ ਰਖਿਆ ਗਿਆ ਸੀ, ਉਹ ਮੇਮਨਾ ਜੋ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਕੋਹਿਆ ਗਿਆ ਸੀ; ਜੱਦ ਉਹ ਆਖਰੀ ਨਾਮ ਛੁਡਾਇਆ ਜਾਂਦਾ ਹੈ, ਉਸ ਦਾ ਕੰਮ ਸਮਾਪਤ ਹੋ ਜਾਂਦਾ ਹੈ, ਜਿਹਨਾਂ ਨੂੰ ਉਸ ਨੇ ਛੁਡਾਇਆ ਹੈ ਉਹ ਉਹਨਾਂ ਨੂੰ ਲੈਣ ਲਈ ਅੱਗੇ ਆਉਂਦਾ ਹੈ। ਇਹ ਸਾਡੇ ਦਿਲਾਂ ਵਿਚੋਂ ਲਹੂ ਵਹਾਂਦਾ ਹੈ। ਪਰ ਜੇਕਰ ਇਹ ਇੱਕ ਹਜਾਰ ਸਾਲ ਬਾਅਦ ਹੁੰਦਾ ਤਾਂ ਇੱਕ ਵੀ ਛੁਡਾਇਆ ਹੋਇਆ ਨਾ ਹੁੰਦਾ।

ਅਤੇ ਕੋਈ ਵੀ ਛੁਡਾਇਆ ਨਹੀਂ ਜਾ ਸਕਦਾ ਜੇਕਰ ਉਸਦਾ ਨਾਮ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਮੇਮਨੇ ਦੀ ਜੀਵਨ ਦੀ ਪੁਸਤਕ ਵਿੱਚ ਨਹੀਂ ਰਖਿਆ ਗਿਆ। ਉਹ ਕੌਣ ਹਨ? ਮੈਂ ਨਹੀਂ ਜਾਣਦਾ। ਹੋਰ ਕੋਈ ਨਹੀਂ ਜਾਣਦਾ, ਸਮਝੇ, ਸਿਰਫ ਪਰਮੇਸ਼ੁਰ ਜਾਣਦਾ ਹੈ। ਮੈਂ ਇਹ ਵਿਸ਼ਵਾਸ ਕਰ ਰਿਹਾ ਹਾਂ ਕਿ ਸਾਡੇ ਵਿਚੋਂ ਹਰੇਕ ਦਾ ਨਾਮ ਉਸ ਪੁਸਤਕ ਵਿੱਚ ਸੀ। ਜੇਕਰ ਮੇਰਾ ਨਾਮ ਉਸ ਵਿੱਚ ਸੀ ਤਾਂ ਮੈਂ ਜਰੂਰ ਉਥੇ ਹੋਵਾਂਗਾ; ਪਰ ਜੇਕਰ ਇਹ ਨਹੀਂ ਸੀ ਤਾਂ ਮੈਂ ਉੱਥੇ ਨਹੀਂ ਹੋਵਾਂਗਾ। ਇਹ ਸਭ ਹੈ। ਸਮਝੇ, ਇਹ ਤਾਂ ਬੱਸ ਪਰਮੇਸ਼ੁਰ ਦੀ ਇੱਛਾ ਹੈ। "ਇਹ ਨਾ ਤਾਂ ਚਾਹੁਣ ਵਾਲੇ ਦਾ, ਨਾ ਹੀ ਦੋੜਨ ਵਾਲੇ ਦਾ ਸਗੋਂ ਪਰਮੇਸ਼ੁਰ ਦਾ ਕੰਮ ਹੈ ਜਿਹੜਾ ਦਯਾ ਕਰਦਾ ਹੈ"। ਸਮਝੇ?

46 ਹੁਣ ਆਓ ਅਸੀਂ ਪੂਰੇ ਆਦਰ ਅਤੇ ਇਮਾਨਦਾਰੀ ਨਾਲ ਵਚਨ ਵਲ ਜਾਇਏ। ਅਤੇ ਮੈਂ ਸੋਚਦਾ ਹਾਂ ਕਿ ਇਹ ਹੀ ਇੱਕ ਚੀਜ ਹੈ ਜੋ ਸਾਨੂੰ ਕਰਨੀ ਚਾਹੀਦੀ ਹੈ, ਸਮਝੇ। ਆਓ ਸਾਰੀਆਂ ਵਿਅਰਥ ਦੀਆਂ ਗਲਾਂ ਨੂੰ ਬੰਦ ਕਰੀਏ! ਆਦਰ ਭਾਵ ਧਾਰ ਲਵੋ ਅਤੇ ਇਮਾਨਦਾਰ ਬਣੋ!

ਮੈਂ ਕਦੇ ਕਦੇ ਲੋਕਾਂ ਨੂੰ ਪਸ਼ਚਾਤਾਪ ਕਰਦੇ ਵੇਖਦਾ ਹਾਂ ਜਦੋਂ ਉਹ…ਟੇਲੀਵਿਜਨ ਤੇ ਜੱਦ ਬਿੱਲੀ ਗ੍ਰਾਹਮ ਦੀ ਸਭਾ ਹੋ ਰਹੀ ਸੀ; ਬਿੱਲੀ ਗ੍ਰਾਹਮ ਦੇ ਵਿਰੁਧ ਕੁਝ ਨਹੀਂ ਹੈ। ਪਰ ਬੀਤੀ

ਰਾਤ ਉਸ ਬੰਦੇ ਨੇ ਕੈਲੀਫੋਰਨੀਆ ਵਿੱਚ ਇੱਕ ਅਦਭੁਤ ਸੰਦੇਸ਼ ਪ੍ਰਚਾਰ ਕੀਤਾ; ਉਸਨੇ ਠੀਕ ਉਹੀ ਪ੍ਰਚਾਰ ਕੀਤਾ ਜੋ ਜਿਆਦਾ ਚਿਰ ਨਹੀਂ ਹੋਇਆ ਮੈਂ ਵੀ ਇਥੇ ਉਹ ਪ੍ਰਚਾਰ ਕੀਤਾ ਸੀ, ਇਹ ਦਾਨੀਏਲ ਉੱਤੇ ਸੀ, "ਤੂੰ ਤਕੜੀ ਵਿੱਚ ਤੋਲਿਆ ਗਿਆ ਅਤੇ ਘੱਟ ਨਿਕਲਿਆ" । ਕਿੰਨੀਆਂ ਨੇ ਇਹ ਵੇਖਿਆ? ਮੇਰਾ ਅੰਦਾਜਾ ਹੈ ਤੁਹਾਡੇ ਵਿਚੋਂ ਬਹੁਤ ਸਾਰੀਆਂ ਨੇ ।

47 ਵੇਖੋ, ਕੀ ਤੁਸੀਂ ਉਹਨਾਂ ਲੋਕਾਂ ਉੱਤੇ ਧਿਆਨ ਦਿੱਤਾ ਜੱਦ ਉਹ ਕੁਰਸੀਆਂ ਤੋਂ ਉੱਠ ਕੇ ਆ ਰਹੇ ਸੀ, ਉਹ ਚਿਊਇੰਗ-ਗਮ ਚਬਾ ਰਹੇ ਸਨ, ਹੱਸ ਰਹੇ ਸਨ, ਇੱਕ ਦੂਸਰੇ ਦੇ ਮੁੱਕੇ ਮਾਰ ਰਹੇ ਸਨ? ਇਹ ਮੌਤ ਅਤੇ ਜੀਵਨ ਵਿਚਕਾਰ ਤੁਰਨਾ ਨਹੀਂ ਹੈ । ਇਹ ਨਾ ਹੀ ਪਾਪਾਂ ਦੇ ਲਈ ਅਫਸੋਸ ਸੀ ਅਤੇ ਨਾ ਹੀ ਪਸ਼ਚਾਤਾਪ ਸੀ । ਸਮਝੇ? ਇਹ ਤਾਂ ਬੱਸ ਉਹ ਹੈ ਜੋ ਬਿੱਲੀ ਨੇ ਕਿਹਾ ਸੀ, "ਇੱਕ ਫੈਂਸਲਾ ਲੈਣਾ" । ਅਤੇ ਇੱਕ ਠੰਡਾ, ਸੁੱਕੀਆਂ ਅੱਖਾਂ ਵਾਲੀ ਸਹਿਮਤੀ ਵਾਲਾ ਫੈਂਸਲਾ ਕੁਝ ਨਹੀਂ ਹੈ, ਕੁਝ ਵੀ ਨਹੀਂ ਹੈ । ਤੁਹਾਨੂੰ ਪਾਪ ਦੇ ਲਈ ਅਫਸੋਸ ਹੋਣਾ ਚਾਹੀਦਾ ਹੈ ਅਤੇ ਇਸ ਤੋਂ ਮੁੜ ਜਾਣਾ ਚਾਹੀਦਾ ਹੈ ।

ਅਤੇ ਬਿੱਲੀ ਨੇ ਆਪ ਹੀ ਕਿਹਾ ਸੀ, "ਇਹ ਸਾਬਤ ਕਰਦਾ ਹੈ ਕਿ ਤੀਹ ਹਜਾਰ ਵਿਚੋਂ ਇੱਕ ਸਾਲ ਬਾਅਦ ਤੁਸੀਂ ਤੀਹ ਵੀ ਨਹੀਂ ਲਭ ਸਕੋਗੇ" । ਉਸਨੇ ਕਿਸੇ ਹੋਰ ਦਿਨ ਕਿਹਾ ਸੀ, "ਨਿਊ ਯਾਰਕ ਦੇ ਨਾਲ ਕੀ ਮਾਮਲਾ ਹੈ? ਮੈਂ ਉਥੇ ਇੱਕ ਮਹਾਨ ਸਭਾ ਕੀਤੀ ਸੀ ਅਤੇ ਕੀ ਹੋ ਗਿਆ ਹੈ? ਪਾਪ ਉਸ ਨਾਲੋਂ ਵੀ ਵੱਧ ਗਿਆ ਹੈ ਜਿੰਨਾ ਇਹ ਪਹਿਲਾਂ ਕਦੇ ਸੀ" ।

48 ਅਤੇ ਇਹ ਹੋਰ ਬੁਰਾ ਹੁੰਦਾ ਜਾਵੇਗਾ । ਉਥੇ ਕੋਈ…ਰਾਸ਼ਟਰੀ ਪਸ਼ਚਾਤਾਪ ਨਹੀਂ ਹੋਵੇਗਾ । ਦੇਸ਼ ਨਾਸ਼ ਹੋ ਗਿਆ ਹੈ । ਸਿਰਫ ਤੁਸੀਂ ਅਤੇ ਕੁਝ ਵਿਅਕਤੀ ਹਨ; ਅਤੇ ਜਲਦ ਹੀ ਇਹ ਨਾਸ਼ ਹੋ ਜਾਵੇਗਾ ਜੇਕਰ ਇਹ ਅਜੇ ਨਹੀਂ ਹੋਇਆ ਹੈ । ਹੁਣ ਛੋਟੇ ਬੱਚਿਓ ਤੁਸੀਂ ਇਸ ਤੇ ਧਿਆਨ ਦਿਓ । ਹੋਰ ਕਿੰਨਾ ਚਿਰ ਭਾਈ ਬ੍ਰਾਨਹਾਮ…ਇਹ ਭਾਈ ਬ੍ਰਾਨਹਾਮ ਨਹੀਂ ਹੈ । ਜੋ ਮੈਂ ਕਿਹਾ ਹੈ ਉਹ ਸਹੀ ਜਾਂ ਗਲਤ ਹੋ ਸਕਦਾ ਹੈ । ਪਾਪ ਹੋਰ ਬੁਰਾ ਅਤੇ ਬੁਰਾ ਹੁੰਦਾ ਜਾਵੇਗਾ ਕਿ ਇੱਕ ਦਿਨ ਆਕਾਸ਼ ਅੱਗ ਫੜ੍ਹ ਲਵੇਗਾ ਅਤੇ ਅੱਗ ਧਰਤੀ ਤੇ ਆ ਪਵੇਗੀ ਅਤੇ ਧਰਤੀ ਵੱਡੇ ਤਾਓ ਨਾਲ ਜਲ ਬੱਲ ਜਾਵੇਗੀ । ਪਰ ਤੱਦ ਛੁਡਾਏ ਹੋਈ ਇਥੇ ਨਹੀਂ ਹੋਣਗੇ ਉਹ ਜਾ ਚੁੱਕੇ ਹੋਣਗੇ ।

49 ਹੁਣ ਮੈਂ ਸੰਤ ਮਰਕੁਸ ਦੀ ਕਿਤਾਬ 11ਵਾਂ ਅਧਿਆਏ, ਪਹਿਲਾ ਯੂਹੰਨਾ 4:4 ਅਤੇ ਮੱਤੀ 28:20 ਵਿਚੋਂ ਪੜ੍ਹਨਾ ਚਾਹੁੰਦਾ ਹਾਂ ।

50 ਹੁਣ ਪਹਿਲਾਂ ਮੈਂ ਸੰਤ ਮਰਕੁਸ 11 ਅਧਿਆਏ ਵਿਚੋਂ 12 ਤੋਂ 24 ਆਇਤ ਤੱਕ ਪੜਨਾ ਚਾਹੁੰਦਾ ਹਾਂ ।

ਜੱਦ ਅਸੀਂ ਪੜ੍ਹ ਰਹੇ ਹਾਂ ਧਿਆਨ ਨਾਲ ਸੁਣਨਾ । ਅਤੇ ਇਹ ਇੱਕ ਛੋਟੀ ਗਵਾਹੀ ਅਤੇ ਉਤਸਾਹ ਦੇ ਕੁਝ ਸ਼ਬਦਾਂ ਦੇ ਲਈ ਸਮਰਥਕ ਹੋਵੇਗਾ ਅਤੇ ਫਿਰ ਅਸੀਂ ਵੇਖਾਂਗੇ ਕਿ ਪਰਮੇਸ਼ੁਰ ਸਾਡੇ ਤੋਂ ਕੀ ਕਰਵਾਉਣਾ ਚਾਹੁੰਦਾ ਹੈ । ਜੱਦ ਅਸੀਂ ਪੜਦੇ ਹਾਂ ਤਾਂ ਹਰ ਕੋਈ ਬੱਸ ਬੈਠ ਕੇ ਪ੍ਰਾਰਥਨਾ ਵਿੱਚ ਰਹੇ ।

51 ਮਰਕੁਸ 11:12

*ਅਗਲੇ ਦਿਨ ਜਾਂ ਉਹ…ਬੈਤਅਨੀਆ ਤੋਂ ਬਾਹਰ ਆਏ ਤਾਂ ਉਸ ਨੂੰ ਭੁੱਖ ਲਗੀ:*

*ਅਤੇ ਦੂਰੋਂ ਪੱਤਿਆਂ ਵਾਲਾ ਹੰਜੀਰ ਦਾ ਇੱਕ ਬਿਰਛ ਵੇਖ ਕੇ ਉਹ ਗਿਆ ਜੋ ਕੀ ਜਾਣੀਏ ਉਸ ਤੋਂ ਕੁਝ ਲੱਭੇ ਪਰ ਜਾਂ ਉਹ ਉਸ ਦੇ ਨੇੜੇ ਆਇਆ ਤਾਂ ਪੱਤਿਆਂ ਬਿਨਾ ਹੋਰ ਕੁਝ ਨਾ ਪਾਇਆ ਕਿਉਂਕਿ ਹੰਜੀਰਾਂ ਦੀ ਰੁੱਤ ਨਾ ਸੀ ।*

*ਤੱਦ ਯਿਸੂ ਨੇ ਉਸ ਨੂੰ ਆਖਿਆ, ਕੋਈ ਤੇਰਾ ਫਲ ਫੇਰ ਕਦੇ ਨਾ ਖਾਵੇ ਅਤੇ ਉਹ ਦੇ ਚੇਲਿਆਂ ਨੇ ਇਹ ਸੁਣਿਆ ।*

*ਉਹ ਯਰੂਸ਼ਲਮ ਵਿੱਚ ਆਏ ਆਰ ਉਹ ਹੈਕਲ ਵਿੱਚ ਜਾਕੇ ਉਨ੍ਹਾਂ ਨੂੰ ਜਿਹੜੇ ਹੈਕਲ ਵਿੱਚ ਵੇਚਦੇ ਅਰ ਮੁੱਲ ਲੈਂਦੇ ਸਨ ਕੱਢਣ ਲੱਗਾ ਅਤੇ ਸਰਾਫਾਂ ਦੇ ਤਖਤਪੋਸ਼ ਅਰ ਕਬੂਤਰ ਵੇਚਣ ਵਾਲਿਆਂ ਦੀਆਂ ਚੌਂਕੀਆਂ ਉਲਟ ਦਿੱਤੀਆਂ ।*

*ਅਰ ਕਿਸੇ ਨੂੰ ਹੈਕਲ ਵਿੱਚੋਂ ਦੀ ਭਾਂਡਾ ਲੈਕੇ ਲੰਘਣ ਨਾ ਦਿੱਤਾ ।*

*ਅਤੇ ਉਨ੍ਹਾਂ ਨੂੰ ਇਹ ਕਹਿ ਕੇ ਉਪਦੇਸ਼ ਦਿੱਤਾ, ਕੀ ਇਹ...ਨਹੀਂ ਲਿਖਿਆ ਹੈ ਜੋ ਮੇਰੇ ਪਿਤਾ ਦਾ ਘਰ...ਸਾਰੀਆਂ ਕੌਮਾਂ ਲਈ ਪ੍ਰਾਰਥਨਾ ਦਾ ਘਰ ਸਦਾਵੇਗਾ? ਪਰ ਤੁਸੀਂ ਉਹ ਨੂੰ ਡਾਕੂਆਂ ਦੀ ਖੋਹ ਬਣਾ ਛੱਡਿਆ ਹੈ!*

*ਪਰਧਾਨ ਜਾਜਕ ਆਰ ਗ੍ਰੰਥੀ ਇਹ ਸੁਣ ਕੇ ਇਸ ਗੱਲ ਦੇ ਪਿੱਛੇ ਲੱਗੇ ਭਈ ਉਹ ਦਾ ਕਿਸ ਤਰਾਂ ਨਾਸ ਕਰੀਏ ਕਿਉਂਕਿ ਉਹ ਉਸ ਤੋਂ ਡਰਦੇ ਸਨ ਇਸ ਲਈ ਜੋ ਸਭ ਲੋਕ ਉਹ ਦੇ ਉਪਦੇਸ਼ ਤੋਂ ਹੈਰਾਨ ਰਹਿ ਗਏ ਸਨ ।*

*ਅਤੇ ਹਰ ਸ਼ਾਮ ਨੂੰ ਉਹ ਸ਼ਹਿਰੋਂ ਬਾਹਰ ਜਾਂਦਾ ਹੁੰਦਾ ਸੀ ।*

*ਅਤੇ ਸਵੇਰ ਨੂੰ (ਇਹ ਅਗਲਾ ਦਿਨ ਸੀ), ਜਾਂ ਉਹ ਉੱਧਰੋਂ ਦੀ ਲੰਘੇ ਤਾਂ ਵੇਖਿਆ ਜੋ ਉਹ ਹੰਜੀਰ ਦਾ ਬਿਰਛ ਜੜ੍ਹੋਂ ਸੁੱਕ ਗਿਆ ਹੈ!*

ਉਸ ਦੇ "ਕੋਈ ਤੇਰਾ ਫਲ ਨਾ ਖਾਵੇ" ਕਹਿਣ ਤੋਂ ਬਾਅਦ ਚੋਵੀ ਘੰਟਿਆ ਦੇ ਅੰਦਰ ਇਹ ਕਰਾਮਾਤ ਹੋ ਗਈ ਸੀ । ਜੱਦ ਉਸ ਨੇ ਇਹ ਕਿਹਾ ਸੀ ਉਸ ਵੇਲੇ ਲਗਦਾ ਸੀ ਕਿ ਕੁਝ ਵੀ ਨਹੀਂ ਹੋਇਆ ਪਰ ਅਗਲੇ ਦਿਨ ਉਹ ਬਿਰਛ ਸੁੱਕ ਗਿਆ ਸੀ ।

*ਤਦ ਪਤਰਸ ਨੇ ਚੇਤੇ ਕਰ ਕੇ ਉਹ ਨੂੰ ਆਖਿਆ, ਸੁਆਮੀ ਜੀ ਵੇਖ, ਇਹ ਹੰਜੀਰ ਦਾ ਬਿਰਛ ਜਿਹ ਨੂੰ ਤਿਨ ਸਰਾਪ ਦਿੱਤਾ ਸੀ ਸੁੱਕ ਗਿਆ ਹੈ!*

*...ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਪਰਮੇਸ਼ੁਰ ਉੱਤੇ ਨਿਹਚਾ ਰੱਖੋ ।*

*ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੋਈ ਇਸ ਪਹਾੜ ਨੂੰ ਕਹੇ, ਉੱਠ ਅਤੇ ਸਮੁੰਦਰ ਵਿੱਚ ਜਾ ਪੈ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ ਪਰ ਪਰਤੀਤ ਕਰੇ ਕਿ ਜਿਹੜੀਆਂ ਗੱਲਾਂ ਮੈਂ ਆਖਦਾ ਹਾਂ ਉਹ ਹੁੰਦੀਆਂ ਹਨ ਤਾਂ ਉਹ ਦੇ ਲਈ ਹੋ ਜਾਵੇਗਾ ।*

*ਇਸ ਲਈ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੁਝ ਤੁਸੀਂ ਪ੍ਰਾਰਥਨਾ ਕਰ ਕੇ ਮੰਗੋ ਪਰਤੀਤ ਕਰੋ ਜੋ ਸਾਨੂੰ ਮਿਲ ਗਿਆ ਤਾਂ ਤੁਹਾਨੂੰ ਮਿਲੇਗਾ ।*

*ਜਦ ਕਦੇ ਤੁਸੀਂ ਖਲੋ ਕੇ ਪ੍ਰਾਰਥਨਾ ਕਰਦੇ ਹੋ, ਜੇ ਤੁਹਾਡਾ ਕਿਸੇ ਨਾਲ ਵਿਰੋਧ ਹੋਵੇ ਤਾਂ ਉਹ ਨੂੰ ਮਾਫ਼ ਕਰੋ ਤਾਂ ਜੋ ਤੁਹਾਡਾ ਪਿਤਾ ਵੀ ਜਿਹੜਾ ਸੁਰਗ ਵਿੱਚ ਹੈ ਤੁਹਾਡਿਆਂ ਅਪਰਾਧਾਂ ਨੂੰ ਮਾਫ਼ ਕਰੇ ।*

*ਪਰ ਜੇਕਰ ਤੁਸੀਂ ਮਾਫ਼ ਨਾ ਕਰੋ ਤਾਂ ਤੁਹਾਡਾ ਪਿਤਾ ਵੀ ਜਿਹੜਾ ਸਵਰਗ ਵਿੱਚ ਹੈ ਤੁਹਾਡੇ ਅਪਰਾਧਾਂ ਨੂੰ ਮਾਫ਼ ਨਹੀਂ ਕਰੇਗਾ ।* (ਇਹ ਇੱਕ ਸ਼ਰਤ ਉੱਤੇ ਹੈ)

52 ਹੁਣ ਮੈਂ ਪਹਿਲਾ ਯੂਹੰਨਾ 4:4 ਪੜ੍ਹਨਾ ਚਾਹੁੰਦਾ ਹਾਂ ।

*ਹੇ ਬੱਚਿਓ ਤੁਸੀਂ ਤਾਂ ਪਰਮੇਸ਼ੁਰ ਤੋਂ ਹੋ ਅਤੇ ਉਨ੍ਹਾਂ ਨੂੰ ਜਿੱਤ ਲਿਆ ਹੈ: ਕਿਓਂਕਿ…*(ਧਿਆਨ ਨਾਲ ਸੁਣਨਾ) *…ਜਿਹੜਾ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ ।*

53 ਕੀ ਮੈਂ ਇਸ ਨੂੰ ਫਿਰ ਤੋਂ ਪੜ੍ਹ ਸਕਦਾ ਹਾਂ ।

*ਹੇ ਬੱਚਿਓ, ਤੁਸੀਂ ਤਾਂ ਪਰਮੇਸ਼ੁਰ ਤੋਂ ਹੋ ਅਤੇ ਉਨ੍ਹਾਂ ਨੂੰ ਜਿੱਤ ਲਿਆ ਹੈ:* (ਉਹ ਮਸੀਹ ਵਿਰੋਧੀ ਬਾਰੇ ਗਲ ਕਰ ਰਿਹਾ ਹੈ),*ਕਿਓਂਕਿ ਜਿਹੜਾ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ ।*

ਦੋ ਪੜ੍ਹਨਾਂਵ ਹਨ, ਵੇਖੋ, “ਉਹ” ਵਿਅਕਤੀਗਤ ਪੜ੍ਹਨਾਂਵ; “ਉਹ” ਜੋ ਸੰਸਾਰ ਵਿੱਚ ਹੈ ਅਤੇ “ਉਹ” ਜੋ ਤੁਹਾਡੇ ਵਿੱਚ ਹੈ । “ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ” ।

54 ਹੁਣ ਅਸੀਂ ਸੰਤ ਮੱਤੀ ਦੇ 28ਵੇਂ ਅਧਿਆਏ ਵਿਚੋਂ 20 ਆਇਤ ਪੜ੍ਹਾਂਗੇ ।

*ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ…ਵੇਖੋ, ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ ।*

55 ਇਸ ਵਿੱਚ ਇੱਕ ਵਿਸ਼ਾ ਹੈ, *ਉਹ ਜੋ ਤੁਹਾਡੇ ਵਿੱਚ ਹੈ :* ਮੈਂ ਇਸ ਨੂੰ ਅੱਜ ਰਾਤ ਇੱਕ ਵਿਸ਼ੇ ਦੇ ਤੌਰ ਤੇ ਇਸਤੇਮਾਲ ਕਰਨਾ ਚਾਹੁੰਦਾ ਹਾਂ । ਅਤੇ ਇਸ ਦੇ ਨਾਲ ਮੈਂ ਪ੍ਰਾਰਥਨਾ ਸਭਾ ਦੇ ਲਈ ਵਿਸ਼ਵਾਸ ਬਣਾਉਣਾ ਚਾਹੁੰਦਾ ਹਾਂ । ਅਤੇ ਜਿੰਨੀ ਜਲਦੀ ਹੋ ਸਕੇ…

56 ਹੁਣ ਇਹ ਉਸੇ ਤਰਾਂ ਹੈ ਜਿਵੇਂ ਮੈਂ ਤੁਹਾਨੂੰ ਦੱਸਿਆ ਸੀ, ਮੈਂ ਤੁਹਾਨੂੰ ਉਹਨਾਂ ਘਟਨਾਂਵਾਂ ਬਾਰੇ ਦੱਸਣਾ ਚਾਹੁੰਦਾ ਹਾਂ ਜੋ ਹੋਈਆਂ ਹਨ । ਅਤੇ ਮੈਂ ਆਮ ਤੌਰ ਤੇ ਇਸ ਕਲੀਸਿਯਾ ਵਿੱਚ ਆਉਣ ਦਾ ਇੰਤਜ਼ਾਰ ਕਰਦਾ ਹਾਂ ਤਾਂ ਜੋ ਆ ਕੇ ਘਟਨਾਂਵਾਂ ਦੱਸਾਂ । ਅਤੇ ਫਿਰ ਜੇਕਰ ਹੋਰ ਲੋਕ ਵੀ ਇਹਨਾਂ ਨੂੰ ਸੁਣਨਾ ਚਾਹੁੰਦੇ ਹਨ ਤਾਂ ਉਹ ਟੇਪਾਂ ਵਿਚੋਂ ਸੁਣ ਸਕਦੇ ਹਨ । ਪਰ ਮੈਂ ਇਥੇ ਆਉਣ ਦੀ ਉਡੀਕ ਕਰਦਾ ਹਾਂ ।

ਅਤੇ ਇਸ ਘਟਨਾ ਦੇ ਬਾਰੇ ਜਿਸ ਬਾਰੇ ਮੈਂ ਤੁਹਾਨੂੰ ਦੱਸਣ ਜਾ ਰਿਹਾ ਹਾਂ, ਉਸ ਦੀ ਗਵਾਹੀ ਦੇਣ ਲਈ ਇਥੇ ਕਈ ਸਾਰੇ ਮਸੀਹ ਭਰਾ ਹਨ । ਇੱਕ ਜੋ ਉਥੇ ਮੌਜੂਦ ਸੀ, ਉਹ ਭਾਈ ਬੈਂਕਸ ਵੁਡ ਸੀ । ਇੱਕ ਹੋਰ ਉਥੇ ਮੌਜੂਦ ਸੀ, ਇਹ ਭਾਈ ਡੇਵਿਡ ਵੁਡ ਸੀ । ਹੋਰ ਜੋ ਉਥੇ ਮੌਜੂਦ ਸੀ ਉਹ ਭਾਈ ਏਵੰਸ ਅਤੇ ਉਸ ਦਾ ਬੇਟਾ ਰੋਨਾਲਡ ਸੀ । ਇੱਕ ਹੋਰ ਜੋ ਉਥੇ ਮੌਜੂਦ ਸੀ ਉਹ ਸਾਡਾ ਨੇਕ ਡੀਕਨ ਭਾਈ ਵ੍ਹੀਲਰ ਸੀ । ਅਤੇ ਹੋਰ ਜੋ ਉਥੇ ਮੌਜੂਦ ਸਨ ਉਹ ਭਾਈ ਮੈਂਨ ਸੀ । ਕੀ ਭਾਈ ਮੈਨ ਇਥੇ ਹੈ, ਜਿਹੜਾ ਨਿਊ ਅਲਬਾਨੀ ਤੋਂ ਹੈ? ਉਹ ਇੱਕ ਮੈਥੋਡਿਸਟ ਪ੍ਰਚਾਰਕ ਹੈ ਜਿਸ ਨੂੰ ਮੈਂ ਹਾਲ ਹੀ ਵਿੱਚ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਹੈ, ਉਹ ਵੀ ਉਥੇ ਸੀ ਜਦੋਂ ਇਹ ਵਾਪਰਿਆ ।

57 ਕੁਝ ਚਿਰ ਤੋਂ ਸਗੋਂ ਕੁਝ ਸਾਲਾਂ ਤੋਂ ਮੇਰੀ ਛਾਤੀ ਦੇ ਉੱਤੇ ਇੱਕ ਡੂੰਘਾ ਬੋਝ ਸੀ...ਮੇਰੇ ਦਿਲ ਵਿੱਚ ਸੀ। ਮੈਨੂੰ ਇਸ ਤਰਾਂ ਮਹਿਸੂਸ ਹੁੰਦਾ ਸੀ ਜਿਵੇਂ ਮੈਂ ਕੁਝ ਗਲਤ ਕਰ ਦਿੱਤਾ ਸੀ। ਅਤੇ ਮੈਂ ਆਪਣੇ ਜੀਵਨ ਵਿੱਚ ਵਾਰ ਵਾਰ ਇਹ ਭਾਲਦਾ ਸੀ ਕਿ ਕੀ ਗਲਤ ਹੋਇਆ ਸੀ। “ਪ੍ਰਭੂ, ਜੇਕਰ—ਜੇਕਰ ਮੈਂ ਕੁਝ ਗਲਤ ਕੀਤਾ ਹੈ ਤਾਂ ਮੇਰੇ ਉੱਤੇ ਪ੍ਰਗਟ ਕਰ ਕਿ ਕੀ ਗਲਤ ਹੈ ਅਤੇ ਮੈਂ ਜਾ ਕੇ ਉਸ ਨੂੰ ਠੀਕ ਕਰ ਲਵਾਂਗਾ”। ਪਰ ਮੇਰੇ ਉੱਤੇ ਕੁਝ ਵੀ ਪ੍ਰਗਟ ਨਹੀਂ ਹੋ ਰਿਹਾ ਸੀ। ਮੈਂ ਆਖਦਾ ਸੀ, “ਕੀ ਮੈਂ ਕਿਸੇ ਨੂੰ ਠੇਸ ਪਹੁੰਚਾਈ ਹੈ? ਕੀ ਮੈਂ ਕੁਝ ਅਧੂਰਾ ਛੱਡ ਦਿੱਤਾ ਹੈ? ਕੀ ਮੈਂ...ਕੀ ਮੈਂ ਓਨਾਂ ਪੜ੍ਹਦਾ ਹਾਂ ਜਿਨਾਂ ਪੜ੍ਹਨਾ ਚਾਹੀਦਾ ਹੈ? ਮੈਨੂੰ ਜਿੰਨੀਂ ਪ੍ਰਾਰਥਨਾ ਕਰਨੀ ਚਾਹੀਦੀ ਹੈ ਕੀ ਮੈਂ ਉਨੀਂ ਕਰ ਰਿਹਾ ਹਾਂ?” ਅਤੇ ਮੈਂ ਪੜ੍ਹਦਾ ਅਤੇ ਪ੍ਰਾਰਥਨਾ ਕਰਦਾ ਸੀ। ਅਤੇ—ਅਤੇ ਮੈਂ ਕਹਿੰਦਾ ਸੀ, “ਮੇਰੇ ਉੱਤੇ ਇਹ ਪ੍ਰਗਟ ਕਰ। ਕੀ ਮੈਂ ਕਿਸੇ ਦਾ ਨੁਕਸਾਨ ਕੀਤਾ ਹੈ? ਜੇਕਰ ਮੈਂ ਇਹ ਕੀਤਾ ਹੈ ਤਾਂ ਮੈਂ ਇਸ ਨੂੰ ਠੀਕ ਕਰ ਲਵਾਂਗਾ। ਬੱਸ ਮੈਨੂੰ ਵਿਖਾ, ਮੈਂ ਇਸ ਬੋਝ ਨੂੰ ਨਹੀਂ ਚਾਹੁੰਦਾ”। ਅਤੇ ਪਿਛਲੇ ਪੰਜ ਸਾਲਾਂ ਤੋਂ ਜੱਦ ਦਾ ਮੈਂ ਮੈਦਾਨ ਵਿਚੋਂ ਬਾਹਰ ਆਇਆ ਹਾਂ, ਮੇਰੇ ਦਿਲ ਵਿੱਚ ਇੱਕ ਬੋਝ ਲਟਕ ਰਿਹਾ ਸੀ।

58 ਮੈਂ ਪਹਾੜਾਂ ਉੱਤੇ ਗਿਆ ਹਾਂ। ਮੈਂ ਸਮੁੰਦਰ ਦੇ ਕਿਨਾਰੇ ਤੇ ਗਿਆ ਹਾਂ। ਮੈਂ ਹਰ ਜਗਾ ਗਿਆ ਹਾਂ ਅਤੇ ਪ੍ਰਾਰਥਨਾ ਅਤੇ ਪ੍ਰਾਰਥਨਾ ਅਤੇ ਪ੍ਰਾਰਥਨਾ ਕਰੀ ਜਾ ਰਿਹਾ ਸੀ ਅਤੇ ਇਹ ਬੱਸ ਖਤਮ ਹੀ ਨਹੀਂ ਹੋ ਰਿਹਾ ਸੀ। ਅਤੇ ਮੈਂ ਹਰ ਚੀਜ ਬਾਰੇ ਸੋਚਿਆ, ਜੇਕਰ ਮੈਂ ਕੁਝ ਕੀਤਾ ਹੋਵੇ। ਪਰ ਇਹ ਅਜੇ ਵੀ ਸਮਾਪਤ ਨਹੀਂ ਹੋ ਰਿਹਾ ਸੀ; ਮੈਂ ਬੱਸ ਜਿਵੇਂ ਇੱਕ ਕੈਦ ਵਿੱਚ ਸੀ।

ਅਤੇ ਇਹ ਬਹੁਤ ਅਜੀਬ ਹੈ ਕਿ ਇਹ ਬੋਝ ਉਸੇ ਵੇਲੇ ਚੁਕਿਆ ਜਾਣਾ ਸੀ ਜੱਦ ਇਹ ਸੰਦੇਸ਼ ਆਇਆ, ਅੱਜ ਸਵੇਰ ਦਾ ਸੰਦੇਸ਼, ਸਮਝੇ। ਹੁਣ ਕੀ ਪਰਮੇਸ਼ੁਰ ਇਸ ਨੂੰ ਰੋਕੀ ਬੈਠਾ ਸੀ? ਮੈਂ ਨਹੀਂ ਜਾਣਦਾ। ਵੇਖੋ, ਮੈਂ...ਇਹ ਸਾਰੀਆਂ ਗਲਾਂ ਮੇਰੇ ਵਿਚਾਰਾਂ ਵਿੱਚ ਸਨ। ਤੁਸੀਂ ਇਹ ਅੰਦਾਜਾ ਲਗਾ ਸਕਦੇ ਹੋ ਕਿ ਇੱਕ ਆਦਮੀ ਦੇ ਦਿਲ ਵਿੱਚ ਕੀ ਹੁੰਦਾ ਹੈ ਜੱਦ ਉਹ ਅਜਿਹੀਆਂ ਗਲਾਂ ਪੇਸ਼ ਕਰਦਾ ਹੈ, ਸਮਝੇ, ਇਹ ਸੋਚਦੇ ਹੋਏ ਕਿ ਕੀ ਹੋ ਰਿਹਾ ਹੈ ਅਤੇ ਇਹ ਲੋਕਾਂ ਨੂੰ ਦੱਸਣਾ, ਇਹ ਜਾਣਦੇ ਹੋਏ ਕਿ ਕੁਝ ਲੋਕ ਇਸ ਨੂੰ ਗਲਤ ਨਜ਼ਰੀਏ ਨਾਲ ਲੈਣਗੇ, ਅਤੇ ਕੁਝ ਲੋਕ *ਇਸ* ਪਾਸੇ ਜਾਣਗੇ ਅਤੇ ਕੁਝ *ਓਸ* ਪਾਸੇ। ਤੁਸੀਂ ਜਾਣਦੇ ਹੋ ਕਿ ਇਹ ਕਿਸ ਤਰਾਂ ਹੈ। ਅਤੇ ਕੁਝ ਵਿਸ਼ਵਾਸ ਕਰਣਗੇ ਅਤੇ ਕੁਝ ਨਹੀਂ ਕਰਣਗੇ। ਅਤੇ ਤੁਹਾਨੂੰ ਇਹ ਸਭ ਸਹਿਣ ਕਰਨਾ ਪੈਂਦਾ ਹੈ।

59 ਤੁਸੀਂ ਇਸ ਨੂੰ ਠੇਸ ਪਹੁੰਚਾਏ ਬਗੈਰ ਕਿਵੇਂ ਕਹਿ ਸਕਦੇ ਹੋ? ਤੁਸੀਂ ਇਸ ਨੂੰ ਕਿਵੇਂ ਕਹਿ ਸਕਦੇ ਹੋ ਕਿ ਇਹ ਅਸਰ ਕਰੇ? ਤੁਸੀਂ ਇਸ ਨੂੰ ਕਿਸ ਤਰਾਂ ਕਹਿ ਸਕਦੇ ਹੋ ਕਿ ਇਹ ਵਿਖਾ ਸਕੋ ਕਿ ਤੁਸੀਂ ਉਹਨਾਂ ਉੱਤੇ ਨਿਸ਼ਾਨਾ ਨਹੀਂ ਬਣਾ ਰਹੇ ਪਰ ਤੁਸੀਂ ਉਹਨਾਂ ਨੂੰ ਪ੍ਰੇਮ ਕਰਦੇ ਹੋ? ਤੁਸੀਂ ਕਿਵੇਂ ਸਖਤ ਅਤੇ ਦਰਿੜ੍ਹ ਹੋ ਸਕਦੇ ਹੋ ਅਤੇ ਫਿਰ ਵੀ ਪ੍ਰੇਮ ਕਰਦੇ ਹੋ? ਅਤੇ, ਔਹ ਤੁਸੀਂ ਇਸ ਨੂੰ ਕਿਸ ਤਰਾਂ ਪੇਸ਼ ਕਰਨ ਜਾ ਰਹੇ ਹੋ? ਅਤੇ ਫਿਰ ਹਾਏ ਮੇਰੇ ਉੱਤੇ ਜੇਕਰ ਮੈਂ ਇਹ ਪੇਸ਼ ਨਾ ਕਰਾਂ! ਸਮਝੇ? ਅਤੇ ਇਥੇ ਹੋ ਤੁਸੀਂ, ਸਮਝੇ? ਇਸ ਵਿੱਚ ਕੋਈ ਹੈਰਾਨੀ ਦੀ ਗਲ ਨਹੀਂ ਕਿ ਇਹ ਤੁਹਾਨੂੰ ਬੇਚੈਨ ਕਰਦਾ ਹੈ ਅਤੇ ਥਕਾ ਦਿੰਦਾ ਹੈ।

60 ਮੈ ਵਾਪਸ...ਅਰੀਜੋਨਾ ਤੋਂ ਇਥੇ ਕੁਝ ਭਾਈਆਂ ਨੂੰ ਮਿਲਣ ਆਇਆ ਹਾਂ ਜਿਹੜੇ ਹਰ ਸਾਲ ਮੇਰੇ ਨਾਲ ਕੋਲੋਰਾਡੋ ਵਿੱਚ ਸ਼ਿਕਾਰ ਕਰਨ ਲਈ ਜਾਂਦੇ ਹਨ।

ਹੁਣ ਕੁਝ ਲੋਕ ਹੈਰਾਨ ਹੁੰਦੇ ਹਨ, "ਤੁਸੀਂ ਸ਼ਿਕਾਰ ਕਰਨ ਕਿਓ ਜਾਂਦੇ ਹੋ? ਕੌਣ ਤੁਹਾਡੇ ਕੋਲੋਂ ਇਹ ਕਰਵਾਉਂਦਾ ਹੈ?"

ਵੇਖੋ, *ਇਥੇ* ਤੁਸੀਂ ਭਰ ਰਹੇ ਹੋ ਅਤੇ ਮੈਂ ਖਾਲੀ ਹੋ ਰਿਹਾ ਹਾਂ; *ਉਥੇ* ਮੈਂ ਭਰਦਾ ਹਾਂ ਤਾਂ ਜੋ ਮੈਂ ਖਾਲੀ ਹੋ ਸਕਾਂ । ਸਮਝੇ? ਹੁਣ, ਮੈਂ ਬੱਸ ਸ਼ਿਕਾਰ ਖੇਡਣ ਹੀਂ ਨਹੀਂ ਜਾਂਦਾ । ਕਿਓਂ, ਇਥੇ ਜੋ ਵੀ ਮੇਰੇ ਨਾਲ ਜਾਂਦੇ ਹਨ ਉਹ ਜਾਣਦੇ ਹਨ ਕਿ ਮੈਂ ਸੈਂਕੜੇ ਸ਼ਿਕਾਰਾਂ ਦੇ ਕੋਲੋਂ ਦੀ ਲੰਘਦਾ ਹਾਂ ਅਤੇ ਉਹਨਾਂ ਨੂੰ ਛੂਹੰਦਾ ਵੀ ਨਹੀਂ । ਮੈਂ ਨਹੀਂ ਕਰਦਾ ।

61 ਹੁਣ, ਜਿਆਦਾ ਚਿਰ ਨਹੀਂ ਹੋਇਆ ਮੈਂ ਕ੍ਰਿਸਚਨ ਬਿਜਨਸਮੈਨ ਲਈ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ, ਜਦੋਂ ਉਹ ਆ ਕੇ ਕਹਿੰਦੇ ਸਨ, "ਬਿੱਲੀ, ਮੈਨੂੰ ਇੱਕ ਬਲਦ ਲਿਆ ਦੇ, ਮੈਨੂੰ ਇੱਕ ਗਾਂ ਲਿਆ ਦੇ, ਮੈਨੂੰ ਇੱਕ ਹਿਰਨ ਲਿਆ ਦੇ, ਮੈਨੂੰ *ਇਹ* ਜਾਂ *ਉਹ* ਲਿਆ ਦੇ ਜਾਂ ਕੁਝ *ਹੋਰ* ਲਿਆ ਦੇ" । ਮੈਂ ਬਾਹਰ ਜਾਂਦਾ ਹਾਂ ਅਤੇ ਸੱਜੇ ਖੱਬੇ ਤੋਂ ਸ਼ਿਕਾਰ ਲਭ ਕੇ ਮਾਰਦਾ ਹਾਂ । ਪ੍ਰਭੂ ਮੇਰੀ ਸਹਾਇਤਾ ਕਰਦਾ ਹੈ ਇਸ ਲਈ ਚੰਗਾ ਸ਼ਿਕਾਰ ਮਿਲ ਜਾਂਦਾ ਹੈ ਅਤੇ ਬਹੁਤ ਚੰਗਾ ਨਿਸ਼ਾਨਾ ਹੈ ਅਤੇ ਉਹਨਾਂ ਨੂੰ ਮਾਰਦਾ ਹਾਂ । ਅਤੇ ਉਹ ਬੱਸ ਇੱਕਠੇ ਬੈਠ ਕੇ ਆਪਣੇ ਕੰਮ ਬਾਰੇ ਗਲਬਾਤ ਕਰਦੇ ਹਨ ।

62 ਫਿਰ ਪ੍ਰਭੂ ਨੇ ਮੈਨੂੰ ਇਹ ਕਰਨ ਤੋਂ ਮਨਾ ਕਰ ਦਿੱਤਾ । ਅਤੇ ਮੈਂ—ਮੈਂ ਇਸ ਬਾਰੇ ਬੁਰਾ ਮਹਿਸੂਸ ਕੀਤਾ ਅਤੇ ਇਸ ਲਈ ਮੈਂ ਉਸ ਨਾਲ ਵਾਅਦਾ ਕੀਤਾ ਕਿ ਮੈਂ ਫਿਰ ਇਹ ਨਹੀਂ ਕਰਾਂਗਾ । ਨਹੀਂ । ਮੈਂ ਆਖਿਆ, "ਜੇਕਰ ਇਹ ਕਿਸੇ ਨੂੰ ਜਰੂਰ ਚਾਹੀਦਾ ਹੋਵੇਗਾ ਤਾਂ ਮੈਂ ਇਹ ਕਰਾਂਗਾ । ਪਰ ਜੇਕਰ ਉਹਨਾਂ ਨੂੰ ਇਸ ਦੀ ਲੋੜ੍ਹ ਨਹੀਂ ਤਾਂ ਮੈ ਇਹ ਨਹੀਂ ਕਰਾਂਗਾ" । ਉਹਨਾਂ ਲੋਕਾਂ ਕੋਲ ਬੀਫ ਮੁਲ ਲੈਣ ਲਈ ਬਥੇਰਾ ਪੈਸਾ ਹੈ । ਇਸ ਲਈ ਮੈਂ ਇਹ ਕਿਓਂ ਕਰਾਂ? ਜੇਕਰ ਤੁਹਾਨੂੰ ਇਸ ਦੀ ਲੋੜ੍ਹ ਨਹੀਂ ਹੈ ਤਾਂ ਜਾਨਵਰ ਨੂੰ ਜੀਣ ਦਿਓ ।

63 ਇਸ ਲਈ ਮੈਂ ਬੱਸ ਇੱਕਲਾ ਰਹਿਣ ਲਈ ਜਾਂਦਾ ਹਾਂ । ਅਤੇ ਹਰ ਇੱਕ ਆਦਮੀ ਜੋ ਮੇਰੇ ਨਾਲ ਸ਼ਿਕਾਰ ਕਰਨ ਲਈ ਜਾਂਦਾ ਹੈ, ਉਹ ਜਾਣਦਾ ਹੈ ਕਿ ਮੈਂ ਕਿਸੇ ਦੇ ਨਾਲ ਸ਼ਿਕਾਰ ਨਹੀਂ ਕਰਦਾ । ਮੈਂ ਆਪ ਹੀ ਜਾਂਦਾ ਹਾਂ ਤਾਂ ਜੋ ਇੱਕਲਾ ਰਹਿ ਸਕਾਂ । ਮੈਂ ਉਹਨਾਂ ਦੇ ਨਾਲ ਇਸ ਲਈ ਜਾਂਦਾ ਹਾਂ ਤਾਂਕਿ ਰਾਤ ਨੂੰ ਉਹਨਾਂ ਦੇ ਨਾਲ ਸੰਗਤੀ ਕਰ ਸਕਾਂ ਅਤੇ ਪ੍ਰਾਰਥਨਾ ਕਰ ਸਕਾਂ ।

ਪਰ ਉਥੇ ਬਹੁਤ ਸਾਰੇ ਸੇਵਕ ਸਨ । ਇਸ ਸਾਲ ਉਪਰ ਪਹਾੜੀਆਂ ਉੱਤੇ ਸਾਡੇ ਨਾਲ ਸਾਡਾ ਭਾਈ ਪਾਲਮਰ ਵੀ ਸੀ । ਮੇਰਾ ਵਿਸ਼ਵਾਸ ਹੈ ਕਿ ਮੈਂ ਉਸ ਨੂੰ ਕੁਝ ਦੇਰ ਪਹਿਲਾਂ ਕਿਤੇ ਵੇਖਿਆ...ਉਹ ਉਥੇ ਬੈਠੇ ਹਨ, ਭਾਈ ਪਾਲਮਰ । ਅਤੇ ਭਾਈ ਬੋਬ ਲੈਮਬਰਟ, ਉਹ ਅੱਜ ਸਵੇਰੇ ਇਥੇ ਸੀ, ਮੈਂ ਉਹਨਾਂ ਨੂੰ ਕਿਸੇ ਜਗਾ ਤੇ ਚਿਲਾਉਂਦੇ ਹੋਏ ਵੇਖਿਆ ਸੀ । ਮੇਰਾ ਅੰਦਾਜਾ ਹੈ ਕਿ ਉਹ ਅਜੇ ਵੀ ਇੱਥੇ ਹਨ । ਅਤੇ ਇੱਕ ਭਾਈ ਸੀ...ਉਹ ਦੋ ਮਾਰਟਿਨ ਭਰਾ, ਮੇਰਾ ਅੰਦਾਜਾ ਹੈ ਕਿ ਉਹ ਇੱਥੇ ਹਨ । ਕੀ ਉਹ ਹਨ, ਮਾਰਟਿਨ ਭਰਾ? ਭਾਈ, ਭਾਈ ਮਾਰਟਿਨ । ਤੁਸੀਂ ਮੈਨੂੰ ਕਿਸੇ ਦਿਨ ਟੇਲੀਫ਼ੋਨ ਕੀਤਾ ਸੀ ਮੈਨੂੰ ਚੰਗਾ ਲਗਾ । ਉਹ ਲੜਕਾ ਚੰਗਾ ਹੋ ਗਿਆ ਸੀ, ਉਹ ਸੇਵਕ ਭਾਈ ।

64 ਕੀ ਤੁਸੀਂ ਇਥੇ ਹੋ, ਜਿਨਾਂ ਦੇ ਲਈ ਮੈਂ ਕਿਸੇ ਹੋਰ ਦਿਨ ਟੇਲੀਫ਼ੋਨ ਉੱਤੇ ਪ੍ਰਾਰਥਨਾ ਕੀਤੀ ਸੀ? ਮੈਂ ਉਸਦਾ ਨਾਮ ਭੁਲ ਗਿਆ ਹਾਂ, ਉਹ ਅਰਕੰਸਾਸ ਤੋਂ ਸੀ । ਉਸਦੀ ਪਤਨੀ ਨੇ ਮੈਨੂੰ ਫੋਨ ਕੀਤਾ; ਉਸ ਆਦਮੀ ਦਾ ਇੱਕ ਪਾਸਾ ਸਾਰਾ ਸੁੱਜ ਗਿਆ ਸੀ ਅਤੇ ਉਸ ਨੂੰ ਤੇਜ ਬੁਖਾਰ ਸੀ,

ਉਹ ਮਰ ਰਿਹਾ ਸੀ। ਉਹੀ ਆਦਮੀ ਜਿਸ ਨੂੰ ਲਿੱਟਲ ਰਾਕ ਜਾਂ ਹੋਟ ਸਪ੍ਰਿੰਗਸ ਸਭਾਵਾਂ ਵਿੱਚ ਬੁਲਾਇਆ ਗਿਆ ਸੀ, ਉਹ ਸਭਾ ਵਿੱਚ ਬੈਠਾ ਹੋਇਆ ਹੈ।

ਅਤੇ ਉਹ ਇੱਕ ਸੁੰਦਰ ਆਦਮੀ ਹੈ। ਜੇਕਰ ਉਹ ਇਥੇ ਹੈ, ਮੇਰਾ ਅੰਦਾਜਾ ਹੈ ਕਿ ਉਹ ਹੁਣ ਬਿਲਕੁਲ ਨਹੀਂ ਉਠੇਗਾ। ਪਰ ਮੈਂ ਉਸ ਦਾ ਨਾਮ ਭੁੱਲ ਗਿਆ ਹਾਂ। ਮੈਂ ਉਸਦਾ ਨਾਮ ਸੋਚ ਨਹੀਂ ਪਾ ਰਿਹਾ। [ਕੋਈ ਆਖਦਾ ਹੈ, "ਭਾਈ ਬਲੇਅਰ"—ਸੰਪਾਦਕ] ਬਲੇਅਰ, ਭਾਈ ਬਲੇਅਰ। ਕੋਈ...

ਖੈਰ, ਕਿੰਨੇ ਲੋਕ ਲਿੱਟਲ ਰਾਕ ਦੀ ਸਭਾ ਵਿੱਚ ਬੈਠੇ ਹੋਏ ਸਨ ਮੇਰਾ ਮਤਲਬ ਹੈ ਹੋਟ ਸਪ੍ਰਿੰਗਸ, ਕਿੰਨੇ ਲੋਕ ਉਸ ਸਭਾ ਵਿੱਚ ਸਨ? ਪਵਿੱਤਰ ਆਤਮਾ ਨੇ ਉਸ ਜਵਾਨ ਨੂੰ ਬੁਲਾਇਆ ਅਤੇ ਉਸ ਨੂੰ ਦੱਸਿਆ ਕਿ ਸ਼ਤਾਨ ਉਸ ਨੂੰ ਮੈਨੂੰ ਛੱਡਣ ਲਈ ਕਹਿ ਰਿਹਾ ਸੀ, ਉਹ ਉਸ ਨੂੰ ਇਹ ਕਹਿਣ ਲਈ ਕਹਿ ਰਿਹਾ ਸੀ ਕਿ ਮੈਂ ਇੱਕ "ਝੂਠਾ ਨਬੀ ਹਾਂ"। ਅਤੇ ਉਸ ਆਦਮੀ ਨੇ ਗਵਾਹੀ ਦਿੱਤੀ ਕਿ ਇਹ ਸੱਚ ਸੀ। ਤੁਸੀਂ ਵੇਖਿਆ ਕਿ ਸ਼ਤਾਨ ਕੀ ਕਰ ਰਿਹਾ ਸੀ? ਉਹ ਆਦਮੀ ਡਾਕਟਰਾਂ ਕੋਲ ਨਹੀਂ ਜਾਂਦਾ। ਉਹ ਡਾਕਟਰਾਂ ਕੋਲ ਜਾਣ ਵਿੱਚ ਵਿਸ਼ਵਾਸ ਨਹੀਂ ਕਰਦਾ। ਪਰ ਸ਼ਤਾਨ ਜਾਣਦਾ ਸੀ ਕਿ ਇਹ ਰੋਗ ਉਸ ਤੇ ਹਮਲਾ ਕਰੇਗਾ ਅਤੇ ਉਸ ਨੂੰ ਉਥੇ ਹੀ ਮਾਰ ਦੇਵੇਗਾ। ਸਮਝੇ? ਇਸ ਲਈ ਸ਼ਤਾਨ ਕੋਸ਼ਿਸ ਕਰ ਰਿਹਾ ਸੀ ਕਿ ਉਹ ਮੈਨੂੰ ਅਸਵੀਕਾਰ ਕਰ ਦਵੇ। ਅਤੇ ਪਵਿੱਤਰ ਆਤਮਾ ਨੇ ਕਿਰਪਾ ਦੁਆਰਾ ਉਸ ਨੂੰ ਬੁਲਾਇਆ ਅਤੇ ਉਸ ਨੂੰ ਇੰਝ ਨਾ ਕਰਨ ਲਈ ਕਿਹਾ; ਉਹ ਆਦਮੀ ਇੱਕ ਅਜਨਬੀ ਸੀ, ਉਸ ਨੂੰ ਬੁਲਾਇਆ ਅਤੇ ਇੰਝ ਨਾ ਕਰਨ ਲਈ ਕਿਹਾ।

65 ਅਤੇ ਇੱਕ ਰਾਤ ਉਸਦੀ ਪਤਨੀ ਨੇ ਮੈਨੂੰ ਟੇਲੀਫ਼ੋਨ ਕੀਤਾ ਅਤੇ ਕਿਹਾ, "ਭਾਈ ਬ੍ਰਾਨਹਾਮ, ਮੈਨੂੰ ਲਗਦਾ ਹੈ ਕਿ ਉਹ ਮਰਨ ਵਾਲਾ ਹੈ"। ਉਸ ਆਖਿਆ, "ਉਹ ਪੂਰਾ ਸੁੱਜ ਗਿਆ ਹੈ। ਅਤੇ ਉਸਦਾ ਬੁਖਾਰ, ਉਹ ਲਗਭਗ ਆਪਣੇ ਆਪ ਤੋਂ ਬਾਹਰ ਹੋ ਚੁੱਕਾ ਹੈ"। ਅਤੇ ਆਖਿਆ, "ਆਖਰੀ ਗੱਲ ਜੋ ਉਸਨੇ ਕਹੀ, 'ਭਾਈ ਬ੍ਰਾਨਹਾਮ ਨੂੰ ਬੁਲਾਓ'"।

ਮੈਂ ਕਿਹਾ, "ਕੀ ਤੁਹਾਡੇ ਕੋਲ ਕੁਝ ਹੈ ਜਾਂ ਤੁਹਾਡੇ ਪਰਸ ਵਿੱਚ ਇੱਕ ਰੁਮਾਲ ਹੈ?"

"ਨਹੀਂ"। ਮੈਂ ਟਜ਼ੂਸਾਨ ਵਿੱਚ ਸੀ; ਉਹ ਅਰਕਸਾਂਸ ਵਿੱਚ ਸੀ।

ਅਤੇ ਮੈਂ ਕਿਹਾ, "ਤੁਹਾਡੇ ਕੋਲ ਕੋਈ ਚੀਜ ਹੈ?"

ਮੈਨੂੰ ਯਕੀਨ ਹੈ ਕਿ ਉਸਨੇ ਕਿਹਾ ਉਸਦਾ "ਸਕਾਰਫ਼"।

ਮੈਂ ਕਿਹਾ, "ਹੁਣ ਆਪਣਾ ਇੱਕ ਹੱਥ ਸਕਾਰਫ਼ ਉੱਤੇ ਰੱਖ ਅਤੇ ਰਿਸੀਵਰ ਨੂੰ ਦੂਸਰੇ ਹੱਥ ਵਿਚ ਲੈ ਲਵੋ"। ਅਤੇ ਮੈਂ ਪ੍ਰਾਰਥਨਾ ਕਰਕੇ ਪਰਮੇਸ਼ੁਰ ਨੂੰ ਦਯਾ ਕਰਨ ਲਈ ਅਤੇ ਵੈਰੀ ਨੂੰ ਦੂਰ ਕਰਨ ਲਈ ਕਿਹਾ।

66 ਉਹ ਗਈ ਅਤੇ ਸਕਾਰਫ਼ ਨੂੰ ਉਸ ਆਦਮੀ ਉੱਤੇ ਰੱਖ ਦਿੱਤਾ। ਅਤੇ ਅਗਲੀ ਸਵੇਰ ਉਸ ਨੇ ਮੈਨੂੰ ਟੇਲੀਫ਼ੋਨ ਕੀਤਾ।

ਹੁਣ ਇਹ ਲਗਭਗ ਚੋਵੀ ਘੰਟੇ ਦੇ ਅੰਦਰ ਜਾਂ ਉਸ ਤੋਂ ਘੱਟ ਸਮੇਂ ਵਿੱਚ ਹੋ ਗਿਆ।

67 ਸਾਡਾ ਬਹੁਮੁੱਲਾ ਭਾਈ, ਭਾਈ ਰਾਏ ਰੋਬਰਸਨ, ਅੱਜ ਰਾਤ ਮੈਂ ਉਸ ਨੂੰ ਅਜੇ ਨਹੀਂ ਵੇਖਿਆ। ਅਤੇ ਤੁਸੀਂ ਜਾਣਦੇ ਹੋ, ਭਾਈ ਰੋਬਰਸਨ ਇੱਕ ਫੌਜੀ ਕਿਸਮ ਦਾ ਆਦਮੀ ਸੀ। ਜੇਕਰ ਉਹ ਇੱਥੇ ਹੈ, ਮੈਂ—ਮੈਂ ਉਮੀਦ ਕਰਦਾ ਹਾਂ ਕਿ ਉਹ ਸਮਝ ਰਹੇ ਹਨ ਕਿਉਂਕਿ ਮੈਂ ਉਸਦੀ

ਨਿੰਦਾ ਨਹੀਂ ਕਰ ਰਿਹਾ । ਪਰ ਉਹ ਹਰ ਚੀਜ ਵਿੱਚ ਸਖਤ ਹਨ, ਉਹ ਫੌਜ ਵਿੱਚ ਹੌਲਦਾਰ ਸਨ ਅਤੇ ਜਿਸ ਤਰਾਂ ਫੌਜ ਵਿੱਚ ਉਹ ਆਦਮੀਆਂ ਨਾਲ ਪੇਸ਼ ਆਉਂਦੇ ਹਨ ਉਹਨਾਂ ਨੂੰ ਉਸੇ ਤਰਾਂ ਦੀ ਆਦਤ ਹੋ ਗਈ ਹੈ । “ਖੈਰ ਇਹ ਆਤਮਿਕ ਗਲਾਂ ਕਿਸੇ ਹੋਰ ਲਈ ਹੋਣਗੀਆਂ,” ਉਸ ਲਈ ਨਹੀਂ! ਪਰ ਪਰਮੇਸ਼ੁਰ ਨੇ ਉਸ ਨੂੰ ਬਖਸ ਦਿੱਤਾ । ਉਹ ਮਰ ਗਿਆ ਹੁੰਦਾ; ਉਹਨਾਂ ਨੇ ਇੱਕ ਲਮੇਂ ਸਮੇਂ ਤੋਂ ਉਸ ਨੂੰ ਮਰਨ ਲਈ ਬਾਹਰ ਰੱਖ ਦਿਤਾ ਸੀ । ਪਰਮੇਸ਼ੁਰ ਨੇ ਉਸ ਨੂੰ ਚੰਗਾ ਕੀਤਾ; ਉਹ ਉਸ ਸਮੇਂ ਤੋਂ ਚਲਦਾ ਆਇਆ ਹੈ । ਪਰ ਇਹ ਸਾਰੀਆਂ ਆਤਮਿਕ ਗੱਲਾਂ ਅਤੇ ਦਰਸ਼ਨਾਂ ਬਾਰੇ ਉਸ ਨੂੰ ਕੁਝ ਵੀ ਜਾਣਕਾਰੀ ਨਹੀਂ ਸੀ ।

68 ਅਤੇ ਜਿਆਦਾ ਚਿਰ ਨਹੀਂ ਹੋਇਆ, ਬਹੁਤ ਸਾਰੇ ਉਸ ਦਰਸ਼ਨ ਬਾਰੇ ਜਾਣਦੇ ਹਨ ਜਿਹੜਾ ਮੇਰੇ ਉਥੇ ਜਾਣ ਤੋਂ ਵੀ ਪਹਿਲਾਂ ਭਾਈ ਰਾਏ ਨੂੰ ਆਇਆ ਸੀ, ਜਿਸ ਵਿੱਚ ਉਸ ਨੇ ਮੈਨੂੰ ਪਹਾੜੀ ਉੱਤੇ ਪ੍ਰਕਾਸ਼ ਵਿੱਚ ਖੜੇ ਵੇਖਿਆ ਅਤੇ ਮੇਰੇ ਕੋਲੋਂ ਇੱਕ ਆਵਾਜ ਆ ਰਹੀ ਸੀ । ਇਸ ਨੇ ਭਾਈ ਰਾਏ ਦੇ ਸਾਰੇ ਸ਼ੱਕ ਦੂਰ ਕਰ ਦਿੱਤੇ ।

69 ਅਤੇ ਇੱਕ ਰਾਤ ਉਹ ਬਹੁਤ ਜਿਆਦਾ ਬੀਮਾਰ ਹੋ ਗਿਆ ਅਤੇ ਉਸ ਨੂੰ ਤੇਜ ਬੁਖਾਰ ਹੋ ਗਿਆ । ਡਾਕਟਰ ਨੇ ਉਸ ਨੂੰ ਦਵਾਈਆਂ ਅਤੇ ਸਭ ਕੁਝ ਦਿੱਤਾ ਪਰ ਇਸ ਨਾਲ ਉਸਦਾ ਕੁਝ ਭਲਾ ਨਾ ਹੋਇਆ । ਇਥੋਂ ਤੱਕ ਕਿ ਉਸ ਦੀ ਅਜਿਹੀ ਹਾਲਤ ਹੋ ਗਈ ਕਿ ਉਹ ਆਪਣੇ ਆਪ ਨੂੰ ਹਿਲਾ ਵੀ ਨਹੀਂ ਸਕਦਾ ਸੀ । ਉਸਦੀਆਂ ਲੱਤਾਂ ਨੂੰ ਜਿਵੇਂ ਲਕਵਾ ਹੋ ਗਿਆ ਸੀ ।

70 ਅਤੇ ਉਸ ਛੋਟੇ ਭਾਈ ਨੂੰ ਜਰਮਨ ਅਠਾਸੀ ਬੰਦੂਕ ਨਾਲ ਗੋਲੀ ਮਾਰੀ ਗਈ ਸੀ ਜਿਸ ਨਾਲ ਉਸ ਦੇ ਚਿਥੜੇ ਹੋ ਗਏ ਸਨ । ਅਤੇ ਇਹ ਬੱਸ...ਅਤੇ ਮੇਰਾ ਵਿਚਾਰ ਹੈ ਕਿ ਉਸਦਾ ਸਾਰਾ ਦਲ ਮਾਰਿਆ ਗਿਆ ਸੀ ਪਰ ਉਸ ਦੇ ਚੀਥੜੇ ਹੋ ਗਏ ਸਨ ।

71 ਤੁਹਾਨੂੰ ਪਤਾ ਹੈ ਕੀ ਹੋਇਆ? ਮੈਂ ਉਸਦੀ ਨੇਕ ਪਤਨੀ, ਭੈਣ ਰੋਬਰਸਨ ਨੂੰ...ਉਸਨੇ ਕਿਹਾ...ਮੈਂ ਕਿਹਾ, “ਕੀ ਤੁਹਾਡੇ ਕੋਲ ਉਥੇ ਕੁਝ ਹੈ?”

72 ਉਸਨੇ ਆਖਿਆ, “ਮੇਰੇ ਕੋਲ ਇੱਕ ਰੁਮਾਲ ਹੈ ਜਿਸ ਉੱਤੇ ਤੁਸੀਂ ਇੱਕ ਵਾਰ ਪ੍ਰਾਰਥਨਾ ਕੀਤੀ ਸੀ” ।

73 “ਜਾ ਕੇ ਉਸ ਨੂੰ ਲੈ ਆਓ” । ਅਤੇ ਮੈਂ ਟਿਊਸਾਨ ਵਿੱਚ ਸੀ ਅਤੇ ਉਸਨੇ ਆਪਣਾ ਹੱਥ ਉਸ ਉਪਰ ਰਖਿਆ ਅਤੇ ਮੈਂ ਪ੍ਰਾਰਥਨਾ ਕੀਤੀ ਅਤੇ ਝਿੜਕਿਆ ਅਤੇ ਕਿਹਾ, “ਭੈਣ ਰੋਬਰਸਨ, ਇਹ ਹੋਣ ਜਾ ਰਿਹਾ ਹੈ” ।

74 ਬੱਸ ਕਿਸੇ ਚੀਜ ਨੇ ਮੈਨੂੰ ਕਿਹਾ, “ਇਹ ਹੋਣ ਜਾ ਰਿਹਾ ਹੈ । ਇਹ ਕਹਿ ਦੇ!” ਅਤੇ ਅਧੇ ਘੰਟੇ ਦੇ ਅੰਦਰ ਬੁਖਾਰ ਚਲਾ ਗਿਆ; ਉਹ ਰਸੋਈ ਵਿੱਚ ਕੁਝ ਖਾਣ ਲਈ ਲਭ ਰਿਹਾ ਸੀ । ਵੇਖਿਆ? ਵੇਖਿਆ?

75 ਮੈਂ ਕੀ ਕਹਿਣ ਦੀ ਕੋਸ਼ਿਸ ਕਰ ਰਿਹਾ ਹਾਂ, “ਕਦੇ ਵੀ ਆਪਣੇ ਵਿਸ਼ਵਾਸ ਨੂੰ ਨਾ ਗੁਆਓ” । ਸ਼ਤਾਨ ਨੂੰ ਤੁਹਾਨੂੰ ਮੇਰੇ ਬਾਰੇ ਕੁਝ ਬੁਰਾ ਨਾ ਕਹਿਣ ਦਿਓ, ਕਿਓਂਕਿ ਉਸ ਕੋਲ ਕਹਿਣ ਲਈ ਬਹੁਤ ਕੁਝ ਹੈ । ਪਰ ਤੁਸੀਂ ਵਿਸ਼ਵਾਸ ਬਣਾਏ ਰਖੋ ਕਿਓਂਕਿ ਜੇਰਕ ਤੁਸੀਂ ਨਹੀਂ ਰਖੋਗੇ ਤਾਂ ਇਹ ਨਹੀਂ ਹੋਵੇਗਾ । ਮੇਰੀ ਵੱਲ੍ਹ ਨਾ ਵੇਖੋ, ਕਿਓਂਕਿ ਮੈਂ ਇੱਕ ਮਨੁੱਖ ਹਾਂ, ਇੱਕ ਮਨੁੱਖ ਹੋਣ ਦੇ ਕਾਰਨ ਮੈਂ ਗਲਤੀਆਂ ਨਾਲ ਭਰਿਆ ਹੋਇਆ ਹਾਂ । ਪਰ ਉਸ ਵਲ ਵੇਖੋ ਜੋ ਮੈਂ ਓਸ ਬਾਰੇ ਕਹਿ ਰਿਹਾ ਹਾਂ । ਇਹ ਉਹ ਹੈ । ਉਹ ਹੀ ਇੱਕ ਹੈ ।

76 ਜੱਦ ਅਸੀਂ ਕੋਲੋਰਾਡੋ ਵਿੱਚ ਸੀ, ਅਸੀਂ ਉਥੇ ਉਪਰ ਸੀ, ਅਸੀਂ ਵਾਪਸ ਚਲੇ ਗਏ। ਅਤੇ ਬਹੁਤ ਸੁੱਕਾ ਪਿਆ ਹੋਇਆ ਸੀ। ਸ਼ਿਕਾਰ ਮਿਲਣਾ ਦੁਰਲਭ ਸੀ। ਪ੍ਰਭੂ ਨੇ ਭਾਈ ਵ੍ਹੀਲਰ ਨੂੰ ਇੱਕ ਚੰਗਾ ਸ਼ਿਕਾਰ ਦਿੱਤਾ ਅਤੇ ਉਹ ਇਸ ਨਾਲ ਬਹੁਤ ਖੁਸ਼ ਸੀ। ਜੰਗਲ ਵਿੱਚ ਉਹ ਪਹਿਲੀ ਵਾਰ ਸ਼ਿਕਾਰ ਕਰ ਰਿਹਾ ਸੀ ਅਤੇ ਪ੍ਰਭੂ ਨੇ ਉਸ ਤੇ ਮਿਹਰ ਕੀਤੀ। ਫਿਰ ਮੈਂ ਇੱਕ ਵੱਡਾ ਸ਼ਿਕਾਰ ਕੀਤਾ ਜਿਸ ਦਾ ਮੈਂ ਵੀਹ ਸਾਲ ਦੇ ਲਮੇਂ ਸਮੇਂ ਤੋਂ ਇੰਤਜਾਰ ਕਰ ਰਿਹਾ ਸੀ, ਭਾਈ ਬੈਂਕਸ ਅਤੇ ਮੈਂ ਕਾਫੀ ਚਿਰ ਤੋਂ ਉਸ ਦੇ ਪਿੱਛੇ ਪਏ ਹੋਏ ਸੀ। ਅਤੇ ਜਦੋਂ ਮੈਂ ਇਹ ਕੀਤਾ...ਮੈਂ ਉਸ ਗਰਮ ਦੇਸ਼ ਵਿੱਚ ਆਪਣੀ ਬੰਦੂਕ ਚਲਾ ਰਿਹਾ ਸੀ ਅਤੇ ਜਦੋਂ ਮੈਂ ਇਸ ਨੂੰ ਇਥੇ ਠੰਡ ਵਿੱਚ ਲੈ ਕੇ ਆਇਆ ਤਾਂ ਇਹ ਫੁਲ ਗਈ ਭਾਵੇਂ ਇਹ ਸ਼ੀਸ਼ੇ ਨਾਲ ਮੜ੍ਹੀ ਹੋਈ ਹੈ। ਅਤੇ ਇਸ ਨਾਲ ਮੈਂ ਕਈ ਇੰਚ ਦੂਰ ਦਰਖਤਾਂ ਵਿਚਾਲੇ ਖੜੇ ਉਸ ਜਾਨਵਰ ਨੂੰ ਗੋਲੀ ਮਾਰੀ ਉਸ ਜਗਾ ਤੇ ਉਸ ਨੂੰ ਗੋਲੀ ਨਹੀਂ ਲਗ ਸਕਦੀ ਸੀ ਜੇਕਰ ਇਹ ਥੋੜਾ ਨੇੜੇ ਹੁੰਦਾ ਤਾਂ ਉਹ ਜਾਨਵਰ ਇੱਕ ਸਕਿੰਟ ਵਿੱਚ ਮਾਰਿਆ ਜਾਂਦਾ। ਪਰ ਇਹ ਉਸ ਦੇ ਬਹੁਤ ਉਪਰ ਦੀ ਨਿਕਲ ਗਈ ਅਤੇ ਉਹ ਉਛਲਿਆ ਅਤੇ ਡਿਗ ਗਿਆ।

77 ਅਤੇ ਬਿੱਲੀ ਮੇਰੇ ਨਾਲ ਸੀ ਅਤੇ ਉਸਨੇ ਕਿਹਾ, "ਇਹ ਉਸ ਨੂੰ ਲਗੀ ਹੈ"। ਅਤੇ ਮੈਂ ਵੀ ਇਹ ਸੋਚਿਆ; ਪਰ ਜਦ ਅਸੀਂ ਉਥੇ ਗਏ ਤਾਂ ਇਸ ਤਰਾਂ ਨਹੀਂ ਸੀ। ਉਸਨੇ ਕਿਹਾ, "ਤੁਸੀਂ ਇੱਕ ਦਰਖੱਤ ਤੇ ਗੋਲੀ ਮਾਰੀ ਹੈ"। ਮੈਂ ਹੇਠਾਂ ਉਪਰ ਵੇਖਿਆ, ਦਰਖੱਤ ਉੱਤੇ ਕੋਈ ਨਿਸ਼ਾਨ ਨਹੀਂ ਸੀ। ਅਤੇ ਫਿਰ ਮੈਂ ਇਸ ਨੂੰ ਲੱਭਣ ਲਈ ਗਿਆ।

ਅਤੇ ਉਥੇ ਇੱਕ ਚੇਤਾਵਨੀ ਦਾ ਨਿਸ਼ਾਨ ਸੀ। ਉਥੇ ਸਾਡੇ ਤੋਂ ਉਪਰ ਲਗਭਗ ਸੌ ਆਦਮੀ ਸਨ। ਭਾਈ ਪਾਲਮਰ ਅਤੇ ਉਹ ਉਸ ਦੇ ਗਵਾਹ ਹਨ। ਅਤੇ ਭਾਈ ਇਵਾਂਸ ਵੀ ਉਥੇ ਸੀ; ਭਾਈ ਵੇਲਸ਼ ਇਵਾਂਸ ਅਤੇ ਉਸਦਾ ਲੜਕਾ ਰੋਨੀ। ਮੈਂ ਕੁਝ ਦੇਰ ਪਹਿਲਾਂ ਹੀ ਉਹਨਾਂ ਨੂੰ ਬੁਲਾਇਆ ਸੀ। ਅਤੇ ਇੱਕ ਵਡੀ ਗਿਣਤੀ ਵਿੱਚ ਆਦਮੀ ਉਪਰ ਉਸ ਜਗਾ ਤੇ ਗਏ ਸਨ ਜਿਸ ਨੂੰ ਉਹ ਘੋੜ ਸਵਾਰਾਂ ਦਾ ਡੇਰਾ ਕਹਿੰਦੇ ਹਨ, ਜਿਥੇ ਘੋੜ ਸਵਾਰ ਠਹਿਰਦੇ ਹਨ ਅਤੇ ਸਵਾਰੀ ਕਰਦੇ ਹਨ ਅਤੇ ਘੋੜ ਸਵਾਰਾਂ ਨੂੰ ਵਖਰੇ ਰਖਿਆ ਜਾਂਦਾ ਹੈ। ਮੈਂ ਆਪ ਵੀ ਉਹਨਾਂ ਡੇਰਿਆਂ ਵਿੱਚ ਰਿਹਾ ਹਾਂ ਅਤੇ ਉਹਨਾਂ ਪਸ਼ੂਆਂ ਨੂੰ ਚਾਰਿਆ ਅਤੇ ਉਹਨਾਂ ਨੂੰ ਵਖਰੇ ਰਖਿਆ ਹੈ।

78 ਅਤੇ ਇਸ ਲਈ ਉਥੇ ਲਗਭਗ ਇੱਕ ਸੋ ਆਦਮੀ ਸਨ। ਪਰ ਹਰ ਕੋਈ ਜਾਣਦਾ ਹੈ ਕਿ ਉਸ ਦੇਸ਼ ਵਿੱਚ ਜੱਦ ਬਰਫ਼ ਦੇ ਤੁਫਾਨ ਦੀ ਘੋਸ਼ਣਾ ਕੀਤੀ ਜਾਂਦੀ ਹੈ ਤਾਂ ਤੁਹਾਡੇ ਲਈ ਇਹ ਬਿਹਤਰ ਹੈ ਕਿ ਤੁਸੀਂ ਉਸੇ ਵੇਲੇ ਉਥੋਂ ਬਾਹਰ ਚਲੇ ਜਾਓ। ਇਸੇ ਲਈ ਭਾਈ ਪਾਲਮਰ ਅਤੇ ਬਾਕੀ ਸਾਰੇ ਛੇਤੀ ਨਿਕਲ ਗਏ ਕਿਓਂਕਿ ਉਹਨਾਂ ਦੀ ਕਾਰ ਵਿੱਚ ਤਿਹਰੀ-ਗਤੀ ਦਾ ਪ੍ਰਸਾਰਣ ਸੀ ਅਤੇ ਉਹਨਾਂ ਨੂੰ ਉਥੋਂ ਬਾਹਰ ਨਿਕਲਣਾ ਸੀ ਕਿਓਂਕਿ ਜੇਕਰ ਇਸ ਤਰਾਂ ਦੇ ਮੌਸਮ ਵਿੱਚ ਤੁਸੀਂ ਉਥੇ ਰਹਿੰਦੇ ਹੋ ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਉਥੇ ਕਈ ਹਫਤਿਆਂ ਲਈ ਫਸ ਗਏ। ਇਸ ਲਈ ਮੌਸਮ ਵਿਭਾਗ, ਅਖਬਾਰ ਅਤੇ ਰੇਡਿਓ, ਉਹਨਾਂ ਕਿਹਾ, "ਬਰਫ਼ ਦਾ ਤੁਫਾਨ ਆ ਰਿਹਾ ਹੈ"। ਲਗਭਗ ਹਰ ਕੋਈ ਉਥੋਂ ਜਾ ਚੁਕਾ ਸੀ। ਉਹ ਉਸੇ ਵਕਤ ਉਥੋਂ ਚਲੇ ਗਏ ਕਿਓਂਕਿ ਉਹ ਜਾਣਦੇ ਸਨ ਕਿ ਉਹਨਾਂ ਨੂੰ ਉਥੋਂ ਬਾਹਰ ਜਾਣਾ ਹੈ।

79 ਪਰ ਮੇਰੇ ਭਰਾਂਵਾਂ ਦੇ ਕੋਲ ਦੋ ਹਿਰਨ ਮਾਰਨ ਦੀ ਅਨੁਮਤੀ (ਲਾਇਸੰਸ) ਸੀ ਅਤੇ ਉਹ ਨਹੀਂ ਜਾਣਾ ਚਾਹੁੰਦੇ ਸਨ। ਇਸ ਲਈ ਮੈਂ ਕਿਹਾ, "ਖੈਰ, ਅਸੀਂ ਰੁਕਾਂਗੇ"। ਪਰ ਅਗਲੇ

ਛੇ ਦਿਨਾਂ ਬਾਅਦ ਮੈਨੂੰ ਇੱਕ ਮੀਟਿੰਗ ਵਿੱਚ ਜਾਣਾ ਸੀ ਜਿਸ ਲਈ ਮੈਨੂੰ ਟਜੂਸਾਨ ਵਾਪਸ ਜਾਣਾ ਸੀ ।

80 ਇਸ ਲਈ ਮੇਰੀ ਪਤਨੀ ਅਤੇ ਮੈਂ...ਸਾਡੇ ਵਿਆਹ ਨੂੰ ਬਾਈ ਸਾਲ ਹੋ ਗਏ ਹਨ । ਅਤੇ ਵੀਹ ਸਾਲ ਤੱਕ, ਸਾਡੀ ਵਰ੍ਹੇਗੰਢ ਤੇ ਮੈਂ ਹਰ ਸਾਲ ਉਥੇ ਹੀ ਜਾਂਦਾ ਹੁੰਦਾ ਸੀ । ਮੈਨੂੰ ਉਥੇ ਇੱਕ ਛੋਟੀ ਜਿਹੀ ਜਗ੍ਹਾ ਮਿਲੀ ਜਿਥੇ ਮੈਂ ਹਮੇਸ਼ਾ ਜਾਂਦਾ ਸੀ ਅਤੇ ਪ੍ਰਾਰਥਨਾ ਕਰਦਾ ਹੁੰਦਾ ਸੀ ਅਤੇ ਇਹ ਉਸ ਜਗਾ ਵਰਗੀ ਲਗ ਰਹੀ ਸੀ ਜਿਥੇ ਮੈਂ ਉਸ ਨੂੰ ਲੈ ਕੇ ਗਿਆ ਸੀ ।

81 ਤੁਸੀਂ ਜਾਣਦੇ ਹੋ, ਮੈਂ ਇੱਕ ਛੋਟੀ ਜਿਹੀ ਤਰਕੀਬ ਬਣਾਈ ਸੀ, ਮੇਰੇ ਕੋਲ ਇਨਾ ਪੈਸਾ ਨਹੀਂ ਸੀ ਕਿ ਮੈਂ ਸ਼ਿਕਾਰ ਕਰਨ ਵੀ ਜਾ ਸਕਾਂ ਅਤੇ ਆਪਣੇ ਹਨੀਮੂਨ ਤੇ ਵੀ ਜਾ ਸਕਾਂ, ਇਸ ਲਈ ਮੈਂ ਆਪਣੀ ਪਤਨੀ ਨੂੰ ਹਨੀਮੂਨ ਦੇ ਲਈ ਸ਼ਿਕਾਰ ਕਰਨ ਲਈ ਲੈ ਗਿਆ । ਇਸ ਲਈ ਅਸੀਂ ਨਿਓ ਯਾਰਕ ਵਿੱਚ ਗਏ ਅਤੇ ਮੈਨੂੰ ਯਾਦ ਹੈ ਕਿ ਕਿਸੇ ਜਗਾ ਤੇ ਜਾਣ ਲਈ ਮੈਂ ਉਸ ਨੂੰ ਲਕੜਾਂ ਅਤੇ ਹੋਰ ਚੀਜਾਂ ਦੇ ਉਪਰੋਂ ਲੰਘਣ ਵਿੱਚ ਮਦਦ ਕਰ ਰਿਹਾ ਸੀ । ਅਤੇ ਮੈਨੂੰ ਉਥੇ ਇੱਕ ਛੋਟੀ ਜਿਹੀ ਜਗ੍ਹਾ ਮਿਲੀ ਅਤੇ ਜੱਦ ਵੀ ਮੈਂ ਆਪਣੇ ਵਰ੍ਹੇਗੰਢ ਤੇ ਉਥੇ ਜਾਂਦਾ ਹਾਂ ਤਾਂ ਮੈਂ ਉਸ ਨੂੰ ਹਮੇਸ਼ਾ ਯਾਦ ਕਰਦਾ ਹਾਂ । ਅਕਤੂਬਰ ਦੀ ਤੇਈ ਤਰੀਕ ਨੂੰ ਉਥੇ ਮੌਸਮ ਖੁਲ੍ਹ ਜਾਂਦਾ ਹੈ । ਅਤੇ ਵੀਹ ਸਾਲ ਤੱਕ ਮੈਂ ਕਦੇ ਵੀ ਆਪਣੇ ਵਰ੍ਹੇਗੰਢ ਤੇ ਘਰ ਨਹੀਂ ਰਿਹਾ, ਮੈਂ ਹਮੇਸ਼ਾ ਉਥੇ ਹੁੰਦਾ ਸੀ ।

82 ਇਸ ਲਈ ਉਸ ਦਿਨ ਸਾਡੀ ਵਰ੍ਹੇਗੰਢ ਸੀ । ਅਤੇ ਭਾਈ ਮੈਨ...ਮੈਂ ਕਿਹਾ, “ਜੇਕਰ ਤੁਸੀਂ ਭਾਈ...” ਉਸ ਸਵੇਰ ਮੈਂ ਅੱਗ ਦੇ ਦੁਆਲੇ ਬੈਠੇ ਹੋਏ ਉਹਨਾਂ ਨੂੰ ਕਿਹਾ, “ਹੁਣ ਜੇਕਰ...” ਸਗੋਂ ਇਹ ਠੀਕ ਹੈ । “ਜੇਕਰ ਹੁਣ ਤੁਸੀਂ ਸਾਰੇ ਇਥੇ ਰੁੱਕਣਾ ਚਾਹੁੰਦੇ ਹੋ ਤਾਂ ਯਾਦ ਰੱਖਣਾ ਤੁਹਾਨੂੰ ਇੱਕ ਮਹੀਨੇ ਲਈ ਇਥੇ ਹੀ ਰਹਿਣਾ ਪੈ ਸਕਦਾ ਹੈ” । ਕਿਓਂਕਿ ਮੈਂ ਕਦੇ ਇੱਕ ਰਾਤ ਜਿੰਨੇ ਥੋੜੇ ਜਿਹੇ ਸਮੇਂ ਵਿੱਚ ਵੀਹ ਫੁੱਟ ਬਰਫ਼ ਡਿਗਦੀ ਨਹੀਂ ਵੇਖੀ ਸੀ । ਬੱਸ ਜਿਵੇਂ ਤੁਸੀਂ ਉਥੇ ਜਾਂਦੇ ਹੋ ਤਾਂ ਸੁੱਕਾ ਅਤੇ ਸਭ ਠੀਕ ਹੈ ਪਰ ਅਗਲੀ ਸਵੇਰ ਬਰਫ਼ *ਇੰਨੀ* ਉਪਰ ਚਲੀ ਜਾਂਦੀ ਹੈ, ਹੋ ਸਕਦਾ ਹੈ ਤੁਹਾਡੇ ਤੰਬੂ ਤੋਂ ਵੀ ਉਪਰ ਚਲੀ ਜਾਵੇ । ਇਸ ਲਈ ਜੱਦ ਮੈਂ ਕਿਹਾ... ਅਤੇ ਫਿਰ ਤੁਹਾਨੂੰ ਉਥੇ ਓਨਾ ਚਿਰ ਰੁੱਕਣਾ ਹੈ ਜੱਦ ਤੱਕ ਇਹ ਪਿਘਲ ਨਹੀਂ ਜਾਂਦੀ । ਇਹ ਜਗ੍ਹਾ ਪੰਦਰਾਂ ਜਾਂ ਵੀਹ ਮੀਲ ਪਿਛਾਂਹ ਜੰਗਲ ਵਿੱਚ ਹੈ । ਅਤੇ ਫਿਰ ਮੈਂ ਇਹ ਕਿਹਾ...ਜੇਕਰ ਇਹ ਜਿਆਦਾ ਭਿਆਨਕ ਹੁੰਦੀ ਹੈ ਤਾਂ ਉਹ ਹੈਲੀਕਾਪਟਰ ਭੇਜਦੇ ਹਨ ਅਤੇ ਤੁਹਾਨੂੰ ਬਾਹਰ ਲੈ ਆਉਂਦੇ ਹਨ । ਪਰ ਆਮ ਤੌਰ ਤੇ ਉਹ...ਕੋਈ ਨਹੀਂ ਮਰਦਾ, ਬੱਸ ਉਹਨਾਂ ਨੂੰ ਉਥੇ ਇੰਤਜ਼ਾਰ ਕਰਨਾ ਪੈਂਦਾ ਹੈ ।

83 ਇਸ ਲਈ ਉਹ ਸਾਰੇ ਮੌਸਮ ਦੀ ਜਾਣਕਾਰੀ ਦਾ ਪ੍ਰਸਾਰਣ ਸੁਣਦੇ ਹੀ ਭੱਜ ਜਾਂਦੇ ਹਨ । ਅਸੀਂ ਉਥੇ ਸੀ ਅਤੇ ਮੈਂ ਕਿਹਾ, “ਹੁਣ ਤੁਸੀਂ ਆਪਣਾ ਮਨ ਬਣਾ ਲਓ । ਜੇਕਰ ਤੁਸੀਂ ਰੁੱਕਣਾ ਚਾਹੁੰਦੇ ਹੋ ਤਾਂ ਮੈਂ ਸ਼ਿਕਾਰ ਕਰਨ ਲਈ ਤੁਹਾਡੇ ਨਾਲ ਹਾਂ ਅਤੇ ਮੈਂ ਆਪਣੀ ਪਤਨੀ ਨੂੰ ਟੇਲੀਫ਼ੋਨ ਕਰਕੇ ਕਹਿ ਦਿਆਂਗਾ, ‘ਵਰ੍ਹੇਗੰਢ ਮੁਬਾਰਕ ਹੋਵੇ!’” ਪਰ ਮੈਂ ਕਿਹਾ, “ਫਿਰ ਸਾਨੂੰ ਉਸ ਹਾਲਤ ਵਿੱਚ ਵੀ...ਅਸੀਂ ਕੁਝ ਸਮਾਨ ਲੈ ਆਈਏ ਕਿਓਂਕਿ ਸਾਨੂੰ ਇਥੇ ਰੁੱਕਨਾ ਪੈ ਸਕਦਾ ਹੈ” । ਉਸ ਵੇਲੇ ਸਾਡੇ ਕੋਲ ਰੋਟੀ ਖਤਮ ਹੋ ਚੁਕੀ ਸੀ । ਅਤੇ ਮੈਂ ਜਿਆਦਾ ਦੇਰ ਤਕ ਉਸ ਕੇਕ ਨੂੰ ਨਹੀ ਸੀ ਵੇਖ ਸਕਦਾ! ਕਿਓਂਕਿ ਕਨੇਡਾ ਵਿੱਚ ਮੈਂ ਵੀਹ ਦਿਨ ਤੱਕ ਉਹੀ ਖਾ ਰਿਹਾ ਸੀ ਅਤੇ ਉਹਨਾਂ ਚੀਜਾਂ ਤੋਂ ਮੈਂ ਅੱਕ ਗਿਆ ਸੀ । ਇਸ ਲਈ ਮੈਂ ਕੁਝ ਰੋਟੀ ਲਿਆਉਣਾ ਚਾਹੁੰਦਾ ਸੀ ।

84 ਉਹਨਾਂ ਨੇ ਕਿਹਾ ਕਿ ਉਹ ਬੱਸ ਰੁੱਕਣਾ ਚਾਹੁੰਦੇ ਸਨ। ਇਸ ਲਈ ਕੁਝ ਕਰਨ ਦੇ ਲਈ ਨਹੀਂ ਸੀ...ਰੁੱਕਣ ਲਈ। ਪਰ ਮੈਂ ਅਤੇ ਭਾਈ ਮੈਨ ਬਾਹਰ ਗਏ ਅਤੇ ਅਸੀਂ ਹੇਠਾਂ ਗਏ ਅਤੇ ਕੁਝ ਸਮਾਨ ਲੈ ਆਏ। ਅਤੇ ਮੈਂ ਆਪਣੀ ਪਤਨੀ ਨੂੰ ਟੇਲੀਫ਼ੋਨ ਕੀਤਾ ਪਰ ਕਿਸੇ ਨੇ ਜਵਾਬ ਨਹੀਂ ਦਿੱਤਾ; ਇਸ ਲਈ ਅਸੀਂ ਇੱਕ ਘੰਟਾ ਸਮਾਨ ਖਰੀਦ ਕੇ ਫਿਰ ਵਾਪਸ ਗਏ ਅਤੇ ਟੇਲੀਫ਼ੋਨ ਕੀਤਾ, ਪਰ ਉਸਨੇ ਨਹੀਂ ਉਠਾਇਆ। ਅਤੇ ਮੈਨੂੰ ਭੈਣ ਇਵਾਂਸ ਨੂੰ ਟੇਲੀਫ਼ੋਨ ਕਰਨਾ ਪਿਆ।

ਮੈਨੂੰ ਵਿਸ਼ਵਾਸ ਹੈ ਕਿ ਭੈਣ ਇਵਾਂਸ ਇਥੇ ਹੈ। ਅਤੇ ਮੈਂ ਕਿਹਾ...ਹਾਂ, ਭਾਈ ਇਵਾਂਸ ਅਤੇ ਭੈਣ ਇਵਾਂਸ ਇਥੇ ਹਨ।

85 ਇਸ ਲਈ ਮੈਂ ਭਾਈ ਇਵਾਂਸ ਵਲੋਂ ਭੈਣ ਇਵਾਂਸ ਨੂੰ ਟੇਲੀਫ਼ੋਨ ਕੀਤਾ। ਉਸਨੇ ਕਿਹਾ, "ਮੈਂ ਭੈਣ ਬ੍ਰਾਨਹਾਮ ਨੂੰ ਫੋਨ ਕਰ ਕੇ ਦੱਸ ਦਵਾਂਗੀ"। ਤੁਸੀਂ ਜਾਣਦੇ ਹੋ ਇੱਕ "ਮੁਬਾਰਕ ਵਰ੍ਹੇਗੰਢ" । ਪਰ ਉਹ ਬੱਚਿਆਂ ਲਈ ਸਮਾਨ ਖਰੀਦਣ ਲਈ ਬਾਹਰ ਗਈ ਹੋਈ ਸੀ।

ਅਤੇ ਫਿਰ ਅਸੀਂ ਵਾਪਸ ਚਲੇ ਗਏ। ਪਰ ਅਗਲੀ ਸਵੇਰ ਅਸਮਾਨ ਉੱਤੇ ਬੱਦਲ ਸਨ। ਉਥੇ ਸਾਰਾ ਸਾਲ ਵਰਖਾ ਨਹੀਂ ਪਈ ਸੀ ਅਤੇ ਬਹੁਤ ਸੁੱਕਾ ਪਿਆ ਹੋਇਆ ਸੀ। ਇਸ ਲਈ ਉਹਨਾਂ ਨੇ ਖੁਸ਼ਕੀ ਦੇ ਕਾਰਨ ਸ਼ਿਕਾਰ ਦੇ ਸਮੇਂ ਨੂੰ ਹੋਰ ਪੰਦਰਾਂ ਦਿਨਾਂ ਤੱਕ ਵਧਾ ਦਿਤਾ ਸੀ।

86 ਖੈਰ, ਮੈਂ ਉਸ ਸਵੇਰ ਭਾਈਆਂ ਨੂੰ ਕਿਹਾ, "ਹੁਣ, ਜਦੋਂ ਵਰਖਾ ਜਾਂ ਬਰਫ਼ ਜਾਂ ਕਿਸੇ ਵੀ ਚੀਜ ਦੀ ਪਹਿਲੀ ਬੂੰਦ ਡਿਗੇ ਤਾਂ ਜਿੰਨੀਂ ਤੇਜੀ ਨਾਲ ਆਪਣੇ ਤੰਬੂ ਵੱਲ ਦੋੜ ਸਕਦੇ ਹੋ ਦੋੜ ਪੈਣਾ ਕਿਓਂਕਿ ਉਸਦੇ ਪੰਦਰਾਂ ਮਿਨਟਾਂ ਬਾਅਦ ਤੁਸੀਂ ਆਪਣੇ ਸਾਹਮਣੇ ਆਪਣੇ ਹੱਥਾਂ ਨੂੰ ਵੀ ਵੇਖ ਨਹੀਂ ਸਕੋਗੇ। ਸਮਝੇ? ਅਤੇ ਇਹ ਬੱਸ ਤੇਜ਼ੀ ਨਾਲ ਇਧਰ ਉਧਰ ਵਗੇਗੀ ਅਤੇ ਮੈਂ ਪਰਵਾਹ ਨਹੀਂ ਕਰਦਾ ਕਿ ਤੁਸੀਂ ਇਸ ਦੇਸ਼ ਨੂੰ ਕਿੰਨੇ ਵਧੀਆ ਤਰੀਕੇ ਨਾਲ ਜਾਣਦੇ ਹੋ ਪਰ ਤੁਸੀਂ ਉਥੇ ਹੀ ਰਹੋਗੇ ਅਤੇ ਨਾਸ਼ ਹੋ ਜਾਵੋਗੇ। ਕਿਓਂਕਿ ਕਈ ਵਾਰ ਮੀਂਹ ਅਤੇ ਬਰਫ਼ ਇਕਠੇ ਇੰਨੀ ਤੇਜ ਵਗਦੇ ਹਨ ਕਿ ਤੁਸੀਂ ਉਥੇ ਸ਼ਾਹ ਵੀ ਨਹੀਂ ਲੈ ਸਕਦੇ ਅਤੇ ਤੁਸੀਂ ਉਥੇ ਹੀ ਮਰ ਸਕਦੇ ਹੋ"। ਮੈਂ ਕਿਹਾ, "ਮੈਂ ਇਸ ਦੀ ਪਰਵਾਹ ਨਹੀਂ ਕਰਦਾ ਕਿ ਤੁਸੀਂ ਉਸ ਵੇਲੇ ਕਿਥੇ ਹੋ ਪਰ ਜਦੋਂ ਬਰਫ਼ ਦੀ ਪਹਿਲੀ ਬੂੰਦ ਡਿਗੇ ਤੁਸੀਂ ਆਪਣੇ ਤੰਬੂ ਵਲ ਜਿੰਨੀ ਤੇਜ ਦੋੜ ਸਕਦੇ ਹੋ ਦੋੜਨਾ ਸੁਰੂ ਕਰ ਦੇਣਾ"।

87 ਖੈਰ, ਮੈਂ ਕਿਹਾ, "ਉਥੇ ਜਾ ਕੇ ਖੁੰਦਰਾਂ ਵਿੱਚ ਲੁਕ ਕੇ ਬੈਠ ਜਾਓ ਅਤੇ ਮੈਂ ਉਪਰ ਚੜ੍ਹ ਕੇ ਪੱਥਰਾਂ ਨੂੰ ਹੇਠਾਂ ਵੱਲ ਨੂੰ ਰੇੜ੍ਹ ਦੇਵਾਂਗਾ ਅਤੇ ਇਸ ਨਾਲ ਹਿਰਨ ਡਰ ਕੇ ਉਪਰੋਂ ਹੇਠਾਂ ਵੱਲ ਨੂੰ ਦੋੜਣਗੇ ਅਤੇ ਤੁਸੀਂ ਆਪਣੀ ਇੱਛਾ ਅਨੁਸਾਰ ਸ਼ਿਕਾਰ ਲਈ ਚੁਣ ਲੈਣਾ।

88 ਇਸ ਲਈ ਮੈਂ ਉਪਰ ਚੜਨਾ ਸ਼ੁਰੂ ਕਰ ਦਿੱਤਾ ਅਤੇ ਜਿਸ ਵੇਲੇ ਮੈਂ ਉਸ ਜਗਾ ਤੇ ਪੁਜਿਆ ਜਿਸ ਨੂੰ ਅਸੀਂ "ਦਾ ਸੈਡਲ" ਆਖਦੇ ਹਾਂ, ਇੱਕ ਛੋਟੀ ਜਿਹੀ ਜਗ੍ਹਾ ਜਿਸ ਨੂੰ ਮੈਂ ਹਮੇਸ਼ਾ "ਕੁਏਕਰ ਨੋਬ" ਨਾਂ ਦੀ ਜਗ੍ਹਾ ਤੇ ਜਾਣ ਲਈ ਪਾਰ ਕਰਦਾ ਹਾਂ, ਠੀਕ ਉਪਰ ਉਸ ਜਗਾ ਤੇ ਜਿਥੇ ਮਹਾਦੀਪ ਵਖਰੇ ਹੁੰਦੇ ਹਨ। ਅਤੇ ਜੱਦ ਮੈਂ ਲਗਭਗ ਇਸ ਛੋਟੀ ਸੈਡਲ ਕੋਲ ਪਹੁੰਚਿਆ, ਇਹ...ਬੱਦਲ ਕਾਲੇ ਹੁੰਦੇ ਜਾ ਰਹੇ ਸਨ। ਉਥੇ ਕੋਈ ਵੀ ਕਾਰ ਨਹੀਂ ਸੀ, ਬੱਸ ਅਸੀਂ ਉਥੇ ਉਪਰ ਸੀ, ਜਿੰਨਾ ਦੂਰ...ਅਤੇ ਡੇਰੇ ਵਿੱਚ ਘੋੜਸਵਾਰ। ਅਤੇ ਮੌਸਮ ਹੋਰ ਖਰਾਬ ਹੁੰਦਾ ਜਾ ਰਿਹਾ ਸੀ। ਇਸ ਲਈ ਕੁਝ ਹੀ ਮਿੰਟਾ ਵਿੱਚ ਵਰਖਾ ਪੈਣੀ ਸ਼ੁਰੂ ਹੋ ਗਈ। ਖੈਰ, ਮੈਂ

ਆਪਣੀ ਬੰਦੂਕ ਨੂੰ ਆਪਣੇ ਕੋਟ ਅੰਦਰ ਰਖ ਲਿਆ, ਤਾਂਕਿ ਇਸ ਨੂੰ ਭਿੱਜਣ ਤੋਂ ਬੱਚਾ ਸਕਾਂ, ਇਸ ਲਈ ਮੈਂ ਇੱਕ ਦਰਖਤ ਹੇਠ ਬੈਠ ਗਿਆ ਅਤੇ ਆਪਣੀ ਦੂਰਬੀਨ ਉਸ ਤਰਾਂ ਰੱਖ ਲਈ । ਅਤੇ ਮੈਂ ਉਥੇ ਬੈਠ ਕੇ ਪ੍ਰਾਰਥਨਾ ਕਰਨ ਲਗਾ । ਮੈਂ ਕਿਹਾ, "ਪ੍ਰਭੂ ਪਰਮੇਸ਼ੁਰ, ਤੂੰ ਮਹਾਨ ਯਹੋਵਾਹ ਹੈਂ ਅਤੇ ਮੈਂ ਤੈਨੂੰ ਪ੍ਰੇਮ ਕਰਦਾ ਹਾਂ" ।

89 ਮੇਰੇ ਨਾਲ ਕਿੰਨੇ ਤਜਰਬੇ ਹੋਏ ਹਨ! ਮੈਂ ਭਾਈ ਪਾਲਮਰ ਅਤੇ ਹੋਰ ਭਾਈਆਂ ਨੂੰ ਉਨਾਂ ਜਗਾ ਵਲ ਇਸ਼ਾਰਾ ਕੀਤਾ । ਜਿਥੇ ਤੁਸੀਂ ਜਾਣਦੇ ਹੋ, ਉਸ ਦਿਨ ਮੈਂ ਉਕਾਬ ਨੂੰ ਉੱਪਰ ਉਡਦੇ ਹੋਏ ਵੇਖਿਆ, ਅਤੇ ਤੁਸੀਂ ਜਾਣਦੇ ਹੋ ਕਿਵੇਂ…ਇਹ ਉਹ ਜਗ੍ਹਾ ਸੀ ਜਿਥੇ ਇਹ ਸਭ ਕੁਝ ਹੋਇਆ ਸੀ । ਉਸ ਜਗ੍ਹਾ ਤੇ ਮੇਰੇ ਨਾਲ ਇਹ ਸਭ ਹੋਣਾ ਸੁਭਾਵਿਕ ਹੋ ਗਿਆ ਹੈ । ਉਪਰ ਪਹਾੜੀਆਂ ਵਿੱਚ, ਪਰਮੇਸ਼ੁਰ ਨਾਲ ਮੇਰੇ ਬਹੁਤ ਸਾਰੇ ਮਹਾਨ ਤਜਰਬੇ ਰਹੇ ਹਨ । ਇਸ ਲਈ ਤੁਸੀਂ ਉਸ ਨੂੰ ਵੇਖੇ ਬਿਨਾਂ ਉਥੇ ਨਹੀਂ ਜਾ ਸਕਦੇ; ਉਹ ਬੱਸ ਹਰ ਜਗਾ ਤੇ ਹੈ ।

90 ਫਿਰ ਜੱਦ ਮੈਂ ਉਥੇ ਬੈਠਾ ਹੋਇਆ ਸੀ ਤਾਂ ਬਰਫ਼ ਡਿੱਗਣੀ ਸ਼ੁਰੂ ਹੋ ਗਈ ਅਤੇ ਤੇਜ ਹਵਾ ਵੱਗ ਰਹੀ ਸੀ । ਅਤੇ ਮੈਂ ਕਿਹਾ, "ਖੈਰ, ਮੈਂ ਹੇਠਾਂ ਜਾਣ ਦਾ ਰਸਤਾ ਜਾਣਦਾ ਹਾਂ ਪਰ ਮੇਰੇ ਲਈ ਇਹ ਵਧੀਆ ਹੋਵੇਗਾ ਕਿ ਮੈਂ ਇਸ ਜਗ੍ਹਾ ਤੋਂ ਨਿਕਲ ਜਾਵਾਂ" । ਇਸ ਲਈ ਮੈਂ ਕਿਹਾ…

91 ਮੈਂ ਹੇਠਾਂ ਵੇਖਿਆ ਅਤੇ ਹੇਠਾਂ ਕੀ ਹੈ ਮੈਂ ਇਹ ਵੀ ਵੇਖ ਨਹੀਂ ਸਕਦਾ ਸੀ, ਉਹ ਬੱਦਲ ਬੱਸ ਘੁੰਮ ਰਹੇ ਸਨ ਅਤੇ ਮਰੋੜੇ ਖਾ ਰਹੇ ਸਨ ਅਤੇ ਬਰਫ਼ ਵੱਗ ਰਹੀ ਸੀ । ਅਤੇ ਬਰਫ਼ ਦਾ ਤੁਫਾਨ ਉਥੇ ਆ ਗਿਆ ਸੀ! ਜਿਸ ਬਾਰੇ ਕਈ ਦਿਨਾਂ ਤੋਂ ਪਹਿਲਾਂ ਦੱਸਿਆ ਜਾ ਰਿਹਾ ਸੀ, "ਇੱਕ ਵੱਡਾ ਬਰਫ਼ ਦਾ ਤੁਫਾਨ ਆ ਰਿਹਾ ਹੈ!"

92 ਭਾਈ ਟੋਮ ਇਥੇ ਹੈ । ਭਾਈ ਟੋਮ ਸਿੰਪਸਨ ਨੇ ਜੱਦ ਇਹ ਜਾਣਕਾਰੀ ਸੁਣੀ ਤੱਦ ਉਹ ਕਨੇਡਾ ਤੋਂ ਆ ਰਿਹਾ ਸੀ ਅਤੇ ਉਸ ਨੂੰ ਸਲਾਹ ਦਿੱਤੀ ਗਈ ਸੀ ਕਿ ਉਹ ਦੇਸ਼ ਦੇ ਓਸ ਹਿੱਸੇ ਵਿੱਚ ਨਾ ਜਾਵੇ ਕਿਓਂਕਿ ਮੌਸਮ ਦੀ ਜਾਣਕਾਰੀ ਦੇ ਅਨੁਸਾਰ, "ਇੱਕ ਬਰਫ਼ ਦਾ ਤੁਫਾਨ ਆਉਣ ਵਾਲਾ ਸੀ" । ਭਾਈ ਟੋਮ, ਤੁਸੀਂ ਕਿਥੇ ਹੋ? ਮੈਂ ਸੋਚਦਾ ਹਾਂ, ਹਾਂ, ਉਹ ਉਥੇ ਹਨ । ਅਤੇ ਉਸਨੇ…ਬਰਫ਼ ਦਾ ਤੁਫਾਨ ਆ ਰਿਹਾ ਸੀ! ਹਰ ਕਿਸੇ ਨੇ ਇਸ ਦੇ ਲਈ ਤਿਆਰੀ ਕਰ ਲਈ ਸੀ ।

93 ਖੈਰ, ਮੈਂ ਆਪਣੀ ਬੰਦੂਕ ਆਪਣੀ ਲਾਲ ਕਮੀਜ ਦੇ ਹੇਠਾਂ ਇਸ ਤਰਾਂ ਰੱਖੀ ਅਤੇ ਪਹਾੜੀ ਦੇ ਹੇਠਾਂ ਜਾਣਾ ਸ਼ੁਰੂ ਕਰ ਦਿੱਤਾ । ਅਤੇ ਜੱਦ ਮੈਂ ਜਾਣਾ ਸ਼ੁਰੂ ਕੀਤਾ, ਲਗਭਗ ਸੈਡਲ ਤੋਂ ਅੱਧਾ ਕੁ ਮੀਲ ਦੀ ਦੂਰੀ ਤੇ ਹੀ ਪਹੁੰਚਿਆ ਹੋਵਾਂਗਾ; ਅਤੇ ਔਹ ਮੇਰੇ, ਬਰਫ਼ ਦੀਆਂ ਵੱਡੀਆਂ ਬੂੰਦਾ ਡਿੱਗਣੀਆਂ ਸ਼ੁਰੂ ਹੋ ਗਈਆਂ ਅਤੇ ਹਵਾ ਉਸ ਪਹਾੜੀ ਉੱਤੇ ਤੇਜ ਰਫਤਾਰ ਨਾਲ ਇਧਰ ਉਧਰ ਵੱਗ ਰਹੀ ਸੀ । ਮੈਂ ਹੁਣ ਪਹਾੜੀ ਦਾ ਹੇਠਲਾ ਹਿੱਸਾ ਨਹੀਂ ਸੀ ਵੇਖ ਸਕਦਾ । ਮੈਂ ਸਿਰਫ ਆਪਣੇ ਅੱਗੇ ਵੀਹ ਜਾਂ ਤੀਹ ਫੁੱਟ ਅਗੇ ਵੇਖ ਸਕਦਾ ਸੀ । ਅਤੇ ਫਿਰ ਮੈਂ ਇੱਕ ਛੋਟੀ ਜਿਹੀ ਜਗ੍ਹਾ ਜਿਸ ਨੂੰ ਅਸੀਂ "ਇੱਕ ਛੋਟੀ ਪਹਾੜੀ" ਕਹਿੰਦੇ ਹਾਂ, ਫਿਰ ਇੱਕ ਨਾਲੇ ਕੋਲ ਪਹੁੰਚਿਆ ਅਤੇ ਫਿਰ ਮੈਂ ਜਾਣਦਾ ਸੀ ਕਿ ਨਾਲੇ ਦੇ ਨਾਲ ਨਾਲ ਜਾਣਾ ਹੈ ਅਤੇ ਇਹ ਵੀ ਜਾਣਦਾ ਸੀ ਕਿ ਜੇਕਰ ਮੌਸਮ ਬੇਹੱਦ ਖਰਾਬ ਹੋ ਗਿਆ ਤਾਂ ਕਿਥੇ ਜਾਣਾ ਹੈ ।

94 ਇਸ ਲਈ ਮੈਂ ਹੇਠਾਂ ਜਾਣਾ ਸ਼ੁਰੂ ਕਰ ਦਿੱਤਾ ਅਤੇ ਅਧੇ ਰਸਤੇ ਵਿੱਚ ਕਿਸੇ ਚੀਜ ਨੇ ਮੈਨੂੰ ਕਿਹਾ, ਅਜਿਹੀ ਸਾਫ਼ ਆਵਾਜ਼ ਨਾਲ ਜਿਸ ਤਰਾਂ ਤੁਸੀਂ ਮੈਨੂੰ ਸੁਣ ਰਹੇ ਹੋ, "ਰੁੱਕ, ਅਤੇ ਵਾਪਸ ਜਾ!"

95 ਖੈਰ, ਮੈਂ ਸੋਚਿਆ, "ਮੈਂ ਕੀ ਸੋਚ ਰਿਹਾ ਸੀ? ਹੋ ਸਕਦਾ ਹੈ ਕਿ ਬੱਸ ਮੇਰਾ ਦਿਮਾਗ ਹੈ" । ਅਤੇ ਮੈਂ ਬੱਸ ਅਗਲਾ ਕਦਮ ਚੁੱਕ ਹੀ ਨਹੀਂ ਸੱਕਿਆ ।

96 ਉਸ ਸਵੇਰ ਡੇਵਿਡ ਨੇ ਮੇਰੇ ਲਈ ਇੱਕ ਸੈਂਡਵਿੱਚ ਬਣਾਇਆ ਸੀ ਅਤੇ ਮੈਂ ਸੋਚਦਾ ਹਾਂ ਕਿ ਉਸਨੇ ਇਹ ਕਰਕੇ ਮੇਰੇ ਤੋਂ ਬਦਲਾ ਲਿਆ ਸੀ ਕਿਉਂਕਿ ਮੈਂ ਉਸਦੇ ਡੈਡੀ ਲਈ ਇੱਕ ਵਾਰ ਪਿਆਜ ਅਤੇ ਸ਼ਹਿਦ ਪਾ ਕੇ ਇੱਕ ਬਣਾਇਆ ਸੀ, ਇਹ ਹੀ ਸਭ ਅਸੀਂ ਲਿਆ ਸੀ । ਇਸ ਲਈ ਉਸ ਨੇ ਮੇਰੇ ਲਈ ਇੱਕ ਬੇਕਾਰ ਸੈਂਡਵਿੱਚ ਬਣਾਇਆ ਅਤੇ ਔਹ, ਮੈਂ ਨਹੀਂ ਜਾਣਦਾ ਕਿ ਉਸ ਵਿੱਚ ਕੀ ਲਪੇਟਿਆ ਹੋਇਆ ਸੀ! ਅਤੇ ਇਹ ਮੇਰੀ ਕਮੀਜ ਵਿਚ ਸੀ ਅਤੇ ਇਹ ਭਿੱਜ ਗਿਆ ਸੀ । ਮੈਂ ਸੋਚਿਆ, "ਮੈਂ ਬੱਸ ਰੁੱਕ ਕੇ ਇਸ ਨੂੰ ਖਾਵਾਂਗਾ ਅਤੇ ਹੋ ਸਕਦਾ ਹੈ ਮੈਂ...ਤੱਦ ਇਹ ਸਭ ਠੀਕ ਹੋ ਜਾਵੇਗਾ" । ਇਸ ਲਈ ਮੈਂ ਲਗਭਗ ਦੱਸ ਵਜੇ ਸੈਂਡਵਿੱਚ ਬਾਹਰ ਕਢਿਆ ਅਤੇ ਇਸ ਨੂੰ ਖਾਣਾ ਸ਼ੁਰੂ ਕਰ ਦਿੱਤਾ । ਅਤੇ ਜੱਦ ਮੈਂ ਸੈਂਡਵਿੱਚ ਖਾ ਰਿਹਾ ਸੀ ਤਾਂ ਮੈਂ ਸੋਚਿਆ, "ਹੁਣ ਮੈਂ ਠੀਕ ਹੋ ਜਾਵਾਂਗਾ" ।

ਅਤੇ ਮੈਂ ਅੱਗੇ ਵਧਣਾ ਸ਼ੁਰੂ ਕਰ ਦਿੱਤਾ ਪਰ ਕਿਸੇ ਚੀਜ ਨੇ ਕਿਹਾ, "ਉਥੇ ਵਾਪਸ ਜਾ ਜਿਥੋਂ ਤੂੰ ਆਇਆ ਹੈਂ!"

97 "ਉਸ ਤੁਫਾਨ ਦੇ ਵਿਚੋਂ ਹੋ ਕੇ ਅੱਧਾ ਜਾਂ ਉਸ ਤੋਂ ਵੱਧ ਦੂਰੀ ਤੇ ਪਹਾੜੀ ਉੱਤੇ ਉਸ ਲਕੜ ਦੀ ਇਮਾਰਤ ਵਿੱਚ ਜਾ?" ਅਜਿਹੀ ਜਗਾ ਜਿਥੇ ਤੁਸੀਂ ਉਸ ਜਗਾ ਤੱਕ ਵੇਖ ਸਕਦੇ ਹੋ ਜਿਥੇ ਉਹ ਆਰਗਨ ਪਿਆ ਹੈ! ਪਰ ਮੈਂ ਹੁਣ ਇੱਕ ਬੁਢਾ ਆਦਮੀ ਬਣਨ ਜਾ ਰਿਹਾ ਹਾਂ ਅਤੇ ਮੈਂ ਤੇਤੀ ਸਾਲਾਂ ਤੋਂ ਮਸੀਹ ਰਿਹਾ ਹਾਂ; ਮੈਂ ਜਾਣਦਾ ਹਾਂ ਕਿ ਕੁਝ ਵੀ ਹੋਵੇ, ਚਾਹੇ ਇਹ ਕਿੰਨੀ ਵੀ ਬੇਤੁਕੀ ਗਲ ਲਗੇ, ਪਰਮੇਸ਼ੁਰ ਦੀ ਮੰਨੋ, ਪਰਮੇਸ਼ੁਰ ਜੋ ਕਹਿੰਦਾ ਹੈ ਉਹ ਕਰੋ ।

98 ਅਤੇ ਮੈਂ ਮੁੜਿਆ ਅਤੇ ਵਾਪਸ ਸੈਡਲ ਵਲ ਜਾਣਾ ਸ਼ੁਰੂ ਕਰ ਦਿੱਤਾ । ਔਹ, ਬਰਫ਼ ਦਾ ਤੁਫਾਨ ਤੇਜ ਹੁੰਦਾ ਜਾ ਰਿਹਾ ਸੀ; ਉਥੇ ਹਨੇਰਾ ਵੱਧਦਾ ਜਾ ਰਿਹਾ ਸੀ । ਮੈਂ ਉਥੇ ਹੇਠਾਂ ਬੈਠ ਗਿਆ ਅਤੇ ਆਪਣਾ ਕੋਟ ਇਸ ਤਰਾਂ ਪਾ ਲਿਆ ਅਤੇ ਆਪਣੀ ਕਮੀਜ ਦੂਰਬੀਨ ਉੱਤੇ ਲਪੇਟ ਲਈ; ਮੈਂ ਬੈਠ ਗਿਆ । ਮੈਂ ਸੋਚਿਆ, "ਮੈਂ ਇਥੇ ਕੀ ਕਰ ਰਿਹਾ ਹਾਂ? ਮੈਂ ਇਥੇ ਉਪਰ ਕਿਉਂ ਆਇਆ ਹਾਂ?

99 ਅਤੇ ਮੈਂ ਬੱਸ ਕੁਝ ਮਿੰਟਾ ਦਾ ਇੰਤਜ਼ਾਰ ਕੀਤਾ । ਅਤੇ ਮੈਂ ਫਿਰ ਤੋਂ ਖਲੋਣਾ ਸ਼ੁਰੂ ਕਰ ਦਿੱਤਾ ਅਤੇ ਜਿੰਨਾ ਸਾਫ਼ ਮੈਂ ਕਦੇ ਸੁਣਨਾ ਚਾਹੁੰਦਾ ਸੀ, ਇੱਕ ਅਵਾਜ ਨੇ ਕਿਹਾ, "ਮੈਂ ਆਕਾਸ਼ ਅਤੇ ਧਰਤੀ ਦਾ ਸ੍ਰਿਸਟੀਕਰਤਾ ਹਾਂ! ਮੈਂ ਹੀ ਹਵਾਵਾਂ ਅਤੇ ਮੀਂਹ ਨੂੰ ਬਣਾਉਂਦਾ ਹਾਂ" । ਮੈਂ ਆਪਣੀ ਟੋਪੀ ਲਾਹ ਲਈ ।

100 ਮੈਂ ਕਿਹਾ, "ਮਹਾਨ ਯਹੋਵਾਹ, ਕੀ ਇਹ ਤੂੰ ਹੈਂ?"

101 ਉਸਨੇ ਕਿਹਾ, "ਉਹ ਮੈਂ ਹੀ ਸੀ ਜਿਸ ਨੇ ਸਮੁੰਦਰ ਉੱਤੇ ਹਵਾਂਵਾਂ ਨੂੰ ਰੋਕ ਦਿੱਤਾ । ਉਹ ਮੈਂ ਹੀ ਸੀ ਜਿਸ ਨੇ ਲਹਿਰਾਂ ਨੂੰ ਸ਼ਾਂਤ ਕੀਤਾ ਸੀ । ਮੈਂ ਹੀ ਆਕਾਸ਼ ਅਤੇ ਧਰਤੀ ਦੀ ਸ੍ਰਿਸ਼ਟੀ ਕੀਤੀ ਹੈ । ਕੀ ਉਹ ਮੈਂ ਨਹੀਂ ਸੀ ਜਿਸੇ ਨੇ ਤੈਨੂੰ ਗਿਲ੍ਹਰੀਆਂ ਦੇ ਲਈ ਬੋਲਣ ਲਈ ਕਿਹਾ ਅਤੇ ਉਹ ਅਸਤਿਤਵ ਵਿੱਚ ਆ ਗਈਆਂ? ਮੈਂ ਪਰਮੇਸ਼ੁਰ ਹਾਂ" ।

102 ਹੁਣ, ਜੱਦ ਕੋਈ ਆਵਾਜ਼ ਤੁਹਾਡੇ ਨਾਲ ਗੱਲ ਕਰਦੀ ਹੈ ਤਾਂ ਉਸ ਨੂੰ ਵਚਨ ਨਾਲ ਮਿਲਾ ਕੇ ਵੇਖੋ । ਜੇਕਰ ਇਹ ਵਚਨ ਦੇ ਅਨੁਸਾਰ ਨਹੀ ਹੈ ਤਾਂ ਇਸ ਨੂੰ ਛੱਡ ਦਵੋ; ਮੈਂ ਪਰਵਾਹ ਨਹੀਂ ਕਰਦਾ ਕਿ ਇਹ ਆਵਾਜ਼ ਕਿੰਨੀ ਸਾਫ਼ ਹੈ, ਤੁਸੀਂ ਬੱਸ ਉਸ ਤੋਂ ਦੂਰ ਰਹੋ ।

103 ਮੈਂ ਕਿਹਾ, “ਹਾਂ, ਪ੍ਰਭੂ” ।

104 ਉਸਨੇ ਕਿਹਾ, “ਇਹਨਾਂ ਹਵਾਵਾਂ ਅਤੇ ਤੁਫਾਨ ਨੂੰ ਕਹਿ ਤਾਂ ਇਹ ਰੁੱਕ ਜਾਵੇਗਾ” । ਹੁਣ ਬਾਈਬਲ ਮੇਰੇ ਸਾਹਮਣੇ ਪਈ ਹੈ ਜਿਸ ਵਿੱਚ ਮੇਰੀ ਜਿੰਦਗੀ ਹੈ ।

105 ਮੈਂ ਉਠ ਖਲੋਤਾ ਅਤੇ ਮੈਂ ਕਿਹਾ, “ਪ੍ਰਭੂ, ਮੈਂ ਤੇਰੀ ਆਵਾਜ਼ ਤੇ ਸ਼ੱਕ ਨਹੀਂ ਕਰਦਾ” । ਮੈਂ ਕਿਹਾ, “ਬੱਦਲ, ਬਰਫ਼, ਗੜ੍ਹੇ, ਮੀਂਹ, ਮੈਂ ਤੁਹਾਡੇ ਆਉਣ ਤੇ ਨਾਖੁਸ ਹਾਂ । ਯਿਸੂ ਮਸੀਹ ਦੇ ਨਾਂ ਵਿੱਚ ਆਪਣੀ ਆਪਣੀ ਜਗ੍ਹਾ ਤੇ ਚਲੇ ਜਾਓ! ਮੈਂ ਕਹਿੰਦਾ ਹਾਂ ਕਿ ਸੂਰਜ ਹੁਣੇ ਬਾਹਰ ਆ ਜਾਵੇ ਅਤੇ ਚਾਰ ਦਿਨ ਤੱਕ ਚਮਕੇ, ਜੱਦ ਤੱਕ ਮੈਂ ਅਤੇ ਮੇਰੇ ਭਰਾ ਸ਼ਿਕਾਰ ਕਰਕੇ ਚਲੇ ਨਹੀਂ ਜਾਦੇ” ।

106 ਇਹ ਬੱਸ ਤੇਜੀ ਨਾਲ ਚਲੀ ਗਈ, “ਵੂਸ਼”, ਦੀ ਆਵਾਜ਼ ਨਾਲ । ਅਤੇ ਇਸਨੇ “ਵੂਸ਼” ਦੀ ਆਵਾਜ਼ ਨਾਲ ਜਾਣਾ ਸ਼ੁਰੂ ਕੀਤਾ ਫਿਰ ਇਹ “ਫ਼ਯੂ, ਫ਼ਯੂ, ਫ਼ਯੂ, ਫ਼ਯੂ” । ਫਿਰ ਇਹ ਰੁੱਕ ਗਈ ।

107 ਮੈਂ ਬੇਹੱਦ ਸਾਂਤ ਖਲੋ ਗਿਆ । ਮੇਰੇ ਭਾਈ ਉਥੇ ਸਨ ਅਤੇ ਸੋਚ ਰਹੇ ਸਨ ਕਿ ਕੀ ਹੋ ਰਿਹਾ ਹੈ । ਮੀਂਹ ਅਤੇ ਗੜ੍ਹੇ ਰੁੱਕ ਗਏ । ਪਹਾੜੀਆਂ ਦੇ ਵਿਚੋਂ ਇੱਕ ਹਵਾ ਦਾ ਬੁੱਲਾ ਆਇਆ ਜਿਸ ਨੇ ਬੱਦਲਾਂ ਨੂੰ ਉੱਪਰ ਚੁੱਕ ਦਿੱਤਾ ਅਤੇ ਕੋਈ *ਇਸ* ਪਾਸੇ ਗਿਆ, ਕੋਈ ਉੱਤਰ, ਦੱਖਣ, ਪੂਰਬ ਅਤੇ ਪੱਛਮ ਵਲ ਨੂੰ ਖਿੰਡ ਗਿਆ । ਅਤੇ ਕੁਝ ਹੀ ਮਿਨਟਾਂ ਵਿੱਚ ਸੂਰਜ ਚੰਗੀ ਤਰਾਂ ਚਮਕਣ ਲਗਾ ਅਤੇ ਗਰਮੀ ਦੇਣ ਲਗਾ । ਇਹ ਸੱਚ ਹੈ! ਪਰਮੇਸ਼ੁਰ ਜਾਣਦਾ ਹੈ ਕਿ ਇਹ ਸੱਚ ਹੈ!

108 ਮੈਂ ਬੱਸ ਉਸ ਜਗ੍ਹਾ ਤੇ ਖਲੋ ਕੇ ਇੱਧਰ ਉੱਧਰ ਵੇਖ ਰਿਹਾ ਸੀ; ਮੈਂ ਆਪਣੀ ਟੋਪੀ ਉਤਾਰ ਕੇ ਵੇਖ ਰਿਹਾ ਸੀ । ਮੈਂ...ਤੁਸੀਂ ਕਹਿੰਦੇ ਹੋ...ਮੈਂ ਸੁੰਨ ਹੋ ਗਿਆ ।

109 ਮੈਂ ਸੋਚਿਆ, “ਸਭ ਕੁਝ ਉਸ ਦੇ ਹੱਥ ਵਿੱਚ ਹੈ ਜੋ ਸਾਰੀ ਸ੍ਰਿਸ਼ਟੀ ਦਾ ਪਰਮੇਸ਼ੁਰ ਹੈ । ਉਹ ਮੈਨੂੰ ਕੀ ਦੱਸ ਰਿਹਾ ਹੈ?”

110 ਮੈਂ ਆਪਣੀ ਬੰਦੂਕ ਚੁੱਕੀ, ਆਪਣੀ ਦੂਰਬੀਨ ਸਾਫ਼ ਕੀਤੀ ਅਤੇ ਪਹਾੜੀ ਦੇ ਹੇਠਾਂ ਜਾਣਾ ਸ਼ੁਰੂ ਕਰ ਦਿੱਤਾ । ਮੈਨੂੰ ਕਿਸੇ ਚੀਜ ਨੇ ਕਿਹਾ, “ਤੂੰ ਮੇਰੇ ਨਾਲ ਉਜਾੜ ਵਿੱਚ ਕਿਓਂ ਨਹੀਂ ਟਹਿਲਦਾ, ਮੇਰੇ ਨਾਲ ਚੱਲ?”

111 ਮੈਂ ਕਿਹਾ, “ਹਾਂ, ਪ੍ਰਭੂ, ਮੈਂ ਆਪਣੇ ਪੂਰੇ ਦਿਲ ਨਾਲ; ਇਹ ਸਭ ਤੋਂ ਮਹਾਨ ਕੰਮ ਹੈ ਜੋ ਮੈਂ ਕਰ ਸਕਦਾ ਹਾਂ ਕਿ ਤੇਰੇ ਨਾਲ ਚੱਲਾਂ” । ਇਸ ਲਈ ਮੈਂ ਆਪਣੀ ਬੰਦੂਕ ਆਪਣੇ ਮੋਢੇ ਤੇ ਟੰਗ ਲਈ ਅਤੇ ਮੈਂ ਉਸ ਵਿਚੋਂ ਲੰਘਣਾ ਸ਼ੁਰੂ ਕਰ ਦਿੱਤਾ; ਮੈਂ ਉਨ੍ਹਾਂ ਇਮਾਰਤੀ ਲਕੜਾਂ ਦੇ ਵਿਚੋਂ ਦੀ ਲੰਘ ਰਿਹਾ ਸੀ ਜਿਸ ਨੂੰ ਕਦੇ ਕੁਹਾੜਾ ਨਹੀਂ ਲਗਾ ਸੀ ।

112 ਅਤੇ ਜਿਵੇਂ ਮੈਂ ਸ਼ਿਕਾਰ ਕਰਨ ਦੇ ਲਈ ਲਗਾਏ ਗਏ ਨਿਸ਼ਾਨਾਂ ਦੇ ਨਾਲ ਨਾਲ ਚੱਲ ਰਿਹਾ ਸੀ, ਮੈਂ ਇਸ ਤਰਾਂ ਮਹਿਸੂਸ ਕੀਤਾ, “ਮੈਂ ਉਸ ਜਗ੍ਹਾ ਤੇ ਜਾ ਰਿਹਾ ਹਾਂ ਜਿਥੇ...ਉਸ ਤੋਂ ਪਿਛਲੇ ਦਿਨ ਸਾਡੀ ਵਰ੍ਹੇਗੰਢ ਸੀ ਅਤੇ ਮੈਂ ਉਥੇ ਕੁਝ ਮਿੰਟ ਰੁਕਾਂਗਾ; ਮੈਡਾ ਨੂੰ ਇੱਕ ਛੋਟਾ ਸਲਾਮ ਦੇਣ ਲਈ, ਉੱਪਰ ਛੋਟੀ ਟੀਸੀ ਉੱਤੇ ਜਿਥੇ ਪਾਪ੍ਲਰਾਂ ਦਾ ਇੱਕ ਛੋਟਾ ਜਿਹਾ ਝੁੰਡ ਹੈ” । ਅਤੇ ਮੈਂ ਕਿਹਾ, “ਆਪਣੀ ਵਰ੍ਹੇਗੰਢ ਨੂੰ ਸਲਾਮੀ ਦੇਣ ਲਈ ਮੈਂ ਚਾਹੁੰਦਾ ਹਾਂ ਕਿ ਮੈਂ ਉਥੇ ਚੱਲ ਕੇ ਜਾਵਾਂ । ਫਿਰ ਮੈਂ ਹੇਠਾਂ ਦੂਜੇ ਪਾਸੇ ਹਨੇਰੀਆਂ ਇਮਾਰਤੀ ਲਕੜਾਂ ਵਿੱਚ ਜਾਵਾਂਗਾ ਅਤੇ ਇਧਰ ਓਧਰ ਟਹਿਲਦੇ ਹੋਏ ਤਬੇਲੇ ਵਾਲੀ ਚੋਟੀ ਤੇ ਜਾਵਾਂਗਾ ਅਤੇ ਇਸ ਰਸਤੇ ਹੇਠਾਂ ਵਾਪਸ ਆ ਜਾਵਾਂਗਾ” । ਬੱਸ ਟਹਿਲਦੇ ਹੋਏ ਅਤੇ ਅਨੰਦ ਕਰਦੇ ਹੋਏ ।

113 ਮੈਂ ਕਹਿ ਰਿਹਾ ਸੀ, “ਪਿਤਾ, ਮੈਂ ਜਾਣਦਾ ਹਾਂ ਕਿ ਤੂੰ ਮੇਰੇ ਨਾਲ ਚੱਲ ਰਿਹਾ ਹੈਂ। ਅਤੇ ਇਹ ਕਿੰਨੀ ਭਾਗਾਂ ਵਾਲੀ ਗੱਲ ਹੈ ਕਿ ਓਸ ਨਾਲੋਂ ਹੋਰ ਕੋਈ ਵੀ ਵੱਡਾ ਨਹੀਂ ਹੈ; ਉਹੀ ਪਰਮੇਸ਼ੁਰ ਜਿਸ ਨਾਲ ਮੈਂ ਚੱਲ ਰਿਹਾ ਹਾਂ!” ਅਤੇ ਉਹ ਨਿੱਘੀ ਧੁੱਪ!

114 ਇਥੋਂ ਤੱਕ ਕਿ ਜੱਦ ਮੈਂ ਪਹਾੜਾਂ ਵਿਚੋਂ ਬਾਹਰ ਆ ਗਿਆ। ਮੈਂ ਇੱਕ ਪੈਟਰੋਲ ਪੰਪ ਤੇ ਰੁੱਕ ਗਿਆ ਅਤੇ ਮੈਂ ਕਿਹਾ, “ਖੂਬਸੂਰਤ ਦਿਨ!” ਤਿੰਨ ਦਿਨਾਂ ਬਾਅਦ। ਉਸ ਦੇਸ਼ ਦੇ ਉਸ ਹਿੱਸੇ ਵਿੱਚ ਤੱਦ ਤੱਕ ਮੀਂਹ ਨਹੀਂ ਪਿਆ ਜੱਦ ਤੱਕ ਚਾਰ ਦਿਨ ਗੁਜਰ ਨਾ ਗਏ। ਸੂਰਜ ਹਰ ਰੋਜ ਚਮਕਦਾ ਸੀ। ਕੀ ਇਹ ਠੀਕ ਹੈ, ਭਾਇਓ? [ਭਾਈ ਕਹਿੰਦੇ ਹਨ, “ਆਮੀਨ”।—ਸੰਪਾਦਕ] ਸਮਝੇ? ਅਤੇ ਅਸਮਾਨ ਵਿੱਚ ਇੱਕ ਵੀ ਬੱਦਲ ਨਹੀਂ ਸੀ।

115 ਅਤੇ ਮੈਂ ਪੈਟਰੋਲ ਪੰਪ ਤੋਂ ਬਾਹਰ ਆਇਆ, ਮੈਂ ਕਿਹਾ, “ਯਕੀਨਨ ਇੱਕ ਖੂਬਸੂਰਤ ਦਿਨ ਹੈ”।

“ਹਾਂ, ਇਹ ਹੈ!”

ਮੈਂ ਕਿਹਾ, “ਬਹੁਤ ਜਿਆਦਾ ਸੁੱਕਾ ਪਿਆ ਸੀ”।

116 ਕਿਹਾ, “ਇਹ ਇੱਕ ਅਜੀਬ ਗੱਲ ਹੈ!” ਇਸ ਸੇਵਾਦਾਰ ਨੇ ਕਿਹਾ, “ਤੁਸੀਂ ਜਾਣਦੇ ਹੋ, ਉਹਨਾਂ ਨੇ ਸਾਨੂੰ ਦੱਸਿਆ ਸੀ ਕਿ ਇਥੇ ਬਹੁਤ ਵੱਡਾ ਬਰਫ਼ ਦਾ ਤੂਫ਼ਾਨ ਆਵੇਗਾ ਪਰ ਅਚਾਨਕ ਇਹ ਰੁੱਕ ਗਿਆ!”

117 ਮੈਂ ਹੇਠਾਂ ਨਿਊ ਮੈਕਸਿਕੋ ਲਾਇਨ ਤੇ ਆ ਗਿਆ। ਮੈਂ ਅਤੇ ਮੇਰਾ ਬੇਟਾ ਬਿੱਲੀ, ਅਸੀਂ ਉਥੇ ਇੱਕ ਛੋਟੀ ਜਿਹੀ ਜਗ੍ਹਾ ਤੇ ਗਏ ਤਾਂਕਿ ਕੁਝ…ਜਿਸ ਸਵੇਰ ਅਸੀਂ ਉਸ ਜਗ੍ਹਾ ਨੂੰ ਛਡਿਆ, ਮੈਂ ਕਿਹਾ, “ਯਕੀਨਨ ਇੱਕ ਖੂਬਸੂਰਤ ਦਿਨ ਹੈ”।

“ਹਾਂ, ਇਹ ਹੈ!”

ਮੈਂ ਕਿਹਾ, “ਇੰਝ ਲਗਦਾ ਹੈ ਜਿਵੇਂ ਬੜਾ ਸੁੱਕਾ ਪਿਆ ਸੀ”।

“ਹਾਂ, ਇਹ ਸੀ!”

ਮੈਂ ਕਿਹਾ, “ਕੀ ਤੁਸੀਂ ਇਸ ਜਗ੍ਹਾ ਦੇ ਰਹਿਣ ਵਾਲੇ ਹੋ?”

118 ਉਸਨੇ ਕਿਹਾ, “ਨਹੀਂ, ਮੈਂ ਵਿਸਕਾਨਸਿਨ ਤੋਂ ਹਾਂ”, ਜਾਂ ਕਿਸੇ ਜਗ੍ਹਾ ਤੋਂ। ਉਸਨੇ ਕਿਹਾ, “ਮੈਨੂੰ ਇਥੇ ਆਏ ਨੂੰ ਵੀਹ ਸਾਲ ਹੋ ਗਏ ਹਨ ਇਸ ਲਈ ਤੁਸੀਂ ਇਸ ਨੂੰ ਮੇਰਾ ਘਰ ਕਹਿ ਸਕਦੇ ਹੋ”।

119 ਮੈਂ ਕਿਹਾ, “ਫਿਰ ਤਾਂ ਤੁਸੀਂ ਇਸ ਜਗ੍ਹਾ ਦੇ ਵਾਸੀ ਹੋ, ਮੈਂ ਅਨੁਮਾਨ ਲਗਾ ਰਿਹਾ ਹਾਂ”। ਇਸ ਲਈ ਮੈਂ ਕਿਹਾ, “ਹਾਂ ਸ੍ਰੀ ਮਾਨ”, ਮੈਂ ਕਿਹਾ, “ਇੰਝ ਦਿੱਸ ਰਿਹਾ ਹੈ ਜਿਵੇਂ ਬਹੁਤ ਜਿਆਦਾ ਸੁੱਕਾ ਪਿਆ ਹੋਇਆ ਸੀ”।

120 ਉਸਨੇ ਕਿਹਾ, “ਤੁਸੀਂ ਜਾਣਦੇ ਹੋ, ਇੱਕ ਬਹੁਤ ਅਜੀਬ ਗੱਲ ਹੋਈ ਹੈ!” ਉਸਨੇ ਕਿਹਾ, “ਸਾਡੇ ਕੋਲ ਮੌਸਮ ਵਿਭਾਗ ਵਲੋਂ ਜਾਣਕਾਰੀ ਸੀ ਕਿ ਇਥੇ ਬਹੁਤ ਵੱਡਾ ਬਰਫ਼ ਦਾ ਤੁਫਾਨ ਆਉਣ ਵਾਲਾ ਹੈ, ਬਹੁਤ ਜਿਆਦਾ ਬਰਫ਼ ਪੈਣ ਵਾਲੀ ਹੈ ਅਤੇ ਇਹ ਸਚ ਮੁਚ ਸ਼ੁਰੂ ਹੋ ਗਿਆ ਫਿਰ ਰੁੱਕ ਗਿਆ!”

121 ਮੈਂ ਕਿਹਾ, “ਤੁਸੀਂ ਇਸ ਤਰ੍ਹਾਂ ਨਾ ਕਹੋ,” ਅਤੇ ਸ਼ਾਂਤ ਰਹੋ।

122 ਫਿਰ ਮੈਂ ਘਰ ਆ ਗਿਆ । ਭਾਈ ਟੋਮ ਦੱਸ ਰਿਹਾ ਸੀ ਕਿ ਉਸ ਨੂੰ ਦੱਸਿਆ ਗਿਆ ਸੀ ਕਿ ਓਧਰ ਇੱਕ ਬਰਫ਼ ਦਾ ਤੁਫਾਨ ਆਉਣ ਵਾਲਾ ਹੈ ਇਸ ਲਈ ਉਹ ਓਸ ਪਾਸੇ ਨਾ ਜਾਵੇ । ਪਰ ਉਹ ਉਸ ਦੇਸ਼ ਦੇ ਵਿਚੋਂ ਦੀ ਹੋ ਕੇ ਆਇਆ ਅਤੇ ਓਸ ਤੇ ਵਰਖਾ ਦੀ ਇੱਕ ਬੂੰਦ ਵੀ ਨਹੀਂ ਪਈ! ਉਹ ਅਜੇ ਵੀ ਪਰਮੇਸ਼ੁਰ ਹੈ, ਸਮਝੇ, ਜਿਵੇਂ ਉਹ ਪਹਿਲੇ ਸੀ । ਸਮਝੇ?

123 ਮੈਂ ਉਥੇ ਉਪਰ ਚੱਲ ਰਿਹਾ ਸੀ, ਮੈਂ ਜਾ ਰਿਹਾ ਸੀ…ਹੁਣ, ਇਹ ਹਿੱਸਾ, ਮੈਂ ਉਮੀਦ ਕਰਦਾ ਹਾਂ ਕਿ ਇਹ ਟੇਪ ਮੇਰੀ ਪਤਨੀ ਨੂੰ ਨਾ ਮਿਲੇ । ਸਮਝੇ? ਪਰ ਮੈਂ ਤੁਹਾਨੂੰ ਕੁਝ ਦੱਸਣਾ ਚਾਹੁੰਦਾ ਹਾਂ । ਅਤੇ ਹੁਣ, ਮੈਂ—ਮੈਂ ਤੁਹਾਨੂੰ ਨਹੀਂ ਦੱਸਦਾ…ਮੈਂ ਬੱਸ ਤੁਹਾਨੂੰ ਸੱਚ ਦੱਸਾਂਗਾ, ਸਮਝੇ, ਅਤੇ ਇਹ ਕਰਨ ਦਾ ਇਹ ਹੀ ਇੱਕ ਤਰੀਕਾ ਹੈ । ਮੈਂ ਹਮੇਸ਼ਾ ਹੈਰਾਨ ਹੁੰਦਾ ਸੀ ਕਿ ਸਾਡੀ ਵਹੁਟੀ ਤੇ ਉਹ ਮੇਰੇ ਉਹਨਾਂ ਯਾਤਰਾਵਾਂ ਤੇ ਜਾਣ ਬਾਰੇ ਸ਼ਿਕਾਇਤ ਕਿਓਂ ਨਹੀਂ ਕਰਦੀ । ਤੁਸੀਂ ਜਾਣਦੇ ਹੋ ਮੈਂ ਆਪਣੇ ਮੰਨ ਵਿੱਚ ਕੀ ਸੋਚਿਆ ਹੋਇਆ ਸੀ? ਮੈਂ ਕਿਹਾ, “ਘਰ ਦੇ ਆਸ ਪਾਸ ਬਹੁਤ ਸਾਰੇ ਲੋਕ ਹਨ । ਅਤੇ ਤੁਸੀਂ ਜਾਣਦੇ ਹੋ ਮੈਂ ਹਮੇਸ਼ਾ ਬੇਚੈਨ ਰਹਿੰਦਾ ਹਾਂ । ਅਤੇ ਮੈਂ ਜੋ ਵੀ ਗੱਲ ਕਰਦਾ ਹਾਂ, ਮੈਂ ਬੱਸ ਪਰਮੇਸ਼ੁਰ, ਬਾਈਬਲ ਬਾਰੇ ਗੱਲ ਕਰਨਾ ਚਾਹੁੰਦਾ ਹਾਂ । ਹੋ ਸਕਦਾ ਹੈ ਕਿ ਉਹ ਸੋਚਦੀ ਹੋਵੇ ਕਿ ਮੇਰੇ ਦੂਰ ਜਾਣ ਨਾਲ ਉਸ ਨੂੰ ਥੋੜਾ ਅਰਾਮ ਮਿਲ ਜਾਵੇ । ਜੱਦ ਮੈਂ ਸ਼ਿਕਾਰ ਤੇ ਜਾਂਦਾ ਹਾਂ ਤਾਂ ਉਹ ਮੇਰੇ ਤੋਂ ਕੁਝ ਦਿਨਾਂ ਲਈ ਛੁਟਕਾਰਾ ਪਾ ਲੈਂਦੀ ਹੈ” । ਮੈਂ, ਇਹੀ ਸੋਚਦਾ ਹੋਇਆ ਓਥੇ ਚੱਲ ਰਿਹਾ ਸੀ ।

124 ਕਿ ਮੈਂ…ਮੈਂ, ਮੈਂ ਉਸ ਤੋਂ ਮਾਫ਼ੀ ਮੰਗ ਲਵਾਂਗਾ ਅਤੇ ਮੈਂ—ਮੈਂ ਪਰਮੇਸ਼ੁਰ ਨੂੰ ਕਿਹਾ ਹੈ ਕਿ ਉਹ ਮੈਨੂੰ ਅਜਿਹੇ ਵਿਚਾਰਾਂ ਦੇ ਲਈ ਮਾਫ਼ ਕਰੇ । ਕਿਓਂਕਿ ਮੈਂ ਉਥੇ ਚੱਲ ਰਿਹਾ ਸੀ, ਮੈਂ ਸੋਚਿਆ, “ਅੱਛਾ, ਉਹ ਸੋਚਦੀ ਹੈ…ਅੱਛਾ, ਪਰਮੇਸ਼ੁਰ ਭਲਾ ਕਰੇ! ਤੁਸੀਂ ਜਾਣਦੇ ਹੋ ਉਹ ਇੱਕ ਮਿਹਨਤੀ ਔਰਤ ਹੈ ਅਤੇ ਉਹ ਹਰ ਵੇਲੇ ਰਸੋਈ ਵਿੱਚ ਜਾਂ ਕਿਤੇ ਹੋਰ…”

125 ਅਤੇ ਤੁਹਾਡੇ ਵਿਚੋਂ ਹਰੇਕ ਉਸ ਨੂੰ ਜਾਣਦਾ ਹੈ ਕਿ ਉਸਦੀ ਕਪੜੇ ਧੋਣ ਵਾਲੀ ਮਸ਼ੀਨ ਹਰ ਵੇਲੇ ਚਲਦੀ ਰਹਿੰਦੀ ਹੈ । ਅਤੇ ਮੈਂ ਜਾ ਕੇ ਉਸ ਨੂੰ ਆਪਣੀ ਵੱਲ ਖਿਚਿਆ; ਮੈਂ ਕਿਹਾ, “ਇਸ ਤਰ੍ਹਾਂ ਕਪੜੇ ਨਾ ਧੋਂਦੀ ਰਹਿ । ਮੇਰੇ ਨਾਲ ਗੱਲ ਕਰ । ਵੇਖ, ਮੈਂ ਤੈਨੂੰ ਪ੍ਰੇਮ ਕਰਦਾ ਹਾਂ । ਮੈਂ ਚਾਹੁੰਦਾ ਹਾਂ ਕਿ ਤੂੰ ਮੈਨੂੰ ਕੁਝ ਦੱਸ; ਮੈਨੂੰ ਦੱਸ ਕਿ ਤੂੰ ਵੀ ਮੈਨੂੰ ਪ੍ਰੇਮ ਕਰਦੀ ਹੈਂ’ ।

126 ਉਸਨੇ ਕਿਹਾ, “ਖੈਰ, ਤੁਸੀਂ ਜਾਣਦੇ ਹੋ ਕਿ ਮੈਂ ਕਰਦੀ ਹਾਂ”, ਫਿਰ ਉਹ ਉਸੇ ਜੋਰ ਨਾਲ ਧੁਲਾਈ ਵਿੱਚ ਲਗ ਗਈ ਜਿਸ ਤਰਾਂ ਉਹ ਹਮੇਸ਼ਾ ਲਗੀ ਰਹਿੰਦੀ ਹੈ ।

127 ਮੈਂ ਕਿਹਾ, “ਮੈਂ ਨਹੀਂ ਚਾਹੁੰਦਾ ਕਿ ਤੂੰ ਇਹ ਕਰੇਂ । ਮੈਂ ਚਾਹੁੰਦਾ ਹਾਂ ਕਿ ਤੂੰ ਇਧਰ ਆ ਅਤੇ ਮੇਰੇ ਕੋਲ ਬੈਠ” ।

128 ਉਸਨੇ ਕਿਹਾ, “ਔਹ, ਬਿਲ, ਮੇਰੇ ਕੋਲ ਕਰਨ ਲਈ ਬਹੁਤ ਸਾਰਾ ਕੰਮ ਹੈ!”

129 ਅਤੇ ਮੈਂ ਸੋਚਿਆ, “ਖੈਰ, ਜੱਦ ਮੈਂ ਉਪਰ ਜਾਂਦਾ ਹਾਂ ਤੱਦ ਉਸਨੂੰ ਆਪਣਾ ਕੰਮ ਕਰਨ ਦਾ ਸਮਾਂ ਮਿਲ ਜਾਂਦਾ ਹੈ” । ਉਥੇ ਚੱਲਦਾ ਚੱਲਦਾ ਮੈਂ ਇਹੀ ਸੋਚ ਰਿਹਾ ਸੀ ।

ਹੁਣ, ਯਾਦ ਰਖਣਾ, ਬਾਈਬਲ ਮੇਰੇ ਸਾਹਮਣੇ ਪਈ ਹੈ ਇਸ ਲਈ ਤੁਸੀਂ ਜਾਣਦੇ ਹੋ ਕਿ ਮੈਂ ਵਚਨ ਦੇ ਸਾਹਮਣੇ ਹਾਂ ।

ਜੱਦ ਮੈਂ ਚੱਲ ਰਿਹਾ ਸੀ, ਮੈਨੂੰ ਕੁਝ ਹੋਇਆ । ਮੈਂ…

130 ਪਹਿਲਾਂ ਮੈਂ ਜੱਦ ਮੈਂ ਉਸ ਨੂੰ ਹਨੀਮੂਨ ਲਈ ਉਥੇ ਲੈ ਕੇ ਗਿਆ ਸੀ, ਉਸ ਬਾਰੇ ਸੋਚ ਰਿਹਾ ਸੀ । ਉਹ ਇੱਕ ਸੁੰਦਰ, ਛੋਟੀ, ਕਾਲੇ ਵਾਲਾਂ, ਭੂਰੀਆਂ ਅੱਖਾਂ ਵਾਲੀ ਲੜਕੀ ਸੀ ਅਤੇ ਤੁਸੀਂ

ਜਾਣਦੇ ਹੋ ਮੈਂ ਉਸ ਨੂੰ ਲਕੜਾਂ ਦੇ ਉਪਰੋਂ ਚੁੱਕ ਕੇ ਪਾਰ ਕਰਾ ਰਿਹਾ ਸੀ, ਮੈਂ ਉਸ ਨੂੰ ਓਸ ਜਗ੍ਹਾ ਤੇ ਲੈ ਕੇ ਜਾਣ ਦੀ ਕੋਸ਼ਿਸ ਕਰ ਰਿਹਾ ਸੀ ਜਿਥੇ ਮੈਂ ਇੱਕ ਰਿੱਛ ਨੂੰ ਮਾਰਿਆ ਸੀ। ਅਤੇ ਮੈਂ ਉਸ ਨੂੰ ਵਿਖਾਉਣਾ ਚਾਹੁੰਦਾ ਸੀ ਕਿ...ਮੈਂ ਉਹ ਰਿੱਛ ਕਿਥੇ ਰਖਿਆ ਹੈ। ਅਤੇ ਉਸ ਨੇ ਮੇਰੇ ਘੋੜਸਵਾਰਾਂ ਵਾਲੇ ਬੂਟ ਪਹਿਣੇ ਹੋਏ ਸੀ। ਅਤੇ ਇਹ ਲਗਭਗ ਵੀਹ ਜਾਂ ਇੱਕੀ ਸਾਲ ਪਹਿਲਾਂ ਦੀ ਗੱਲ ਹੈ; ਮੈਂ ਸੋਚਦਾ ਹਾਂ ਕਿ ਇਹ ਬਾਈ ਸਾਲ ਪਹਿਲਾਂ ਦੀ ਗੱਲ ਹੈ। ਸਾਡਾ ਵਿਆਹ 1941 ਵਿੱਚ ਹੋਇਆ ਸੀ। ਅਤੇ ਮੈਂ ਉਸ ਨੂੰ ਉਹਨਾਂ ਲਕੜਾਂ ਦੇ ਉਪਰੋਂ ਚੁੱਕ ਕੇ ਪਾਰ ਕਰਾ ਰਿਹਾ ਸੀ।

131 ਅਤੇ ਮੈਂ ਸੋਚਿਆ, "ਹੁਣ, ਇਹ ਵਿਚਾਰੀ ਛੋਟੀ ਜਿਹੀ ਮੇਰੇ ਨਾਲ ਆ ਰਹੀ ਹੈ, ਇਸਦੇ ਕਪੜੇ ਘਸਮੈਲੇ ਹੋ ਗਏ ਹਨ"। ਹਾਂ। ਮੈਂ ਸੋਚਿਆ, "ਖੈਰ," ਅਤੇ ਮੈਂ...[ਭਾਈ ਬ੍ਰਾਨਹਾਮ ਆਪਣਾ ਗਲਾ ਸਾਫ਼ ਕਰਦੇ ਹਨ—ਸੰਪਾਦਕ।] ਅਤੇ ਮੈਂ ਵੀ ਕੁਝ ਦਿਨਾਂ ਤੋਂ ਦਾੜ੍ਹੀ ਨਹੀਂ ਕੱਟੀ ਸੀ ਅਤੇ ਮੈਂ ਵੇਖਿਆ ਕਿ ਮੈਂ ਵੀ ਘਸਮੈਲਾ ਹੋ ਗਿਆ ਸੀ! ਅਤੇ ਮੈਂ ਆਪਣੀ ਦਾੜ੍ਹੀ ਦਾ ਰੰਗ ਸਲੇਟੀ ਹੋਇਆ ਵੇਖਿਆ ਤਾਂ ਮੈਂ ਸੋਚਿਆ, "ਬੁੜ੍ਹੇ ਲੜਕੇ, ਤੂੰ ਹੁਣ ਲਗਭਗ ਖਤਮ ਹੋ ਗਿਆ ਹੈਂ। ਸਮਝੇ, ਜੇਕਰ ਤੂੰ ਕੁਝ ਕਰਨਾ ਹੈ ਤਾਂ ਛੇਤੀ ਕਰ ਲੈ। ਤੂੰ ਵੀ ਬੁਢਾ ਹੋ ਰਿਹਾ ਹੈਂ"। ਸਮਝੇ?

132 ਅਤੇ ਮੈਂ ਇਸ ਤਰਾਂ ਸੋਚਦਾ ਹੋਇਆ ਚੱਲ ਰਿਹਾ ਸੀ ਤਾਂ ਕੁਝ ਹੋਇਆ। ਅਚਾਨਕ ਹੀ ਮੇਰੇ ਹਰੇਕ ਕਦਮ ਤੇ ਮੈਂ ਇੱਕ ਲੜਕਾ ਬਣ ਗਿਆ, ਮੈਂ ਸੋਚਿਆ ਮੈਂ ਇੱਕ ਲੜਕਾ ਹਾਂ। ਅਤੇ ਮੈਂ ਆਪਣਾ ਸਿਰ ਝੁਕਾਇਆ ਹੋਇਆ ਸੀ ਅਤੇ ਮੈਂ ਉਪਰ ਵੇਖਿਆ। ਅਤੇ ਜਿੰਨਾ ਸਾਫ਼ ਮੈਂ ਕਦੇ ਉਸ ਨੂੰ ਵੇਖਿਆ ਹੈ, ਉਹ ਮੇਰੇ ਸਾਹਮਣੇ ਆਪਣੀਆਂ ਬਾਹਾਂ ਫੈਲਾ ਕੇ ਖੜ੍ਹੀ ਸੀ। ਅਤੇ ਮੈਂ ਰੁੱਕ ਗਿਆ; ਮੈਂ ਆਪਣੇ ਚਹਿਰੇ ਨੂੰ ਰਗੜਿਆ। ਮੈਂ ਵੇਖਿਆ। ਮੈਂ ਕਿਹਾ, "ਮੈਡਾ, ਕੀ ਇਹ ਤੂੰ ਹੈ, ਪਿਆਰੀ?"

133 ਮੈਂ ਇਥੇ ਵੇਖਿਆ ਅਤੇ ਮੈਂ ਸੋਚਿਆ, "ਹੁਣ ਕੀ ਹੋਇਆ ਹੈ?" ਅਤੇ ਮੈਂ ਸੋਚਿਆ, "ਹਾਂ, ਮੈਂ ਉਸ ਦੇ ਨਾਲ ਚੱਲ ਰਿਹਾ ਹਾਂ"। ਅਤੇ ਇਹ ਫਿਰ ਬੱਦਲ ਗਿਆ। ਮੈਂ ਫਿਰ ਇੱਕ ਬੁਢਾ ਆਦਮੀ ਬਣ ਗਿਆ ਅਤੇ ਦਰਸ਼ਨ ਮੇਰੇ ਸਾਹਮਣੇ ਜੋ ਸੀ ਚਲਾ ਗਿਆ।

134 ਅਤੇ ਮੈਂ ਰੁੱਕ ਗਿਆ; ਮੈਂ ਫਿਰ ਤੋਂ ਆਪਣੀ ਟੋਪੀ ਲਾਹ ਲਈ ਅਤੇ ਆਪਣੇ ਦਿਲ ਉੱਤੇ ਰੱਖ ਲਈ। ਮੈਂ ਕਿਹਾ, "ਯਿਸੂ, ਕਈ ਸਾਲਾਂ ਤੋਂ ਮੇਰੇ ਦਿਲ ਤੇ ਬਹੁਤ ਬੋਝ ਹੈ। ਮੈਨੂੰ ਤੈਨੂੰ ਇਹ ਦੱਸਣ ਦੀ ਲੋੜ੍ਹ ਨਹੀਂ ਕਿ ਮੇਰੇ ਉੱਤੇ ਬੋਝ ਹੈ। ਮੈਂ ਪਸ਼੍ਚਾਤਾਪ ਕੀਤਾ ਹੈ, ਮੈਂ ਪਸ਼੍ਚਾਤਾਪ ਕੀਤਾ ਹੈ, ਜੋ ਮੈਂ ਜਾਣਦਾ ਹਾਂ ਮੈਂ ਉਹ ਸਭ ਕੀਤਾ ਹੈ। ਅਤੇ ਕਿਓਂ ਇਹ ਬੋਝ ਮੈਨੂੰ ਛੱਡ ਨਹੀਂ ਰਿਹਾ ਹੈ?"

135 ਅਤੇ ਮੈਂ ਬੱਸ ਚੱਲਣਾ ਸ਼ੁਰੂ ਕਰ ਦਿੱਤਾ। ਅਤੇ ਜਿਵੇਂ ਮੈਂ ਉਸ ਛੋਟੇ ਟਿੱਲੇ ਤੇ ਚੜ੍ਹਿਆ, ਜਿਹੜਾ ਬੱਸ ਮੇਰੇ ਤੋਂ ਤੀਹ ਜਾਂ ਚਾਲੀ ਗੱਜ ਦੀ ਦੂਰੀ ਤੇ ਸੀ; ਮੈਂ ਉਸ ਛੋਟੇ ਟਿੱਲੇ ਤੇ ਚੜ੍ਹਨਾ ਸ਼ੁਰੂ ਕੀਤਾ ਤਾਂ ਮੈਂ ਬਹੁਤ ਕਮਜੋਰੀ ਨੂੰ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ। ਅਤੇ ਉਥੇ ਇੱਕ ਛੋਟਾ ਪਾਪਲਰ ਜੋ ਦੱਸ ਕੁ ਇੰਚ ਚੋੜਾ ਸੀ ਜੋ ਉਪਰ ਜਾ ਕੇ ਐਲ (L) ਦੀ ਤਰਾਂ ਬਣਿਆ ਹੋਇਆ ਸੀ ਅਤੇ ਉਪਰੋਂ ਫਿਰ ਸਿਧਾ ਸੀ। ਅਤੇ ਜੱਦ ਮੈਂ ਉਥੇ ਪੁੱਜਿਆ, ਮੈਂ ਬਹੁਤ ਕਮਜੋਰੀ ਮਹਿਸੂਸ ਕੀਤੀ ਅਤੇ ਮੈਂ ਲੜਖੜਾ ਰਿਹਾ ਸੀ। ਇਸ ਲਈ ਮੈਂ ਬੱਸ...ਮੈਂ ਫਿਰ ਤੋਂ ਆਪਣੀ ਟੋਪੀ ਪਾ ਲਈ। ਮੈਂ ਆਪਣੇ ਸਿਰ ਨੂੰ ਉਸ ਪਾਪਲਰ ਦੇ ਤਨੇ ਨਾਲ ਟਿੱਕਾ ਲਿਆ; ਸਿਰ ਦੀ ਟੇਕ ਲਗਾਉਣ ਲਈ ਉਸ ਛੋਟੇ ਪਾਪਲਰ ਦਾ ਤਨਾ ਮੇਰੇ ਸਿਰ ਲਈ ਪੂਰਾ ਸਹੀ ਅਕਾਰ ਦਾ

ਸੀ । ਇਹ ਸਚ ਮੁਚ ਇੱਕ ਪਾਪਲਰ ਸੀ । ਇਹ ਇੱਕ ਸਨੋਬਰ ਦੇ ਰੁੱਖ ਜਿਹਾ ਦਿੱਸਦਾ ਹੈ । ਇਹ ਇੱਕ…ਮੈਂ ਉਸ ਦੇ ਨਾਲ ਢੋਅ ਲਗਾਈ ਹੋਈ ਸੀ । ਅਤੇ ਮੈਂ ਬੱਸ ਆਪਣਾ ਸਿਰ ਝੁਕਾ ਕੇ ਖੜਾ ਸੀ ਅਤੇ ਗਰਮ ਧੁੱਪ ਮੇਰੀ ਪਿੱਠ ਤੇ ਪੈ ਰਹੀ ਸੀ । ਅਤੇ ਮੈਂ ਸੋਚਿਆ, "ਉਹੀ ਪਰਮੇਸ਼ੁਰ ਜਿਸ ਨੇ ਮੀਂਹ ਅਤੇ ਹਵਾਂਵਾਂ ਨੂੰ ਮੋੜ੍ਹ ਦਿੱਤਾ!"

136 ਅਤੇ ਮੈਂ ਕੁਝ ਆਵਾਜ ਸੁਣੀ, "ਪੈਟ, ਪੈਟ, ਸ੍ਪੈਟ" ।

137 ਮੈਂ ਸੋਚਿਆ, "ਇਹ ਕੀ ਹੈ? ਸਾਰਾ ਪਾਣੀ ਉੱਡਾ ਦਿਤਾ ਗਿਆ ਹੈ । ਸੂਰਜ ਬਾਹਰ ਹੈ । ਤਾਂ ਫਿਰ ਇਹ ਪਾਣੀ ਦੀਆਂ ਬੂੰਦਾ ਦੀ ਆਵਾਜ ਕਿਸ ਚੀਜ ਦੀ ਹੈ?" ਮੈਂ ਹੇਠਾਂ ਵੇਖਿਆ; ਇਹ ਮੇਰੀਆਂ ਆਪਣੀਆਂ ਅੱਖਾਂ ਦਾ ਪਾਣੀ ਸੀ ਜੋ ਮੇਰੀ ਚਿੱਟੀ ਦਾੜ੍ਹੀ ਵਿਚੋਂ ਹੁੰਦਾ ਹੋਇਆ ਸੁੱਕੇ ਪੱਤਿਆ ਤੇ ਜਾ ਪਿਆ ਸੀ ਜਿਹੜੇ ਪੱਤੇ ਪਰਮੇਸ਼ੁਰ ਨੇ ਸੁਕਾਏ ਸਨ, ਉਹ ਮੇਰੇ ਸਾਹਮਣੇ ਪਏ ਸਨ । ਮੈਂ ਬੱਸ *ਇਸ* ਤਰਾਂ ਖੜਾ ਸੀ, ਬੱਸ ਉਸ ਦਰਖਤ ਨਾਲ ਢੋਅ ਲਗਾ ਕੇ । ਮੇਰਾ *ਇਹ* ਹੱਥ ਥਲੇ ਸੀ, ਮੇਰੇ ਸਿਰ ਦੀ ਢੋਅ ਦਰਖਤ ਨਾਲ ਲਗੀ ਹੋਈ ਸੀ, ਮੇਰਾ ਹੱਥ ਬੰਦੂਕ ਦੀ ਨਲੀ ਉੱਤੇ ਸੀ, ਮੈਂ ਉਥੇ ਖਲੋ ਕੇ ਰੋ ਰਿਹਾ ਸੀ ।

138 ਮੈਂ ਕਿਹਾ, "ਪਰਮੇਸ਼ੁਰ, ਮੈਂ ਤੇਰਾ ਸੇਵਕ ਹੋਣ ਦੇ ਯੋਗ ਨਹੀਂ ਹਾਂ" । ਅਤੇ ਮੈਂ ਕਿਹਾ, "ਮੈਂ ਸ਼ਰਮਿੰਦਾ ਹਾਂ, ਮੈਂ…ਮੈਂ ਬਹੁਤ ਸਾਰੀਆਂ ਗਲਤੀਆਂ ਕੀਤੀਆਂ ਹਨ । ਪ੍ਰਭੂ, ਮੈਂ ਗਲਤੀਆਂ ਨਹੀਂ ਕਰਨਾ ਚਾਹੁੰਦਾ ਸੀ । ਤੂੰ ਮੇਰੇ ਨਾਲ ਬਹੁਤ ਭਲਾ ਰਿਹਾ ਹੈਂ" ।

139 ਮੇਰੀਆਂ ਅੱਖਾਂ ਬੰਦ ਸਨ; ਅਤੇ ਮੈਂ ਕਿਸੇ ਚੀਜ ਦੇ ਚੱਲਣ ਦੀ ਅਵਾਜ ਸੁਣੀ, "ਪਟਕ, ਪਟਕ; ਪਟਕ, ਪਟਕ" ।

140 ਮੈਂ ਆਪਣੀਆਂ ਅੱਖਾਂ ਉਪਰ ਚੁੱਕੀਆਂ ਅਤੇ ਮੇਰੇ ਸਾਹਮਣੇ ਤਿੰਨ ਹਿਰਨ ਆ ਗਏ । ਅਤੇ ਮੈਂ ਸੋਚਿਆ, "ਇੱਕ ਭਾਈ ਇਵਾਂਸ ਦਾ ਹੈ, ਇੱਕ ਭਾਈ ਵੁਡਸ । ਅਤੇ ਉਥੇ ਤਿੰਨ ਹਿਰਨ ਸਨ, ਸਮਝੇ, ਬੱਸ ਮੈਂ ਜਿਨਾਂ ਦੀ ਭਾਲ ਵਿੱਚ ਸੀ" । ਹੁਣ, ਮੀਂਹ ਰੁੱਕ ਗਿਆ ਸੀ; ਮੈਂ ਆਪਣੀ ਬੰਦੂਕ ਚੁੱਕਣ ਲਈ ਹੱਥ ਵਧਾਇਆ । ਮੈਂ ਕਿਹਾ, "ਮੈਂ ਇਹ ਨਹੀਂ ਕਰ ਸਕਦਾ । ਮੈਂ ਪਰਮੇਸ਼ੁਰ ਦੇ ਨਾਲ ਵਾਅਦਾ ਕੀਤਾ ਹੈ ਕਿ ਮੈਂ ਇਹ ਨਹੀਂ ਕਰਾਂਗਾ" । ਸਮਝੇ? "ਮੈਂ ਉਸ ਨਾਲ ਵਾਅਦਾ ਕੀਤਾ ਸੀ ਕਿ ਮੈਂ ਇਹ ਨਹੀਂ ਕਰਾਂਗਾ" ।

141 ਅਤੇ ਕਿਸੇ ਚੀਜ ਨੇ ਮੈਨੂੰ ਕਿਹਾ, "ਪਰ ਉਹ ਇਥੇ ਹਨ!"

142 ਅਤੇ ਮੈਂ ਸੋਚਿਆ, "ਹਾਂ,…ਇੱਕ ਵਾਰ, ਇਸੇ ਤਰਾਂ ਇੱਕ ਆਦਮੀ ਨੇ ਦਾਊਦ ਨੂੰ ਦੱਸਿਆ ਸੀ, 'ਪਰਮੇਸ਼ੁਰ ਨੇ ਉਸ ਨੂੰ ਤੇਰੇ ਹੱਥਾਂ ਵਿੱਚ ਸੌਂਪ ਦਿੱਤਾ ਹੈ!'" ਤੁਸੀਂ ਰਾਜਾ ਸਾਊਲ ਬਾਰੇ ਜਾਣਦੇ ਹੋ ।

143 ਅਤੇ ਯੋਆਬ ਨੇ ਉਸ ਨੂੰ ਕਿਹਾ, "ਉਸ ਨੂੰ ਮਾਰ ਦੇ! ਉਹ ਉਥੇ ਪਿਆ ਹੈ!"

144 ਅਤੇ ਉਸਨੇ ਕਿਹਾ, "ਪਰਮੇਸ਼ੁਰ ਮੈਨੂੰ ਮਾਫ਼ ਕਰੇ ਮੈਂ ਉਸ ਦੇ ਮਸ਼ਹ ਕੀਤੇ ਹੋਏ ਨੂੰ ਨਹੀਂ ਛੁਹਾਂਗਾ" ।

145 ਉਸ ਜਗ੍ਹਾ ਤੇ ਜਿਹੜੇ ਹਿਰਨ ਖੜੇ ਸੀ ਉਹਨਾਂ ਮੇਰੀ ਵੱਲ ਵੇਖਿਆ । ਅਤੇ ਮੈਂ ਸੋਚਿਆ, "ਉਹ ਬੱਚ ਨਹੀਂ ਸਕਦੇ । ਉਹਨਾਂ ਕੋਲ ਬਚਣ ਦਾ ਕੋਈ ਰਸਤਾ ਨਹੀਂ ਹੈ । ਉਹ ਮੇਰੇ ਤੋਂ ਤੀਹ ਗੱਜ ਦੀ ਦੂਰੀ ਤੇ ਵੀ ਨਹੀਂ ਹਨ । ਅਤੇ ਮੇਰੇ ਕੋਲ ਬੰਦੂਕ ਸੀ ਅਤੇ ਉਥੇ ਤਿੰਨ ਹਿਰਨ ਖੜੇ ਸਨ । ਨਹੀਂ, ਮੈਂ ਇਹ ਨਹੀਂ ਕਰ ਸਕਦਾ । ਮੈਂ—ਮੈਂ ਬੱਸ ਇਹ ਨਹੀਂ ਕਰ ਸਕਦਾ" । ਇਹ ਇੱਕ

ਹਿਰਨੀ ਅੱਤੇ ਦੋ ਵੱਡੇ ਹਿਰਨ ਸਨ । ਇਸ ਲਈ ਮੈਂ—ਮੈਂ—ਮੈਂ ਬੱਸ ਬੰਦੂਕ ਨੂੰ ਚੁੱਕ ਹੀਂ ਨਹੀਂ ਸਕਿਆ । ਮੈਂ ਕਿਹਾ, "ਮੈਂ ਨਹੀਂ ਕਰ ਸਕਦਾ" । ਮੈਂ—ਮੈਂ ਹਿੱਲਿਆ ਵੀ ਨਹੀਂ । ਮੈਂ ਬੱਸ ਉਥੇ ਹੀ ਰੁੱਕਿਆ ਰਿਹਾ । ਮੈਂ ਕਿਹਾ, "ਮੈਂ ਇਹ ਨਹੀਂ ਕਰ ਸਕਦਾ, ਕਿਓਂਕਿ ਮੈਂ ਪਰਮੇਸ਼ੁਰ ਨਾਲ ਵਾਅਦਾ ਕੀਤਾ ਸੀ ਕਿ ਮੈਂ ਇਸ ਤਰਾਂ ਨਹੀਂ ਕਰਾਂਗਾ । ਭਾਵੇਂ ਉਹਨਾਂ ਭਾਈਆਂ ਨੂੰ ਉਹਨਾਂ ਹਿਰਨਾਂ ਦੀ ਲੋੜ੍ਹ ਨਹੀਂ ਸੀ । ਸਮਝੇ? ਮੈਂ—ਮੈਂ ਇਹ ਨਹੀਂ ਕਰ ਸਕਦਾ । ਮੈਂ ਬੱਸ ਇਹ ਕਰ ਹੀ ਨਹੀਂ ਸਕਦਾ" ।

146 ਅਤੇ ਉਹ ਹਿਰਨੀ ਮੇਰੇ ਕੋਲ ਚੱਲ ਕੇ ਆਈ । ਹੁਣ ਧਿਆਨ ਨਾਲ ਸੁਣਨਾ, ਉਥੇ ਕਈ ਸੌ ਆਦਮੀ ਉਹਨਾਂ ਉੱਤੇ ਚਾਰ ਜਾਂ ਪੰਜ ਦਿਨਾਂ ਤੋਂ ਗੋਲੀਆਂ ਚਲਾ ਰਹੇ ਸਨ । ਇਹ ਭਿਆਨਕ ਹੈ? ਲਾਲ ਰੰਗ ਦਾ ਪਹਿਲਾ ਨਿਸ਼ਾਨ...ਅਤੇ ਮੈਂ ਇੱਕ ਲਾਲ ਰੰਗ ਦੀ ਕਮੀਜ ਅਤੇ ਲਾਲ ਰੰਗ ਦੀ ਟੋਪੀ ਪਹਿਣੀ ਹੋਈ ਸੀ । ਇਹ ਪਹਿਲਾ ਨਿਸ਼ਾਨ ਹੀ ਉਹਨਾਂ ਨੂੰ ਡਰਾਉਣ ਲਈ ਕਾਫੀ ਸੀ ਪਰ ਉਹ ਤਿੰਨੇ ਉਥੇ ਖੜ੍ਹੇ ਸਨ ਅਤੇ ਸਿੱਧਾ ਮੇਰੀ ਵੱਲ ਵੇਖ ਰਹੇ ਸਨ ।

147 ਮੈਂ ਕਿਹਾ, "ਹੇ ਮਾਤਾ ਆਪਣੇ ਬੱਚਿਆਂ ਨੂੰ ਲੈ ਕੇ ਜੰਗਲਾਂ ਵਿੱਚ ਚਲੀ ਜਾ । ਤੂੰ ਮੇਰੇ ਹੱਥਾਂ ਵਿੱਚ ਹੈਂ । ਮੈਂ...ਤੇਰੀ ਜਿੰਦਗੀ ਮੇਰੇ ਹੱਥਾਂ ਵਿੱਚ ਹੈ ਪਰ ਮੈਂ ਤੈਨੂੰ ਨੁਕਸਾਨ ਨਹੀਂ ਕਰਾਂਗਾ । ਮੈਂ ਪਰਮੇਸ਼ੁਰ ਨੂੰ ਵਾਅਦਾ ਕੀਤਾ ਸੀ ਕਿ ਮੈਂ ਨਹੀਂ ਕਰਾਂਗਾ" । ਸਮਝੇ? ਅਤੇ ਉਹ ਹੋਰ ਨੇੜੇ ਆ ਗਈ । ਉਹ ਮੇਰੀ ਵਲ੍ਹ ਵੇਖ ਰਹੀ ਸੀ । ਉਹ ਸਾਰੇ ਮੇਰੇ ਨੇੜ੍ਹੇ ਆ ਗਏ, ਉਹ ਮੇਰੇ ਇਨਾਂ ਨੇੜੇ ਆ ਗਏ ਕਿ ਉਹ ਮੇਰੇ ਹੱਥਾਂ ਤੋਂ ਲੈ ਕੇ ਖਾ ਸਕਦੇ ਸਨ । ਹਵਾ ਉਹਨਾਂ ਦੇ ਉਪਰ ਵੱਗ ਰਹੀ ਸੀ । ਫਿਰ ਉਹ ਪਿਛੇ ਮੁੜ੍ਹੀ ਅਤੇ ਉਹ ਸਾਰਾ ਛੋਟਾ ਝੁੰਡ ਪਿਛੇ ਨੂੰ ਤੁਰ ਪਿਆ ।

148 ਅਤੇ ਉਹ ਫਿਰ ਮੁੜ੍ਹ ਕੇ ਮੇਰੇ ਕੋਲ ਆਈ । ਮੈਂ ਜਰਾ ਵੀ ਨਹੀਂ ਹਿੱਲਿਆ ਬੱਸ ਉਥੇ ਖੜਾ ਰਿਹਾ । ਮੈਂ ਕਿਹਾ, "ਜੰਗਲ ਵਿੱਚ ਚਲੀ ਜਾ; ਮੈਨੂੰ ਵੀ ਇਹ ਚੰਗਾ ਲਗੇਗਾ, ਜਿਉਂਦੀ ਰਹਿ! ਵੇਖ ਤੇਰੀ ਜਿੰਦਗੀ ਮੇਰੇ ਹੱਥਾਂ ਵਿੱਚ ਸੀ ਪਰ ਮੈਂ ਤੈਨੂੰ ਛੱਡ ਦਿੱਤਾ ਹੈ । ਤੂੰ ਬੱਚ ਨਹੀਂ ਸੀ ਸਕਦੀ । ਤੂੰ ਜਾਣਦੀ ਹੈਂ ਕਿ ਤੂੰ ਨਹੀਂ ਬੱਚ ਸਕਦੀ ਸੀ" । ਮੈਂ ਉਹਨਾਂ ਤਿੰਨਾ ਨੂੰ ਲਗਭਗ ਇੱਕ ਜਾਂ ਤਿੰਨ ਸਕਿੰਟਾਂ ਵਿੱਚ ਮਾਰ ਸਕਦਾ ਸੀ, ਇਹ ਇਸ ਤੇ ਨਿਰਭਰ ਕਰਦਾ ਸੀ ਕਿ ਮੈਂ ਕਿੰਨੀ ਤੇਜੀ ਨਾਲ ਗੋਲੀ ਚਲਾ ਸਕਦਾ ਸੀ ਅਤੇ ਉਹ ਬੱਚ ਨਹੀਂ ਸਕਦੇ ਸਨ ਕਿਓਂਕਿ ਉਹ ਮੇਰੇ ਕੋਲ ਹੀ ਖੜ੍ਹੇ ਸਨ । ਸਮਝੇ? ਅਤੇ ਮੈਂ ਕਿਹਾ, "ਮੈਂ ਤੁਹਾਨੂੰ ਛੱਡ ਦਿੱਤਾ ਹੈ । ਜਾਓ, ਜਿਉਂਦੇ ਰਹੋ" । ਅਤੇ ਮੈਂ ਉਥੇ ਖੜਾ ਸੀ । ਉਹ ਤੁਰ ਪਏ ਅਤੇ ਤੁਰ ਕੇ ਜੰਗਲ ਵਿੱਚ ਚਲੇ ਗਏ ।

149 ਮੈਂ *ਇਸ* ਤਰ੍ਹਾਂ ਆਪਣਾ ਮੂੰਹ ਪੂੰਝਿਆ ਅਤੇ ਉਸੇ ਵੇਲੇ ਕੁਝ ਹੋਇਆ । ਸਾਫ਼ ਨੀਲੇ ਅਸਮਾਨ ਵਿਚੋਂ ਇੱਕ ਆਵਾਜ਼ ਆਈ, ਇੱਕ ਵੀ ਬੱਦਲ ਨਹੀਂ ਸੀ । ਇਹ ਸਭ ਕੁਝ ਬੱਸ... ਥੋੜੇ ਜਿਹੇ ਸਮੇਂ ਵਿੱਚ ਹੋਇਆ ਸੀ । ਅਤੇ ਇੱਕ ਆਵਾਜ਼ ਆਈ ਅਤੇ ਕਿਹਾ, "ਕੀ ਤੈਨੂੰ ਆਪਣਾ ਵਾਅਦਾ ਯਾਦ ਹੈ, ਹੈ ਕਿ ਨਹੀਂ?"

150 ਮੈਂ ਕਿਹਾ, "ਹਾਂ, ਪ੍ਰਭੂ"।

151 ਉਸਨੇ ਕਿਹਾ, "ਮੈਂ ਵੀ ਆਪਣਾ ਵਾਅਦਾ ਯਾਦ ਰੱਖਾਂਗਾ । ਮੈਂ ਤੈਨੂੰ ਕਦੇ ਇੱਕਲਾ ਨਹੀਂ ਛੱਡਗਾਂ ਅਤੇ ਨਾ ਹੀ ਤਿਆਗਾਂਗਾ'" । ਬੋਝ ਮੇਰੇ ਦਿਲ ਤੋਂ ਚਲਾ ਗਿਆ । ਤੱਦ ਤੋਂ ਮੇਰੇ ਦਿਲ ਤੇ ਬੋਝ ਨਹੀਂ ਹੈ; ਨਾ ਹੀ ਕਦੇ ਇਹ ਆਵੇ ।

152 ਫਿਰ ਮੈਂ ਟਜ਼ੂਸਾਨ ਵਿੱਚ ਆ ਗਿਆ । ਅਜੀਬ ਗੱਲ ਹੈ, ਜਦੋਂ ਦਾ ਮੈਂ ਹੇਠਾਂ ਆਇਆ ਹਾਂ ਮੇਰੇ ਨਾਲ ਇੰਨਾ ਕੁਝ ਕਦੇ ਨਹੀਂ ਹੋਇਆ । ਮੈਂ—ਮੈਂ ਵਿਸ਼ਵਾਸ ਕਰਦਾ ਹਾਂ ਕਿ ਪਰਮੇਸ਼ੁਰ

ਨੇ ਉਸ ਘੜੀ ਨੂੰ ਰੋਕਿਆ ਹੋਇਆ ਸੀ । ਮੈਂ ਵਿਸ਼ਵਾਸ ਕਰਦਾ ਹਾਂ ਕੁਝ ਹੋਣ ਵਾਲਾ ਹੈ ਅਤੇ ਸਮਾਂ ਬਹੁਤ ਨੇੜ੍ਹੇ ਹੈ ।

153 ਬੱਸ ਜੇਕਰ ਤੁਸੀਂ ਇਸ ਸਚਾਈ ਨੂੰ ਕਬੂਲ ਕਰ ਲਵੋ! ਹੁਣ ਸਿਰਫ ਕੁਝ ਸਮਾਂ ਦਿਓ । ਜੇਕਰ ਅਸੀਂ ਸਿਰਫ ਇਹ ਜਾਣ ਲਈਏ ਕਿ ਇਸ ਵਚਨ ਦਾ ਕੀ ਅਰਥ ਹੈ, "ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ" । ਅਸੀਂ ਇਸ ਨੂੰ ਸਮਝ ਨਹੀਂ ਸਕਦੇ ਪਰ ਫਿਰ ਵੀ ਅਸੀਂ ਕਹਿੰਦੇ ਹਾਂ ਕਿ ਅਸੀਂ ਇਸ ਤੇ ਵਿਸ਼ਵਾਸ ਕਰਦੇ ਹਾਂ । ਅਤੇ ਅਸੀਂ ਜਾਣਦੇ ਹਾਂ ਕਿ ਇਹ ਸੱਚ ਹੈ ਪਰ ਅਸਲ ਵਿੱਚ ਅਸੀਂ ਇਸ ਨੂੰ ਨਹੀਂ ਸਮਝਦੇ ।

*...ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ ।*

ਤੁਹਾਡੇ ਵਿੱਚ ਕੌਣ ਹੈ ਜਿਹੜਾ ਵੱਡਾ ਹੈ? ਇਹ ਮਸੀਹ ਹੈ, ਮਸ਼ਹ ਕੀਤਾ ਹੋਇਆ! ਜਿਹੜਾ ਪਰਮੇਸ਼ੁਰ ਮਸੀਹ ਵਿੱਚ ਸੀ, ਉਹੀ ਤੁਹਾਡੇ ਵਿੱਚ ਹੈ । "ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ" ।

154 ਫੇਰ ਜੇਕਰ ਉਹ ਤੁਹਾਡੇ ਵਿੱਚ ਹੈ ਤਾਂ ਫਿਰ ਇਹ ਤੁਸੀਂ ਨਹੀਂ ਜੀ ਰਹੇ ਹੋ, ਇਹ ਤਾਂ ਉਹ ਹੈ ਜੋ ਤੁਹਾਡੇ ਵਿੱਚ ਜੀ ਰਿਹਾ ਹੈ । ਸਮਝੇ? ਇਹ ਤੁਹਾਡੀ ਸੋਚ ਨਹੀਂ ਹੈ ਕਿ ਤੁਸੀਂ ਇਸ ਬਾਰੇ ਕੀ ਸੋਚੋਗੇ; ਪਰ ਇਹ ਤਾਂ ਉਹ ਹੈ ਜੋ ਉਸਨੇ ਇਸਦੇ ਬਾਰੇ ਕਿਹਾ ਹੈ । ਸਮਝੇ? ਫਿਰ ਜੇਕਰ ਉਹ ਤੁਹਾਡੇ ਵਿੱਚ ਹੈ ਤਾਂ ਬਿਲਕੁਲ ਵੀ ਉਸਦਾ ਇੰਨਕਾਰ ਨਹੀਂ ਕਰੇਗਾ ਜੋ ਉਸਨੇ ਕਿਹਾ ਸੀ । ਉਹ ਇਹ ਨਹੀਂ ਕਰ ਸਕਦਾ । ਪਰ ਉਹ ਉਸ ਨੂੰ ਪੂਰਾ ਕਰੇਗਾ ਜੋ ਉਸਨੇ ਕਿਹਾ ਹੈ ਅਤੇ ਉਹ ਉਸ ਮਨੁੱਖ ਨੂੰ ਲੱਭਣ ਦੀ ਕੌਸ਼ਿਸ ਕਰ ਰਿਹਾ ਹੈ ਜਿਸ ਵਿਚੋਂ ਉਹ ਆਪਣੇ ਆਪ ਨੂੰ ਸਾਬਤ ਕਰ ਸਕੇ ।

155 ਹੁਣ ਇਸਦਾ ਇਹ ਮਤਲਬ ਨਹੀਂ ਕਿ ਉਹ ਹਰ ਕਿਸੇ ਨਾਲ ਇਸ ਤਰ੍ਹਾਂ ਹੀ ਕਰੇਗਾ । ਜਿਸ ਸਮੇਂ ਮੂਸਾ ਨੇ ਇਸਰਾਇਲੀ ਲੋਕਾਂ ਦੀ ਅਗੁਵਾਈ ਕੀਤੀ ਤਾਂ ਉਥੇ ਸਿਰਫ ਇੱਕ ਸੀ ਅਤੇ ਉਹ ਮੂਸਾ ਸੀ । ਬਾਕੀ ਲੋਕ ਨੇ ਸਿਰਫ ਸੰਦੇਸ਼ ਦਾ ਪਿਛਾ ਕੀਤਾ । ਸਮਝੇ? ਉਹਨਾਂ ਵਿਚੋਂ ਕੁਝ ਲੋਕਾਂ ਨੇ ਨਕਲ ਕਰਨ ਦੀ ਕੋਸ਼ਿਸ ਕੀਤੀ ਅਤੇ ਪਰਮੇਸ਼ੁਰ ਨੇ ਕਿਹਾ, "ਆਪਣੇ ਆਪ ਨੂੰ ਵੱਖਰਿਆਂ ਕਰੋ" ਅਤੇ ਉਹਨਾਂ ਨੂੰ ਨਿਗਲ ਲਿਆ । ਸਮਝੇ? ਸਮਝੇ?

156 ਪਰ ਹੁਣ, "ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ", ਪਰਮੇਸ਼ੁਰ ਤੁਹਾਡੇ ਵਿੱਚ ਹੈ ਜਿਵੇਂ ਉਹ ਯਿਸੂ ਮਸੀਹ ਵਿੱਚ ਸੀ । ਕਿਓਂਕਿ ਜੋ ਕੁਝ ਪਰਮੇਸ਼ੁਰ ਵਿੱਚ ਸੀ ਸੋ ਉਸਨੇ ਮਸੀਹ ਵਿੱਚ ਉਡੇਲ ਦਿੱਤਾ ਅਤੇ ਜੋ ਕੁਝ ਮਸੀਹ ਵਿੱਚ ਉਸਨੇ ਕਲੀਸਿਯਾ ਵਿੱਚ ਉਡੇਲ ਦਿੱਤਾ । ਸਮਝੇ, "ਉਹ ਜੋ ਤੁਹਾਡੇ ਵਿੱਚ ਹੈ" ਇਸਦਾ ਅਰਥ ਹੈ ਕਿ ਪਰਮੇਸ਼ੁਰ ਤੁਹਾਡੇ ਵਿੱਚ ਹੈ ।

157 ਕੋਈ ਅਚਰਜ ਨਹੀਂ ਕਿ ਹਵਾਂਵਾਂ ਅਤੇ ਲਹਿਰਾਂ ਨੇ ਉਸਦੀ ਆਗਿਆ ਮੰਨੀ, ਉਸਦੇ ਸ਼ਬਦਾਂ ਦੀ ਆਗਿਆਕਾਰੀ ਕੀਤੀ; ਉਸਦੇ ਸ਼ਬਦਾਂ ਦੀ ਆਗਿਆਕਾਰੀ ਕੀਤੀ ਕਿਓਂਕਿ ਪਰਮੇਸ਼ੁਰ ਉਸਦੇ ਵਿਚੋਂ ਇਹ ਸ਼ਬਦ ਬੋਲ ਰਿਹਾ ਸੀ । ਉਹ ਇੱਕ ਮਨੁੱਖ ਸੀ; ਪਰ ਉਹ ਸ਼ਬਦ ਸੀ ਜੋ ਦੇਹਧਾਰੀ ਹੋਇਆ ਸੀ । ਸਮਝੇ? ਅਤੇ ਜਦੋਂ ਉਹ ਬੋਲਦਾ ਸੀ ਤਾਂ ਪਰਮੇਸ਼ੁਰ ਉਸਦੇ ਮਨੁੱਖੀ ਬੁਲਾਂ ਦੁਆਰਾ ਬੋਲ ਰਿਹਾ ਸੀ । ਸਮਝੇ? ਕੋਈ ਅਚਰਜ ਨਹੀਂ ਕਿ ਹਵਾਵਾਂ ਅਤੇ ਲਹਿਰਾਂ...ਸਭ ਚੀਜਾਂ ਦਾ ਸ਼੍ਰਿਸਟੀਕਰਤਾ, ਜਿਸਨੇ ਹਵਾਵਾਂ ਅਤੇ ਲਹਿਰਾਂ ਦੀ ਸ੍ਰਿਸ਼ਟੀ ਕੀਤੀ ਸੀ ਉਹੀ ਉਸਦੇ ਵਿੱਚ ਸੀ । ਹੁਣ, ਇਸਦੇ ਬਾਰੇ ਸੋਚੋ! ਹੁਣ ਗਹਿਰਾਈ ਵਿੱਚ ਸੋਚੋ

ਕਿਉਂਕਿ ਮੈਂ ਹੁਣ ਬੰਦ ਕਰਨ ਵਾਲਾ ਹਾਂ। ਕੋਈ ਅਚਰਜ ਨਹੀਂ ਕਿ ਭੂਤ ਉਸਦੇ ਵਚਨ ਸੁਣ ਕੇ ਸੁੰਨ ਹੋ ਜਾਂਦੇ ਸਨ! ਕੋਈ ਅਚਰਜ ਨਹੀਂ ਕਿ ਮੁਰਦੇ ਜੋ ਧੂੜ ਬਣਨ ਜਾ ਰਹੇ ਸਨ ਉਸਦੇ ਵਚਨ ਸੁਣ ਕੇ ਉਥੇ ਹੀ ਨਹੀਂ ਪਏ ਰਹਿੰਦੇ ਸਨ! ਕਿਉਂਕਿ, ਉਹ ਵਚਨ ਸੀ।

ਜੱਦ ਲਾਜਰ ਚਾਰ ਦਿੰਨ ਤੋਂ ਮਰਿਆ ਪਿਆ ਸੀ ਅਤੇ ਉਸ ਤੋਂ ਬਦਬੂ ਆ ਰਹੀ ਸੀ, ਉਸਦਾ ਮੂੰਹ ਅਤੇ ਨੱਕ ਇੰਨੇ ਸਮੇਂ ਵਿੱਚ ਡਿੱਗ ਗਿਆ ਹੋਵੇਗਾ, ਉਸਨੇ ਲਾਜਰ ਨੂੰ ਕਿਹਾ। "ਲਾਜਰ, ਬਾਹਰ ਆ!" ਅਤੇ ਇੱਕ ਮਰਿਆ ਹੋਇਆ ਮਨੁੱਖ ਆਪਣੇ ਪੈਰਾਂ ਤੇ ਖੜ੍ਹਾ ਹੋ ਗਿਆ। ਕਿਓਂ? ਉਹ ਪਰਮੇਸ਼ੁਰ ਸੀ। ਉਹ ਜੋ ਮਸੀਹ ਵਿੱਚ ਸੀ ਉਹ ਪਰਮੇਸ਼ੁਰ ਸੀ। ਮੁਰਦੇ ਉਸਦੀ ਹਜੂਰੀ ਵਿੱਚ ਮੁਰਦੇ ਨਹੀਂ ਰਹਿ ਸਕਦੇ ਸਨ। ਇਹ ਤਾਂ ਮਸੀਹ ਵਿੱਚ ਪਰਮੇਸ਼ੁਰ ਸੀ।

158 ਹੁਣ ਯਾਦ ਰਖੋ, ਪਰਮੇਸ਼ੁਰ ਨੇ ਹਵਾਵਾਂ ਨੂੰ ਰਚਿਆ ਹੈ। ਪਰਮੇਸ਼ੁਰ ਨੇ ਲਹਿਰਾਂ ਨੂੰ ਬਣਾਇਆ, ਇਹ ਪਾਣੀ ਹੈ। ਪਰ ਜਦੋਂ ਸ਼ਤਾਨ ਇਸ ਵਿੱਚ ਆ ਗਿਆ ਤਾਂ ਉਸਨੇ ਤਬਾਹੀ ਕਰਨ ਲਈ ਇਸ ਨੂੰ ਉਲਟਾ ਕਰ ਦਿੱਤਾ। ਪਰਮੇਸ਼ੁਰ ਨੇ ਮਨੁੱਖਾਂ ਨੂੰ ਬਣਾਇਆ ਕਿ ਉਹ ਪਰਮੇਸ਼ੁਰ ਦੇ ਪੁੱਤਰ ਬਣਨ ਪਰ ਤੁਸੀਂ ਵੇਖਦੇ ਹੋ, ਜੱਦ ਸ਼ਤਾਨ ਉਹਨਾਂ ਵਿੱਚ ਵੜ੍ਹ ਜਾਂਦਾ ਹੈ ਤਾਂ ਮੁਸੀਬਤ ਬਣ ਜਾਂਦੀ ਹੈ। ਹੁਣ, ਇਹ ਸ਼ਤਾਨ ਸੀ ਜੋ ਹਵਾਂਵਾਂ ਵਿੱਚ ਵੜ੍ਹ ਗਿਆ ਜਿਸ ਨਾਲ ਉਹ ਤੁਫਾਨ ਆ ਗਿਆ। ਜਿਸ ਸ੍ਰਿਸ਼ਟੀਕਰਤਾ ਨੇ ਉਨ੍ਹਾਂ ਹਵਾਵਾਂ ਨੂੰ ਬਣਾਇਆ ਹੈ ਕੀ ਉਹ ਨਹੀਂ ਕਹਿ ਸਕਦਾ, "ਵਾਪਸ ਉਥੇ ਚਲੇ ਜਾਓ ਜਿਥੇ ਮੈਂ ਤੁਹਾਨੂੰ ਬਣਾਇਆ ਸੀ"?

ਕੀ ਇਹ ਉਹੀ ਸ੍ਰਿਸ਼ਟੀ ਕਰਤਾ ਨਹੀਂ ਸੀ ਜੋ ਓਸ ਦਿਨ ਕੋਲੋਰਾਡੋ ਪਹਾੜ ਉੱਤੇ ਖੜਾ ਸੀ? [ਸਭਾ ਆਖਦੀ ਹੈ, "ਅਮੀਨ"—ਸੰਪਾਦਕ] ਸਮਝੇ?

ਕੀ ਇਹ ਉਹੀ ਨਹੀਂ ਸੀ ਜਿਹੜਾ ਇੱਕ ਮਛੀ ਦੇ ਟੁਕੜੇ ਨੂੰ ਲੈ ਕੇ ਉਸ ਨੂੰ ਤੋੜ੍ਹਦਾ ਸੀ ਅਤੇ ਇੱਕ ਹੋਰ ਟੁਕੜਾ ਪੈਦਾ ਹੋ ਜਾਂਦਾ ਸੀ? ਉਸ ਨੂੰ ਇਹ ਕਰਨ ਲਈ ਉਸ ਮਛੀ ਦੇ ਟੁਕੜੇ ਨੂੰ ਲੈਣ ਦੀ ਲੋੜ੍ਹ ਨਹੀਂ ਸੀ। ਉਹ ਇਹ ਸਿਰਫ ਬੋਲ ਕੇ ਵੀ ਕਰ ਸਕਦਾ ਸੀ।

ਕੀ ਇਹ ਉਹੀ ਸ੍ਰਿਸ਼ਟੀਕਰਤਾ ਨਹੀਂ ਹੈ ਜਿਸਨੇ ਗਾਲ੍ਹੜਾਂ ਦੀ ਸ੍ਰਿਸ਼ਟੀ ਕੀਤੀ ਸੀ? [ਸਭਾ ਆਖਦੀ ਹੈ, "ਆਮੀਨ"—ਸੰਪਾਦਕ] ਫੇਰ, ਉਹ ਜੋ ਮਸੀਹ ਵਿੱਚ ਸੀ ਉਹ ਹੀ ਸਾਡੇ ਵਿੱਚ ਹੈ, ਸਮਝੇ, ਕਿਉਂਕਿ ਇਹ ਉਹੀ ਕੰਮ ਕਰਦਾ ਹੈ ਜੋ ਉਸਨੇ ਕੀਤੇ ਸਨ।

ਉਸਦਾ ਵਚਨ ਸੁਣ ਕੇ, ਮੁਰਦੇ ਉਸ ਦੀ ਹਜੂਰੀ ਵਿੱਚ ਮੁਰਦੇ ਨਹੀਂ ਰਹਿੰਦੇ ਸਨ।

159 ਵੇਖੋ, ਸਾਡੇ ਕੋਲ ਪੰਜ ਵਾਸਤਵਿਕ ਬਿਆਨ ਹਨ ਜਦੋਂ ਪਰਮੇਸ਼ੁਰ ਨੇ "ਮੁਰਦੇ" ਲੋਕਾਂ ਬਾਰੇ ਦਰਸ਼ਨ ਦਿੱਤਾ ਅਤੇ ਉਹਨਾਂ ਕੋਲ ਜਾ ਕੇ ਉਹਨਾਂ ਨੂੰ ਫਿਰ ਤੋਂ ਜੁਆਲਿਆ। ਇਥੇ ਇੱਕ ਬੈਠਾ ਹੋਇਆ ਹੈ, ਠੀਕ ਇਸ ਜਗ੍ਹਾ ਤੇ, ਉਹ ਉਥੇ ਹੀ ਮਰ ਗਿਆ ਸੀ ਜਿਥੇ ਉਹ ਬੈਠਾ ਹੋਇਆ ਸੀ। ਅਤੇ ਅੱਜ ਰਾਤ ਉਹ ਜਿਉਂਦਾ ਹੈ; ਉਸ ਨੂੰ ਦਿਲ ਦਾ ਦੌਰਾ ਪਿਆ ਸੀ। ਉਹ ਉਸਦੀ ਪਤਨੀ ਹੈ, ਜੋ ਇੱਕ ਨਰਸ ਹੈ। ਅਸੀਂ ਹੇਠਾਂ ਗਏ; ਉਸ ਦੀਆਂ ਅੱਖਾਂ ਟਿੱਕ ਗਈਆਂ ਸਨ ਅਤੇ ਉਹ ਮਰ ਗਿਆ ਸੀ। ਇਥੇ ਉਹ ਜਿਉਂਦਾ ਹੈ। "ਕਿਉਂਕਿ ਉਹ ਜੋ *ਇਥੇ* ਹੈ, ਜੋ ਸਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ!" ਸਮਝੇ?

160 ਉਹ ਵੱਡਾ ਹੈ! ਇਹ ਪਰਮੇਸ਼ੁਰ ਹੈ, ਸ੍ਰਿਸ਼ਟੀਕਰਤਾ ਹੈ! ਹਵਾਵਾਂ ਅਤੇ ਲਹਿਰਾਂ ਨੂੰ ਉਸ ਦੀ ਆਗਿਆ ਮੰਨਣੀ ਪੈਣੀ ਸੀ। ਭੂਤ ਸੁੰਨ ਹੋ ਜਾਂਦੇ ਸਨ। ਸਾਰੀ ਕੁਦਰਤ ਉਸਦੀ ਆਗਿਆ ਮੰਨਦੀ ਸੀ ਕਿਉਂਕਿ ਉਹ ਕੁਦਰਤ ਦਾ ਸ੍ਰਿਸ਼ਟੀ ਕਰਤਾ ਸੀ। ਔਹ, ਜਦੋਂ ਅਸੀਂ ਇਹ ਸੋਚਦੇ ਹਾਂ, ਤੁਸੀਂ ਵੇਖਦੇ ਹੋ ਤੱਦ ਅਸੀਂ ਇਹਨਾਂ ਚੀਜਾਂ ਨੂੰ ਸਮਝਦੇ ਹਾਂ। ਇਹ ਕੀ ਹੈ? ਇਹ ਮਨੁੱਖ

ਨਹੀਂ ਹੈ । ਮਨੁੱਖ ਇਹ ਨਹੀਂ ਕਰ ਸਕਦਾ; ਮਨੁੱਖ ਤਾਂ ਸ੍ਰਿਸ਼ਟੀ ਦਾ ਇੱਕ ਹਿੱਸਾ ਹੈ । ਸਮਝੇ? ਪਰ ਇਹ ਤਾਂ ਹਵਾਵਾਂ ਅਤੇ ਲਹਿਰਾਂ ਹਨ ਜੋ ਸ੍ਰਿਸ਼ਟੀਕਰਤਾ ਦੀ ਆਗਿਆਕਾਰੀ ਕਰਦੀਆਂ ਹਨ । ਸਮਝੇ?

ਅਤੇ ਇਹ ਕਰਨ ਲਈ ਸ੍ਰਿਸ਼ਟੀਕਰਤਾ ਦੀ ਲੋੜ੍ਹ ਹੈ, "ਕਿਉਂਕਿ ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ" । ਉਹ ਜੋ ਖਲਬਲੀ ਪੈਦਾ ਕਰ ਸਕਦਾ ਹੈ, ਉਹ ਸੰਸਾਰ ਵਿੱਚ ਹੈ । ਜੋ ਤੁਹਾਡੇ ਵਿੱਚ ਹੈ ਉਹ ਸ੍ਰਿਸਟੀਕਰਤਾ ਹੈ ਜਿਸਨੇ ਹਵਾਵਾਂ ਨੂੰ ਬਣਾਇਆ । ਉਹ ਹਵਾਂਵਾਂ ਵਿਚਲੇ ਸ਼ਤਾਨ ਨੂੰ ਝਿੜਕ ਸਕਦਾ ਹੈ ਅਤੇ ਫਿਰ ਸ਼ਾਂਤੀ ਹੋ ਜਾਂਦੀ ਹੈ । ਉਹ ਤੁਫਾਨ ਲਿਆਉਣ ਵਾਲੇ ਸ਼ਤਾਨ ਨੂੰ ਝਿੜਕ ਸਕਦਾ ਹੈ ਅਤੇ ਫਿਰ ਤੁਫਾਨ ਨਹੀਂ ਰਹਿੰਦਾ । ਉਹ ਸ੍ਰਿਸ਼ਟੀਕਰਤਾ ਹੈ । "ਅਤੇ ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ" । ਸਮਝੇ?

161 ਸ਼ਤਾਨ ਸੰਸਾਰ ਦਾ ਹੈ । ਸੰਸਾਰ ਉਸਦਾ ਹੈ । ਇਹ ਹਮੇਸ਼ਾ ਇਸੇ ਤਰ੍ਹਾਂ ਸੀ । "ਤੂੰ ਕਿਉਂ ਡਿੱਗ ਗਿਆ, ਹੇ ਲੁਸੀਫਰ, ਫ਼ਜਰ ਦੇ ਪੁੱਤ੍ਰ?" ਸਮਝੇ, ਇਹ ਸੰਸਾਰ ਉਸਦਾ ਸੀ । ਜਦੋਂ ਉਸ ਨੂੰ ਸਵਰਗ ਵਿਚੋਂ ਲੱਤ ਮਾਰ ਕੇ ਬਾਹਰ ਕਢਿਆ ਗਿਆ ਤਾਂ ਉਹ ਮੁੜ੍ਹ ਇਥੇ ਆ ਗਿਆ । ਸਮਝੇ?

162 ਉਸੇ ਨੇ ਹੀ ਮਸੀਹ ਨੂੰ ਕਿਹਾ ਸੀ, "ਇਹ ਰਾਜ ਮੇਰੇ ਹਨ, ਮੈਂ ਜਿਸ ਤਰ੍ਹਾਂ ਚਾਹੁੰਦਾ ਹਾਂ ਉਸੇ ਤਰ੍ਹਾਂ ਉਹਨਾਂ ਨਾਲ ਕਰਦਾ ਹਾਂ" । ਉਹ ਉਸਦੇ ਹਨ ਅਤੇ ਉਹ ਹੀ ਹੈ ਜਿਹੜਾ "ਸੰਸਾਰ ਵਿੱਚ ਹੈ" ।

163 ਯੁਹੰਨਾ ਨੇ ਚੇਲਿਆਂ ਨੂੰ ਦੱਸਿਆ, "ਤੁਸੀਂ ਉਸ ਮਸੀਹ ਵਿਰੋਧੀ ਬਾਰੇ ਸੁਣਿਆ ਹੈ ਜੋ ਆਉਣ ਵਾਲਾ ਹੈ ਸਗੋਂ ਆ ਚੁੱਕਾ ਹੈ ਅਤੇ ਅਣਆਗਿਆਕਾਰੀ ਦੇ ਪੁੱਤ੍ਰਾਂ ਵਿੱਚ ਕੰਮ ਕਰ ਰਿਹਾ ਹੈ । ਪਰ ਛੋਟੇ ਬੱਚਿਓ ਤੁਸੀਂ ਇਸ ਸੰਸਾਰ ਦੇ ਨਹੀਂ ਹੋ । ਤੁਸੀਂ ਪਰਮੇਸ਼ੁਰ ਤੋਂ ਹੋ । ਅਤੇ ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੀ ਜਿਹੜਾ ਸੰਸਾਰ ਵਿੱਚ ਹੈ । ਇਹ ਮਸੀਹ ਤੁਹਾਡੇ ਵਿੱਚ ਹੈ!

164 ਉਹ ਜਿਸਨੇ—ਜਿਸਨੇ ਆਕਾਸ਼ ਅਤੇ ਧਰਤੀ ਨੂੰ ਬਣਾਇਆ ਉਹ ਯਿਸੂ ਮਸੀਹ ਵਿੱਚ ਪ੍ਰਗਟ ਹੋਇਆ; ਪਰਮੇਸ਼ੁਰ ਮਸੀਹ ਵਿੱਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ।

ਤੁਸੀਂ ਕਹੋਗੇ, "ਭਾਈ ਬ੍ਰਾਨਹਾਮ ਉਹ ਤਾਂ ਪਰਮੇਸ਼ੁਰ ਦਾ ਪੁੱਤ੍ਰ ਸੀ" । ਠੀਕ ਹੈ, ਚਲੋ ਵੇਖਦੇ ਹਾਂ ਕਿ ਉਹ ਅਨੰਤ ਹੈ, ਸਦੀਪਕ ਪਰਮੇਸ਼ੁਰ ਹੈ ।

165 ਉਹ ਜੋ ਯਹੋਸ਼ੁਆ ਵਿੱਚ ਸੀ ਸੂਰਜ ਨਾਲੋਂ ਵੱਡਾ ਸੀ । ਅਤੇ ਯਹੋਸ਼ੁਆ ਤੁਹਾਡੀ ਅਤੇ ਮੇਰੀ ਤਰ੍ਹਾਂ ਮਨੁੱਖ ਸੀ ਜੋ ਪਾਪ ਵਿੱਚ ਪੈਦਾ ਹੋਇਆ ਸੀ । ਅਤੇ ਉਹ ਜਿਹੜਾ ਯਹੋਸ਼ੁਆ ਵਿੱਚ ਸੀ ਉਹ ਉਸ ਸੂਰਜ ਨਾਲੋਂ ਵੱਡਾ ਸੀ ਜੋ ਪਰਮੇਸ਼ੁਰ ਦੀ ਆਗਿਆ ਅਨੁਸਾਰ ਕੰਮ ਕਰ ਰਿਹਾ ਸੀ । ਪਰਮੇਸ਼ੁਰ ਦੀ ਆਗਿਆ ਇਹ ਸੀ ਕਿ ਸੂਰਜ ਚਮਕੇ ਅਤੇ ਆਪਣੇ ਆਪ ਨੂੰ ਘੁਮਾਏ ਅਤੇ ਇਹ ਪਰਮੇਸ਼ੁਰ ਦੀਆਂ ਵਿਧੀਆਂ ਦੇ ਅਧੀਨ ਸੀ ਅਤੇ ਉਸੇ ਦੁਆਰਾ ਨਿਯੰਤਰਿਤ ਸੀ । ਪਰ ਉਹ ਜੋ ਯਹੋਸ਼ੁਆ ਵਿੱਚ ਸੀ ਸੋ ਪਰਮੇਸ਼ੁਰ ਦੀਆਂ ਵਿਧੀਆਂ ਨਾਲੋਂ ਵੱਡਾ ਸੀ ਕਿਉਂਕਿ ਜਦੋਂ ਯਹੋਸ਼ੁਆ ਨੇ ਉਪਰ ਸੂਰਜ ਵੱਲ ਵੇਖਿਆ ਅਤੇ ਕਿਹਾ, "ਤੂੰ ਜਿਥੇ ਹੈਂ ਉਥੇ ਹੀ ਰੁੱਕ ਜਾ, ਉਸ ਵੇਲੇ ਸ੍ਰਿਸ਼ਟੀਕਰਤਾ ਆਪ ਹੀ ਯਹੋਸ਼ੁਆ ਵਿੱਚ ਸੀ । ਅਤੇ ਚੰਨ, ਤੂੰ ਵੀ ਉਥੇ ਹੀ ਰੁੱਕ ਜਾ ਜਿਥੇ ਤੂੰ ਹੈ ਜਦੋਂ ਤੱਕ ਮੈਂ ਇਹ ਯੁੱਧ ਨਾ ਮੁਕਾ ਲਵਾਂ" । ਸੂਰਜ ਅਤੇ ਚੰਨ ਨੇ ਉਸਦੀ ਗੱਲ

ਮੰਨੀ ਕਿਓਂਕਿ ਉਹ ਜੋ ਯਹੋਸ਼ੁਆ ਵਿੱਚ ਸੀ ਉਹ ਸੂਰਜ ਅਤੇ ਚੰਨ ਤੋਂ ਵੱਡਾ ਸੀ । ਉਹ ਜੋ ਯਹੋਸ਼ੁਆ ਵਿੱਚ ਸੀ ।

166 ਉਹ ਜੋ ਮੂਸਾ ਵਿੱਚ ਸੀ, ਮਿਸ਼ਰ ਨਾਲੋਂ ਵੱਡਾ ਸੀ । ਮਿਸ਼ਰ ਦੀ ਫੋਜ ਸੰਸਾਰ ਦੀ ਸਭ ਤੋਂ ਸ਼ਕਤੀਸ਼ਾਲੀ ਫੋਜ ਸੀ, ਉਹਨਾਂ ਨੇ ਉਸ ਸਮੇਂ ਸੰਸਾਰ ਨੂੰ ਜਿੱਤਿਆ ਹੋਇਆ ਸੀ । ਪਰ ਜੋ ਮੂਸਾ ਵਿੱਚ ਸੀ ਉਹ ਮਿਸ਼ਰ ਨਾਲੋਂ ਵੱਡਾ ਸੀ ਕਿਓਂਕਿ ਮੂਸਾ ਨੇ ਮਿਸਰ ਨੂੰ ਜਿੱਤ ਲਿਆ । ਉਹ ਜੋ ਮੂਸਾ ਵਿੱਚ ਸੀ, ਉਹ ਕੁਦਰਤ ਨਾਲੋਂ ਵੀ ਵੱਡਾ ਸੀ । ਕੀ ਤੁਸੀਂ ਕਦੇ ਸੋਚਿਆ ਕਿ ਪਰਮੇਸ਼ੁਰ ਨੇ ਆਪਣਾ ਵਚਨ ਮੂਸਾ ਨੂੰ ਦਿੱਤਾ ਅਤੇ ਕਿਹਾ, “ਬਾਹਰ ਜਾ ਅਤੇ ਹੁਕਮ ਦੇ ਕਿ ਸੂਰਜ ਨਾ ਚਮਕੇ?” ਅਤੇ ਸੂਰਜ ਘੋਰ ਹਨੇਰਾ ਹੋ ਗਿਆ! ਕੀ ਇਹ ਠੀਕ ਹੈ? ਉਹ ਸੂਰਜ ਨੂੰ ਚਮਕਣ ਦੇ ਸਕਦਾ ਹੈ ਅਤੇ ਬੱਦਲਾਂ ਨੂੰ ਪਿਛਾਂਹ ਮੋੜ੍ਹ ਸਕਦਾ ਹੈ ਜਾਂ ਉਹ ਸੂਰਜ ਨੂੰ ਕਾਲਾ ਬਣਾ ਸਕਦਾ ਹੈ । ਉਹ ਪਰਮੇਸ਼ੁਰ ਹੈ; ਉਹ ਜੋ ਚਾਹੇ ਸੋ ਕਰ ਸਕਦਾ ਹੈ ਅਤੇ ਉਹ ਵਿਸ਼ਵਾਸੀ ਬੱਚਿਆਂ ਵਿੱਚ ਹੈ! ਆਮੀਨ । ਇਹੀ ਸਭ ਹੈ ।

167 ਉਥੇ ਇੱਕ ਵੀ ਪਿਸੂ ਨਜਰ ਨਹੀਂ ਆ ਰਿਹਾ ਸੀ । ਇਹ ਸਰਦੀਆਂ ਦਾ ਸਮਾਂ ਹੋਵੇਗਾ, ਉਥੇ ਕੋਈ ਵੀ ਮੱਖੀ ਨਹੀਂ ਸੀ ਪਰ ਪਰਮੇਸ਼ੁਰ ਨੇ ਮੂਸਾ ਨੂੰ ਕਿਹਾ, “ਜਾ ਕੇ ਮੇਰੇ ਵਚਨ ਨੂੰ ਬੋਲ ਅਤੇ ਮੈਂ ਤੇਰੇ ਮੰਨ ਵਿੱਚ ਪਾਵਾਂਗਾ ਕਿ ਕੀ ਬੋਲਣਾ ਹੈ । ਅਤੇ ਤੂੰ ਬਾਹਰ ਜਾਵੀਂ ਅਤੇ ਧਰਤੀ ਤੋਂ ਥੋੜੀ ਧੂੜ੍ਹ ਨੂੰ ਚੁਕੀਂ ਅਤੇ ਉਸ ਧੂੜ੍ਹ ਨੂੰ ਉਪਰ ਹਵਾ ਵਿੱਚ ਸੁੱਟ ਦੇਵੀਂ” ।

168 ਉਸਨੇ ਕਿਹਾ, “ਉਥੇ ਮੱਖੀਆਂ ਹੋ ਜਾਣ!” ਅਤੇ ਕੁਝ ਘੰਟਿਆਂ ਵਿੱਚ ਮੱਖੀਆਂ ਸਾਰੀ ਧਰਤੀ ਉੱਤੇ ਕਈ ਇੰਚ ਉਪਰ ਘਿਸਰ ਰਹੀਆਂ ਸਨ । ਕੀ ਇਹ ਠੀਕ ਹੈ? ਸ੍ਰਿਸ਼ਟੀਕਰਤਾ!

169 ਓਸ ਜਗ੍ਹਾ ਤੇ ਕੋਈ ਡੱਡੂ ਨਹੀਂ ਸੀ, ਮੂਸਾ ਨੇ ਆਪਣਾ ਢਾਂਗਾ ਅੱਗੇ ਵਧਾਇਆ ਅਤੇ ਕਿਹਾ, “ਉਥੇ ਡੱਡੂ ਹੋ ਜਾਣ!” ਅਤੇ ਉਹ ਹਰ ਜਗ੍ਹਾ ਹੋ ਗਏ, ਢੇਰ ਲਗ ਗਿਆ ਇਥੋਂ ਤੱਕ ਕਿ ਪੂਰੇ ਦੇਸ਼ ਵਿਚੋਂ ਬਦਬੂ ਆਣ ਲਗੀ । ਕੀ ਇਹ ਠੀਕ ਹੈ?

170 ਜਦੋਂ ਉਹ ਲਾਲ ਸਮੁੰਦਰ ਕੋਲ ਆਇਆ ਅਤੇ ਇਹ ਉਸਦਾ ਰਸਤਾ ਰੋਕ ਰਿਹਾ ਸੀ, ਪਰਮੇਸ਼ੁਰ ਨੇ ਕਿਹਾ, “ਸਮੁੰਦਰ ਨੂੰ ਬੋਲ” । ਅਤੇ ਮੂਸਾ ਨੇ ਸਮੁੰਦਰ ਨੂੰ ਬੋਲਿਆ; ਉਹ ਜੋ ਮੂਸਾ ਵਿੱਚ ਸੀ ਸੋ ਸਮੁੰਦਰ ਨਾਲੋਂ ਵੱਡਾ ਸੀ । ਕੀ ਇਹ ਠੀਕ ਹੈ? ਔਹ, ਮੇਰੇ! ਹੁਣ, ਤੁਸੀਂ ਸਮਝੇ, ਉਹ ਜੋ ਮੂਸਾ ਵਿੱਚ ਸੀ ਸੋ ਉਸ ਨਾਲੋਂ ਵੱਡਾ ਸੀ ਜਿਹੜਾ ਸੰਸਾਰ ਵਿੱਚ ਹੈ । ਉਹ ਜੋ ਮੂਸਾ ਵਿੱਚ ਸੀ ਸੋ ਉਸ ਸਾਰੀ ਕੁਦਰਤ ਨਾਲੋਂ ਵੱਡਾ ਹੈ ਜਿਹੜੀ ਸੰਸਾਰ ਵਿੱਚ ਹੈ । ਉਸਨੇ ਕੁਦਰਤ ਨੂੰ ਹੁਕਮ ਦਿੱਤਾ । ਪਰਮੇਸ਼ੁਰ ਨੇ ਉਸ ਨੂੰ ਜੋ ਵੀ ਬੋਲਣ ਲਈ ਕਿਹਾ ਉਸਨੇ ਬੋਲ ਦਿਤਾ ਅਤੇ ਇਸੇ ਤਰ੍ਹਾ ਸੀ ।

171 ਅੱਜ ਰਾਤ ਉਹੀ ਪਰਮੇਸ਼ੁਰ ਸਾਡੇ ਨਾਲ ਹੈ! ਬੱਸ ਸਾਡੇ ਨਾਲ ਹੀ ਨਹੀਂ ਪਰ ਸਾਡੇ ਵਿੱਚ ਵੀ ਹੈ! ਉਸਨੇ ਇਹ ਸਾਬਤ ਕੀਤਾ ਹੈ ਕਿ ਉਹ ਸਾਡੇ ਵਿੱਚ ਸੀ । “ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ” । ਸਾਨੂੰ ਕਿਸ ਦਾ ਡਰ ਹੈ, ਸੰਸਾਰ ਦਾ?

172 ਕਿਸੇ ਹੋਰ ਦਿਨ ਉਨ੍ਹਾਂ ਨੂੰ ਡਾਇਨੋਸੌਰ ਦਾ ਦੰਦ ਮਿਲਿਆ, ਉਥੇ…ਨਿਆਗਰਾ ਫ਼ਾਲਸ ਦੇ ਉਪਰ, ਮੇਰਾ ਅੰਦਾਜਾ ਹੈ ਕਿ ਤੁਸੀਂ ਸਾਰਿਆਂ ਨੇ ਇਸਦੇ ਬਾਰੇ ਸੁਣਿਆ ਸੀ । ਉਹਨਾਂ ਕਿਹਾ, “ਇਸਦਾ ਭਾਰ ਛੇ ਪੌਂਡ ਸੀ” । ਮੈਂ ਸੋਚ ਰਿਹਾ ਸੀ ਕਿ ਉਹ ਕਹਿਣ ਜਾ ਰਹੇ ਹਨ ਕਿ ਇਹ ਕਿਸੇ ਮਨੁੱਖ ਦਾ ਹੈ ਪਰ ਮੈਂ ਸੋਚਦਾ ਹਾਂ ਕਿ ਅੰਤ ਵਿੱਚ ਉਹਨਾਂ ਨੇ ਦੱਸਿਆ ਕਿ ਇਹ ਕਿਸੇ

ਇਤਿਹਾਸ ਤੋਂ ਪਹਿਲਾਂ ਦੇ ਜਾਨਵਰ ਦਾ ਹੈ । ਉਹ ਜਾਨਵਰ ਸਾਇਦ ਇੱਕ ਸਮੇਂ ਧਰਤੀ ਉੱਤੇ ਰਹੇ ਸਨ । ਹੁਣ ਉਹ ਕਿਥੇ ਹਨ?

ਕੀ ਤੁਸੀਂ ਜਾਣਦੇ ਹੋ ਕਿ ਸ਼ਰਬਸ਼ਕਤੀਮਾਨ ਪਰਮੇਸ਼ੁਰ ਡਾਇਨੋਸੌਰ ਨੂੰ ਧਰਤੀ ਤੇ ਆਉਣ ਦਾ ਹੁਕਮ ਦੇ ਸਕਦਾ ਹੈ ਅਤੇ ਅਗਲੀ ਹੀ ਘੜੀ ਉਹ ਚਾਲੀ ਮੀਲ ਹੇਠਾਂ ਡੂੰਘਾਈ ਵਿੱਚ ਹੋ ਸਕਦੇ ਹਨ? ਤੁਸੀਂ ਜਾਣਦੇ ਹੋ ਪਰਮੇਸ਼ੁਰ ਇਸ ਸੰਸਾਰ ਨੂੰ ਮੱਖੀਆਂ ਨਾਲ ਨਾਸ਼ ਕਰ ਸਕਦਾ ਹੈ? ਉਹ ਮੱਖੀਆਂ ਬੁਲਾ ਸਕਦਾ ਹੈ । ਜੱਦ ਉਹ ਮਰ ਜਾਂਦੀਆਂ ਹਨ ਤਾਂ ਉਹ ਕਿਥੇ ਜਾਂਦੀਆਂ ਹਨ? ਘਰੇਲੂ ਮੱਖੀ ਨਾਲ ਕੀ ਹੁੰਦਾ ਹੈ? ਟਿੱਡੀਆਂ ਨੂੰ ਕੀ ਹੁੰਦਾ ਹੈ? ਜੱਦ ਸਰਦੀਆਂ ਆਉਂਦੀਆਂ ਹਨ, ਤਾਪਮਾਨ ਜ਼ਿਫਰ ਤੋਂ ਚਾਲੀ ਡਿਗਰੀ ਹੇਠਾਂ ਚਲਾ ਜਾਂਦਾ ਹੈ ਅਤੇ ਜੱਦ ਬਸੰਤ ਰੁੱਤ ਮੁੜ੍ਹ ਆਉਂਦੀ ਹੈ ਤਾਂ ਫਿਰ ਹਰ ਜਗ੍ਹਾ ਟਿੱਡੀਆਂ ਹੁੰਦੀਆਂ ਹਨ । ਉਹ ਕਿਥੋਂ ਆਉਂਦੀਆਂ ਹਨ? ਉਹ ਸ੍ਰਿਸ਼ਟੀਕਰਤਾ ਹੈ ਜੋ ਬੋਲਦਾ ਹੈ ਅਤੇ ਇਹ ਹੋਂਦ ਵਿੱਚ ਆ ਜਾਂਦੀਆਂ ਹਨ! ਉਹ ਪਰਮੇਸ਼ੁਰ ਹੈ! ਕੁਦਰਤ ਉਸਦੇ ਵਚਨ ਦੀ ਆਗਿਆਕਾਰੀ ਕਰਦੀ ਹੈ ।

173 ਸਾਡੇ ਬਹੁਤ ਸਾਰੇ ਭਰਾ ਉਤੇਜਿਤ ਹੋ ਜਾਂਦੇ ਹਨ, ਉਹ ਪ੍ਰਭਾਵਿਤ ਹੋ ਜਾਂਦੇ ਹਨ ਕਿ ਪਰਮੇਸ਼ੁਰ ਕੁਝ ਕਰਨ ਲਈ ਕਹਿੰਦਾ ਹੈ ਅਤੇ ਉਹ ਕਹਿੰਦੇ ਹਨ ਇਹ ਯਹੋਵਾਹ ਇੰਝ ਫ਼ਰਮਾਉਂਦਾ ਹੈ, ਜਦਕਿ ਇਹ ਨਹੀਂ ਹੁੰਦਾ ਹੈ । ਇਹੀ ਕਾਰਨ ਹੈ ਕਿ ਇਹ ਨਹੀਂ ਹੁੰਦਾ ਹੈ ।

ਪਰ ਜਦ ਅਸਲ ਵਿੱਚ ਪਰਮੇਸ਼ੁਰ ਤੁਹਾਨੂੰ ਦੱਸਦਾ ਹੈ ਤਾਂ ਇਹ ਹੋਣਾ ਹੀ ਹੈ, ਇਹ ਉਸੇ ਤਰ੍ਹਾਂ ਹੀ ਹੋਣਾ ਹੈ । ਸਮਝੇ? ਜਦੋਂ ਪਰਮੇਸ਼ੁਰ ਬੋਲਦਾ ਹੈ ਤਾਂ ਇਹ ਹੋਣਾ ਹੀ ਹੈ ।

174 ਉਹ ਜੋ ਮੂਸਾ ਵਿੱਚ ਸੀ ਸੋ ਓਸ ਨਾਲੋਂ ਵੱਡਾ ਸੀ ਜੋ ਮਿਸ਼ਰ ਵਿੱਚ ਸੀ । ਉਹ ਜੋ ਮੂਸਾ ਵਿੱਚ ਸੀ ਉਹ ਓਸ ਸਭ ਨਾਲੋਂ ਵੱਡਾ ਸੀ ਜੋ ਫਿਰਾਉਣ ਅਤੇ ਉਸ ਦੀ ਸਾਰੀ ਜਾਦੂਗਰੀ ਕਰ ਸਕਦੀ ਸੀ । ਉਹ ਜੋ ਮੂਸਾ ਵਿੱਚ ਸੀ ਓਸ ਨਾਲੋਂ ਵੱਡਾ ਸੀ ਜੋ ਜਾਦੂਗਰਾਂ ਵਿੱਚ ਸੀ । ਸਮਝੇ? ਉਹ ਜੋ ਮੂਸਾ ਵਿੱਚ ਸੀ ਉਹ ਸਾਰੀ ਕੁਦਰਤ ਨਾਲੋਂ ਵੱਡਾ ਸੀ ।

175 ਵੱਡਾ! ਉਹ ਜੋ ਦਾਨੀਏਲ ਵਿੱਚ ਸੀ ਉਹ ਸ਼ੇਰਾਂ ਨਾਲੋਂ ਵੱਡਾ ਸੀ । ਉਹ ਉਹਨਾਂ ਭੁੱਖੇ ਸ਼ੇਰਾਂ ਨੂੰ ਰੋਕ ਸਕਦਾ ਸੀ । ਇਸ ਲਈ ਕੋਈ ਵੀ ਚੀਜ ਜੇਕਰ ਕਿਸੇ ਹੋਰ ਚੀਜ ਨੂੰ ਰੋਕ ਸਕਦੀ ਹੈ ਤਾਂ ਜਿਸ ਚੀਜ ਨੂੰ ਉਸ ਨੇ ਰੋਕਿਆ ਹੈ ਉਹ ਓਸ ਨਾਲੋਂ ਵੱਡੀ ਹੈ । ਜਦੋਂ ਭੁੱਖੇ ਸ਼ੇਰ ਦਾਨੀਏਲ ਨੂੰ ਖਾਣ ਲਈ ਦੌੜੇ; ਉਹ ਜੋ ਦਾਨੀਏਲ ਵਿੱਚ ਸੀ ਉਹ ਓਸ ਨਾਲੋਂ ਵੱਡਾ ਸੀ ਜਿਹੜਾ ਉਹਨਾਂ ਸ਼ੇਰਾਂ ਵਿੱਚ ਸੀ ।

176 ਹੁਣ, ਜਦੋਂ ਸ਼ੇਰ ਨੂੰ ਪਹਿਲੀ ਵਾਰ ਬਣਾਇਆ ਗਿਆ ਤਾਂ ਉਹ ਮਨੁੱਖ ਦਾ ਦੋਸਤ ਸੀ । ਇਹ ਸ਼ਤਾਨ ਹੈ ਜੋ ਉਸ ਤੋਂ ਇਸ ਤਰ੍ਹਾਂ ਕਰਵਾਉਂਦਾ ਹੈ । ਇਹ ਠੀਕ ਹੈ । ਹਜਾਰ ਸਾਲਾ ਰਾਜ ਵਿੱਚ ਬਘਿਆੜ ਅਤੇ ਲੇਲਾ ਇਕਠੇ ਚਰਣਗੇ ਅਤੇ ਸ਼ੇਰ ਬਲਦ ਵਾਂਗ ਘਾਹ ਖਾਵੇਗਾ ਅਤੇ ਬਲਦ ਦੇ ਨਾਲ ਰਹੇਗਾ । ਹਜਾਰ ਸਾਲਾ ਰਾਜ ਵਿੱਚ ਉਹ ਨਾ ਹੀ ਨਾਸ ਕਰਣਗੇ ਨਾ ਮਾਰਣਗੇ । ਸ਼ਤਾਨ ਉਥੇ ਨਹੀਂ ਹੋਵੇਗਾ । ਇਹ ਸ਼ਤਾਨ ਹੈ ਜੋ ਜੰਗਲੀ ਜਾਨਵਰਾਂ ਤੋਂ ਚੀਰ ਫਾੜ ਕਰਕੇ ਖਵਾਉਂਦਾ ਹੈ ਅਤੇ ਇਸ ਤਰ੍ਹਾਂ ਦੇ ਕੰਮ ਕਰਾਉਂਦਾ ਹੈ ਜਿਸ ਤਰ੍ਹਾਂ ਉਹ ਕਰਦੇ ਹਨ । ਇਹ ਸ਼ਤਾਨ ਹੈ ਜੋ ਇਹ ਕਰਦਾ ਹੈ । ਪਰ ਉਹ ਜੋ ਦਾਨੀਏਲ ਵਿੱਚ ਸੀ ਸੋ ਓਸ ਨਾਲੋਂ ਵੱਡਾ ਸੀ ਜਿਹੜਾ ਸ਼ੇਰ ਵਿੱਚ ਸੀ । ਸਮਝੇ? ਉਹ ਜੋ ਨਬੀ ਵਿੱਚ ਸੀ ਸੋ ਓਸ ਨਾਲੋਂ ਵੱਡਾ ਸੀ ਜਿਹੜਾ ਸ਼ੇਰ ਵਿੱਚ ਸੀ ।

177 ਉਹ ਜੋ ਇਬਰਾਨੀ ਬੱਚਿਆਂ ਵਿੱਚ ਸੀ ਓਹ ਵੱਡਾ ਸੀ, ਉਹ ਜੋ ਉਹਨਾਂ ਵਿੱਚ ਸੀ ਸੋ ਓਸ ਨਾਲੋਂ ਵੱਡਾ ਸੀ ਜਿਹੜਾ ਅੱਗ ਵਿੱਚ ਸੀ । ਕਿਓਂਕਿ ਉਹਨਾਂ ਨੂੰ ਅੱਗ ਵਿੱਚ ਸੁੱਟਿਆ ਗਿਆ ਸੀ; ਅਤੇ ਉਹ ਜੋ ਉਹਨਾਂ ਵਿੱਚ ਸੀ, ਉਹ ਉਹਨਾਂ ਦੇ ਨਾਲ ਸੀ ਅਤੇ ਅੱਗ ਨੂੰ ਉਹਨਾਂ ਨੂੰ ਸਾੜਨ ਤੋਂ ਰੋਕ ਦਿੱਤਾ ਜਦਕਿ ਭਠੀ ਉਸ ਨਾਲੋਂ ਸੱਤ ਗੁਣਾ ਜਿਆਦਾ ਗਰਮ ਸੀ ਜਿੰਨੀ ਗਰਮ ਉਹ ਪਹਿਲਾਂ ਕਦੇ ਕੀਤੀ ਗਈ ਸੀ । ਇਹ ਠੀਕ ਹੈ? ਉਹ ਜੋ ਇਬਰਾਨੀ ਬੱਚਿਆਂ ਵਿੱਚ ਸੀ ਸੋ ਓਸ ਨਾਲੋਂ ਵੱਡਾ ਸੀ ਜਿਹੜਾ ਸੰਸਾਰ ਵਿੱਚ ਸੀ ।

178 ਉਥੇ ਨਬੂਕਦਨੱਸਰ ਜਾਂ ਬੇਲਸ਼ੱਸਰ ਬੈਠਾ ਹੋਇਆ ਸੀ । ਮੈਂ ਸੋਚਦਾ ਹਾਂ ਕਿ ਇਹ ਨਬੂਕਦਨੱਸਰ ਸੀ ਜਿਸਨੇ ਭੱਠੀ ਨੂੰ ਦਸਤੂਰ ਨਾਲੋਂ ਸੱਤ ਗੁਣਾ ਹੋਰ ਗਰਮ ਕਰਵਾ ਦਿੱਤਾ ਸੀ । ਉਹ ਇਹਨਾਂ ਲੋਕਾਂ ਨੂੰ ਮਾਰਣ ਲਈ ਸ਼ਤਾਨ ਦੁਆਰਾ ਪਰੇਰਿਤ ਸੀ ਕਿਓਂਕਿ ਉਹ ਪਰਮੇਸ਼ੁਰ ਦੇ ਵਚਨ ਲਈ ਖੜ੍ਹੇ ਸਨ; ਅਤੇ ਉਹਨਾਂ ਨੂੰ ਭੱਠੀ ਵਿੱਚ ਸੁੱਟ ਦਿੱਤਾ ਜੋ ਦਸਤੂਰ ਨਾਲੋਂ ਸੱਤ ਗੁਣਾ ਜਿਆਦਾ ਤਾਈ ਹੋਈ ਸੀ ਅਤੇ ਇਹ ਉਹਨਾਂ ਨੂੰ ਸਾੜ ਵੀ ਨਾ ਸਕੀ । ਕਿਓਂਕਿ ਉਹ ਜੋ ਸ਼ਦਰਕ, ਮੇਸ਼ਕ ਤੇ ਅਬਦ-ਨਗੋ ਵਿੱਚ ਸੀ ਸੋ ਓਸ ਨਾਲੋਂ ਵੱਡਾ ਸੀ ਜਿਹੜਾ ਸੰਸਾਰ ਵਿੱਚ ਹੈ । ਬਿਲਕੁਲ! ਔਹ, ਮੇਰੇ!

179 ਉਹ ਜੋ ਏਲੀਯਾਹ ਵਿੱਚ ਸੀ ਸੋ ਓਸ ਪਿੱਤਲ ਵਰਗੇ ਅਕਾਸ਼ ਤੋਂ ਵੱਡਾ ਸੀ ਕਿਓਂਕਿ ਓਹ ਉਸ ਪਿੱਤਲ ਵਰਗੇ ਅਕਾਸ਼ ਵਿਚੋਂ ਮੀਂਹ ਵਰ੍ਹਾ ਸਕਦਾ ਸੀ ਜਿਥੇ ਸਾਢੇ ਤਿੰਨ ਸਾਲ ਤੋਂ ਮੀਂਹ ਨਹੀਂ ਸੀ ਪਿਆ ।

ਉਹ ਜੋ ਏਲੀਯਾਹ ਵਿੱਚ ਸੀ ਸੋ ਮੌਤ ਨਾਲੋਂ ਵੱਡਾ ਸੀ । ਕਿਓਂਕਿ, ਜੱਦ ਉਸਦੀ ਮੌਤ ਦਾ ਸਮਾਂ ਆਇਆ ਪਰਮੇਸ਼ੁਰ ਨੇ ਉਸ ਥੱਕੇ ਹੋਏ ਬੁੱਢੇ ਨਬੀ ਨੂੰ ਵੇਖਿਆ । ਉਹ ਈਜਬਲ ਅਤੇ ਉਸਦੇ ਸ਼ਿੰਗਾਰ ਅਤੇ ਉਸਦੀਆਂ ਸਾਰੀਆਂ ਆਧੁਨਿਕ ਚੀਜਾਂ ਨੂੰ ਝਿੜਕਦਾ ਰਿਹਾ ਸੀ ਅਤੇ ਉਹ ਥੱਕ ਗਿਆ ਸੀ, ਇਸ ਲਈ ਪਰਮੇਸ਼ੁਰ ਉਸ ਨੂੰ ਤੁਰ ਕੇ ਘਰ ਨਹੀਂ ਜਾਣ ਦੇਣਾ ਚਾਹੁੰਦਾ ਸੀ, ਇਸ ਲਈ ਜਿਵੇਂ ਉਸਨੇ ਹਨੋਕ ਨਾਲ ਕੀਤਾ ਸੀ । ਉਸਨੇ ਇੱਕ ਰੱਥ ਨੂੰ ਭੇਜਿਆ ਅਤੇ ਉਸਨੂੰ ਉਪਰ ਉੱਠਾ ਲਿਆ ਅਤੇ ਉਸਨੂੰ ਘਰ ਲੈ ਗਿਆ । ਉਹ ਜੋ ਏਲੀਯਾਹ ਵਿੱਚ ਸੀ ਸੋ ਓਸ ਨਾਲੋਂ ਵੱਡਾ ਸੀ ਜਿਹੜਾ ਯਰੂਸ਼ਲਮ ਅਤੇ ਯਹੂਦਾ ਅਤੇ ਪਹਾੜੀਆਂ ਵਿੱਚ ਸੀ । ਉਹ ਜੋ ਏਲੀਯਾਹ ਵਿੱਚ ਸੀ ਸੋ ਮੌਤ ਨਾਲੋਂ ਵੀ ਵੱਡਾ ਸੀ । ਉਹ ਜੋ ਏਲੀਯਾਹ ਵਿੱਚ ਸੀ ਉਹ ਕਬਰ ਨਾਲੋਂ ਵੱਡਾ ਸੀ ਕਿਓਂਕਿ ਉਹ ਮੌਤ ਅਤੇ ਕਬਰ ਤੋਂ ਬੱਚ ਨਿਕਲਿਆ ਅਤੇ ਰੱਥ ਵਿੱਚ ਬੈਠ ਕੇ ਘਰ ਚਲਾ ਗਿਆ । ਸਮਝੇ, ਉਹ ਵੱਡਾ ਸੀ ਅਤੇ ਉਹ ਏਲੀਯਾਹ ਵਿੱਚ ਸੀ ।

180 ਤੁਸੀਂ ਕਹਿੰਦੇ ਹੋ, "ਔਹ, ਖੈਰ, ਉਹ ਇੱਕ ਮਹਾਨ ਆਦਮੀ ਸੀ" ।

181 ਇੱਕ ਮਿੰਟ ਰੁਕੋ! ਬਾਈਬਲ ਕਹਿੰਦੀ ਹੈ, "ਉਹ ਸਾਡੇ ਵਰਗਾ ਇੱਕ ਦੁੱਖ ਸੁਖ ਭੋਗਣ ਵਾਲਾ ਮਨੁੱਖ ਸੀ" ਮੇਰੇ ਅਤੇ ਤੁਹਾਡੇ ਵਰਗਾ । ਇਹ ਠੀਕ ਹੈ । ਪਰ ਜਦੋਂ ਉਸਨੇ ਪ੍ਰਾਰਥਨਾ ਕੀਤੀ, ਉਸਨੇ ਵਿਸ਼ਵਾਸ ਕੀਤਾ ਕਿ ਜਿਸ ਚੀਜ ਲਈ ਉਸਨੇ ਪ੍ਰਾਰਥਨਾ ਕੀਤੀ ਹੈ ਸੋ ਓਸ ਨੂੰ ਮਿਲ ਗਈ ਹੈ; ਯਿਸੂ ਨੇ ਜੋ ਸਾਨੂੰ ਕਿਹਾ ਸੀ, "ਜਦੋਂ ਤੁਸੀਂ ਪ੍ਰਾਰਥਨਾ ਕਰੋ ਤਾਂ ਇਹ ਵਿਸ਼ਵਾਸ ਕਰੋ ਕਿ ਜੋ ਤੁਸੀਂ ਮੰਗਿਆ ਉਹ ਤੁਹਾਨੂੰ ਮਿਲ ਗਿਆ ਹੈ ਤਾਂ ਇਹ ਹੋ ਜਾਵੇਗਾ" । ਉਸ ਨੇ ਤਨੋਂ ਮਨੋਂ ਪ੍ਰਾਰਥਨਾ ਕੀਤੀ ਭਈ ਵਰਖਾ ਨਾ ਹੋਵੇ ਤਾਂ ਸਾਢ਼ੇ ਤਿੰਨਾ ਵਰ੍ਹਿਆਂ ਤੱਕ ਵਰਖਾ ਨਾ ਹੋਈ । ਸਮਝੇ? ਉਹ ਜੋ ਏਲੀਯਾਹ ਵਿੱਚ ਸੀ ਸੋ ਕੁਦਰਤ ਨਾਲੋਂ ਵੱਡਾ ਸੀ ।

182 ਤਾਂ ਫਿਰ ਬਿਮਾਰਾਂ ਨੂੰ ਚੰਗੇ ਕਰਨ ਬਾਰੇ ਕੀ ਹੈ? ਸਮਝੇ? ਉਹ ਜੋ ਤੁਹਾਡੇ ਵਿੱਚ ਹੈ ਸੋ ਬਿਮਾਰੀ ਨਾਲੋਂ ਵੱਡਾ ਹੈ । ਸਮਝੇ? ਕਿਉਂਕਿ ਬਿਮਾਰੀ ਇੱਕ ਰੁਕਾਵਟ ਹੈ ਜੋ ਪਰਮੇਸ਼ੁਰ ਦੇ ਦਸਤੂਰ ਨੂੰ ਭੰਗ ਕਰ ਰਹੀ ਹੈ । ਖੈਰ, ਉਹ ਜੋ ਤੁਹਾਡੇ ਵਿੱਚ ਹੈ, ਜੋ ਉਹ ਚੰਗਾਈ ਦੇਣ ਵਾਲਾ ਅਤੇ ਸ੍ਰਿਸ਼ਟੀਕਰਤਾ ਹੈ ਸੋ ਓਸ ਸ਼ਤਾਨ ਨਾਲੋਂ ਵੱਡਾ ਹੈ ਜਿਸਨੇ ਤੁਹਾਡੀ ਜਿੰਦਗੀ ਵਿੱਚ ਪਰਮੇਸ਼ੁਰ ਦੇ ਕੰਮ ਨੂੰ ਰੋਕਿਆ ਹੈ । "ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ" । ਸਮਝੇ?

ਉਹ ਜੋ ਏਲੀਯਾਹ ਵਿੱਚ ਸੀ ਸੋ ਵੱਡਾ ਸੀ! ਉਹ ਜੋ ਯਸ਼ਾਯਾਹ ਵਿੱਚ ਸੀ ਸੋ ਸਮੇਂ ਨਾਲੋਂ ਵੱਡਾ ਸੀ ਜਾਂ ਜਿਹੜਾ ਕਿਸੇ ਵੀ ਨਬੀ ਵਿੱਚ ਸੀ ਕਿਉਂਕਿ ਉਹਨਾਂ ਨੇ ਸਮਿਆਂ ਤੋਂ ਪਾਰ ਵੇਖਿਆ ਸੀ । ਸਮਝੇ?

183 ਉਹ ਜੋ ਅਯੂਬ ਵਿੱਚ ਸੀ ਸੋ ਚਮੜੀ ਦੇ ਕੀੜ੍ਹਿਆਂ, ਮੌਤ ਅਤੇ ਕਬਰ ਤੋਂ ਵੀ ਵੱਡਾ ਸੀ । ਕਿਉਂਕਿ ਉਸਨੇ ਇੱਕ ਦਰਸ਼ਨ ਦੁਆਰਾ ਪ੍ਰਭੂ ਦੀ ਆਮਦ ਨੂੰ ਵੇਖ ਲਿਆ ਅਤੇ ਕਿਹਾ, "ਮੇਰਾ ਛੁਡਾਉਣ ਵਾਲਾ ਜਿਉਂਦਾ ਹੈ, ਅਤੇ ਆਖਰੀ ਦਿਨ ਉਹ ਧਰਤੀ ਉੱਤੇ ਖੜਾ ਹੋਵੇਗਾ ਭਾਵੇਂ ਇਹ ਕੀੜ੍ਹੇ ਮੇਰੇ ਸ਼ਰੀਰ ਦਾ ਨਾਸ਼ ਕਰ ਚੁੱਕੇ ਹੋਣਗੇ ਪਰ ਮੈਂ ਫਿਰ ਵੀ ਆਪਣੇ ਸ਼ਰੀਰ ਵਿੱਚ ਪਰਮੇਸ਼ੁਰ ਨੂੰ ਵੇਖਾਂਗਾ" ਸਮਝੇ? ਉਹ ਜੋ ਅਯੂਬ ਵਿੱਚ ਸੀ ਸੋ ਮੌਤ ਨਾਲੋਂ ਵੱਡਾ ਸੀ; ਵੱਡਾ, ਕਿਉਂਕਿ ਮੌਤ ਨੇ ਉਸ ਨੂੰ ਲੈਣਾ ਚਾਹਿਆ ਪਰ ਨਹੀਂ ਲੈ ਜਾ ਸਕੀ । ਇਹ ਉਸ ਤਰਾਂ ਨਹੀ ਕਰ ਸਕੀ ਕਿਉਂਕਿ ਉਸਨੇ ਕਿਹਾ ਸੀ, "ਮੈਂ ਫਿਰ ਤੋਂ ਉੱਠ ਖਲੋਵਾਂਗਾ" ਅਤੇ ਉਸਨੇ ਕੀਤਾ । ਉਸਨੇ ਇਹ ਕਰ ਦਿੱਤਾ ।

184 ਸੁਣੋ, ਮੈਂ ਚਾਹੁੰਦਾ ਸੀ ਕਿ ਸਾਡੇ ਕੋਲ ਇਸ ਨੂੰ ਜਾਰੀ ਰੱਖਣ ਲਈ ਸਮਾਂ ਹੁੰਦਾ । ਪਰ ਮੈਂ ਇੱਕ ਸਵਾਲ ਪੁੱਛਣਾ ਚਾਹਾਂਗਾ, ਮੈਂ ਕਿਸੇ ਦਿਨ "ਮਸੀਹ ਤੁਹਾਡੇ ਵਿੱਚ" ਬਾਰੇ ਟਿੱਪਣੀ ਨੂੰ ਸੁਣਿਆ ।

ਹੁਣ, ਇਸ ਨੂੰ ਓਸ ਉੱਤੇ ਅਧਾਰਿਤ ਨਾ ਕਰੋ ਜੋ ਕੁਝ ਤੁਸੀਂ ਕੀਤਾ ਹੈ ਜਿਵੇਂ "ਮੈਂ ਇੱਕ ਕੰਬਣੀ ਨੂੰ ਮਹਿਸੂਸ ਕੀਤਾ । ਮੈਂ—ਮੈਂ—ਮੈਂ ਪਰਾਈ ਭਾਸ਼ਾ ਵਿੱਚ ਬੋਲਿਆ ਸੀ । ਮੈਂ—ਮੈਂ ਆਤਮਾ ਵਿੱਚ ਨਚਿਆ ਸੀ" । ਹੁਣ, ਇਸਦੇ ਵਿਰੋਧ ਵਿੱਚ ਕੁਝ ਨਹੀਂ ਹੈ । ਇਹ ਸਭ ਠੀਕ ਹੈ, ਸਮਝੇ, ਪਰ ਇਸ ਉਤੇ ਨਿਰਭਰ ਨਾ ਰਹੋ । ਸਮਝੇ?

ਤੁਹਾਡਾ ਜੀਵਨ *ਇਹ* ਹੋਣਾ ਚਾਹੀਦਾ ਹੈ । [ਭਾਈ ਬ੍ਰਾਨਹਾਮ ਆਪਣੀ ਬਾਈਬਲ ਨੂੰ ਥਪਥਪਾਉਂਦੇ ਹਨ—ਸੰਪਾਦਕ] *ਇਹ* ਹੀ ਹੈ । ਤੁਹਾਨੂੰ ਅਤੇ *ਇਸ* ਨੂੰ ਇੱਕ ਹੋਣਾ ਹੈ, ਸਮਝੇ ਅਤੇ ਫਿਰ *ਇਹ* ਆਪਣੇ ਆਪ ਨੂੰ ਪ੍ਰਗਟ ਕਰੇਗੀ । ਸਮਝੇ?

185 ਹੁਣ ਕੀ ਜੇਕਰ—ਜੇਕਰ ਤੁਸੀਂ ਅੱਜ ਰਾਤ ਆਪਣੇ ਪੂਰੇ ਦਿਲ ਤੋਂ ਕਹਿ ਸਕਦੇ ਕਿ ਸ਼ੇਕਸਪੀਅਰ ਦਾ ਆਤਮਾ, ਸ਼ੇਕਸਪੀਅਰ ਤੁਹਾਡੇ ਵਿੱਚ ਰਹਿੰਦਾ ਹੈ? ਕੀ ਤੁਸੀਂ ਜਾਣਦੇ ਹੋ ਤੁਸੀਂ ਕੀ ਕਰਦੇ? ਤੁਸੀਂ ਸ਼ੇਕਸਪੀਅਰ ਵਰਗੇ ਕੰਮ ਕਰਦੇ । ਤੁਸੀਂ ਕਰਦੇ । ਤੁਸੀਂ ਕਰਦੇ । ਤੁਸੀਂ ਕਵਿਤਾਂਵਾਂ ਅਤੇ ਨਾਟਕ ਬਣਾਉਂਦੇ ਕਿਉਂਕਿ ਸ਼ੇਕਸਪੀਅਰ ਇੱਕ ਅਜਿਹਾ ਕਲਾਕਾਰ ਸੀ, ਇੱਕ ਮਹਾਨ ਲੇਖਕ ਅਤੇ ਕਵਿਤਾਂਵਾਂ ਲਿਖਣ ਵਾਲਾ ਸੀ । ਹੁਣ ਜੇਕਰ ਸ਼ੇਕਸਪੀਅਰ ਤੁਹਾਡੇ ਵਿੱਚ ਹੁੰਦਾ ਤਾਂ ਤੁਸੀਂ ਸ਼ੇਕਸਪੀਅਰ ਵਰਗੇ ਕੰਮ ਕਰਦੇ । ਕੀ ਇਹ ਠੀਕ ਹੈ?

186 ਕੀ ਹੁੰਦਾ ਜੇਕਰ ਬੀਥੋਵੇਨ ਤੁਹਾਡੇ ਵਿੱਚ ਹੁੰਦਾ? ਕੀ ਹੁੰਦਾ ਜੇਕਰ ਬੀਥੋਵੇਨ ਤੁਹਾਡੇ ਵਿੱਚ ਰਹਿੰਦਾ? ਤੁਸੀਂ ਜਾਣਦੇ ਹੋ ਤੁਸੀਂ ਕੀ ਕਰਦੇ? ਤੁਸੀਂ ਬੀਥੋਵੇਨ ਦੇ ਵਾਂਗ ਗੀਤ ਲਿਖਦੇ, ਉਹ ਇੱਕ

ਮਹਾਨ ਸੰਗੀਤਕਾਰ ਸੀ । ਤੁਸੀਂ ਬੀਥੋਵੇਨ ਦੀ ਤਰਾਂ ਗੀਤ ਲਿਖਦੇ ਕਿਓਂਕਿ ਬੀਥੋਵੇਨ ਤੁਹਾਡੀ ਜਿੰਦਗੀ ਹੁੰਦੀ । ਤੁਸੀਂ ਇੱਕ ਪੁਨਰ-ਜਨਮਿਤ ਬੀਥੋਵੇਨ ਹੁੰਦੇ । ਜੇਕਰ ਬੀਥੋਵੇਨ ਤੁਹਾਡੇ ਵਿੱਚ ਹੁੰਦਾ ਤਾਂ ਤੁਸੀਂ ਬੀਥੋਵੇਨ ਜਿਹੇ ਕੰਮਾਂ ਨੂੰ ਕਰਦੇ ਕਿਓਕੀ ਬੀਥੋਵੇਨ ਤੁਹਾਡੇ ਵਿੱਚ ਰਹਿ ਰਿਹਾ ਹੁੰਦਾ । ਕੀ ਇਹ ਠੀਕ ਹੈ?

187 ਪਰ ਜੋ ਤੁਹਾਡੇ ਵਿੱਚ ਹੈ ਉਹ ਮਸੀਹ ਹੈ! ਜੇਕਰ ਮਸੀਹ ਤੁਹਾਡੇ ਵਿੱਚ ਹੈ, ਜੇਕਰ ਉਹ ਤੁਹਾਡੇ ਵਿੱਚ ਰਹਿੰਦਾ ਹੈ ਤਾਂ ਤੁਸੀਂ ਮਸੀਹ ਦੇ ਕੰਮ ਕਰੋਗੇ । ਉਸਨੇ ਇਸ ਤਰ੍ਹਾਂ ਕਿਹਾ ਸੀ । ਸੰਤ ਯੁਹੰਨਾ 14:12, “ਉਹ ਜੋ ਮੇਰੇ ਤੇ ਵਿਸ਼ਵਾਸ ਕਰਦਾ ਹੈ ਜੋ ਕੰਮ ਮੈਂ ਕਰਦਾ ਹਾਂ ਉਹ ਵੀ ਕਰੇਗਾ” । ਜੇਕਰ ਤੁਸੀਂ ਮਸੀਹ ਵਿੱਚ ਹੁੰਦੇ ਜਾਂ ਜੇਕਰ ਮਸੀਹ ਤੁਹਾਡੇ ਵਿੱਚ ਰਹਿੰਦਾ । ਫਿਰ, ਮਸੀਹ ਵਚਨ ਹੈ । ਕੀ ਇਹ ਠੀਕ ਹੈ? ਅਤੇ ਵਚਨ ਨਬੀਆਂ ਕੋਲ ਆਉਂਦਾ ਹੈ । ਸਮਝੇ? ਅਤੇ ਜੇਕਰ, ਮਸੀਹ ਤੁਹਾਡੇ ਵਿੱਚ ਰਹੇ ਤਾਂ ਮਸੀਹ ਦੇ ਕੰਮ ਤੁਹਾਡੇ ਵਿਚੋਂ ਹੋਣਗੇ, ਮਸੀਹ ਦਾ ਜੀਵਨ ਤੁਹਾਡੇ ਦੁਆਰਾ ਪ੍ਰਗਟ ਹੋਵੇਗਾ । ਜੋ ਕੰਮ ਉਸਨੇ ਕੀਤੇ, ਜੋ ਜੀਵਨ ਉਸਨੇ ਗੁਜਾਰਿਆ ਅਤੇ ਸਭ ਕੁਝ, ਤੁਹਾਡੇ ਵਿੱਚ ਰਹੇਗਾ; ਬੱਸ ਉਸੇ ਤਰ੍ਹਾਂ ਜਿਵੇਂ ਸ਼ੇਕਸਪੀਅਰ, ਬੀਥੋਵੇਨ ਜਾਂ ਕੋਈ ਹੋਰ ਤੁਹਾਡੇ ਵਿੱਚ ਰਹਿੰਦਾ ।

188 ਜੇਕਰ ਉਸਦਾ ਜੀਵਨ! ਪਰ ਜੇਕਰ ਤੁਸੀਂ ਅਜੇ ਵੀ ਆਪਣਾ ਜੀਵਨ ਜੀ ਰਹੇ ਹੋ ਤਾਂ ਤੁਸੀਂ ਆਪਣੇ ਹੀ ਕੰਮ ਕਰੋਗੇ । ਸਮਝੇ? ਪਰ ਜੇਕਰ ਤੁਸੀਂ ਮਸੀਹ ਦਾ ਜੀਵਨ ਜੀ ਰਹੇ ਹੋ, ਜੇਕਰ ਮਸੀਹ ਤੁਹਾਡੇ ਵਿੱਚ ਹੈ ਤਾਂ, “ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ” । ਜੇਕਰ ਤੁਸੀਂ ਪਰਮੇਸ਼ੁਰ ਦੇ ਵਾਅਦੇ ਉੱਤੇ ਸ਼ੱਕ ਕਰਦੇ ਹੋ ਅਤੇ ਉਹਨਾਂ ਬਾਰੇ ਉਲਝਣ ਵਿੱਚ ਹੋ ਤਾਂ ਫਿਰ ਮਸੀਹ ਉਥੇ ਨਹੀਂ ਹੈ; ਸਮਝੇ, ਤੁਸੀਂ ਬੱਸ ਭਾਵੁਕ ਹੋਏ ਹੁੰਦੇ ਹੋ । ਪਰ ਜੇਕਰ ਉਹ ਜੀਵਨ, ਜੇਕਰ ਮਸੀਹ ਤੁਹਾਡੇ ਵਿੱਚ ਰਹਿ ਰਿਹਾ ਹੈ ਤਾਂ ਉਹ ਆਪਣੇ ਵਚਨ ਨੂੰ ਅਤੇ ਆਪਣੇ ਵਾਅਦੇ ਨੂੰ ਪੂਰਾ ਕਰੇਗਾ । ਸਮਝੇ? ਉਹ ਕਰੇਗਾ ।

189 “ਜਦੋਂ ਤੁਸੀਂ ਪ੍ਰਾਰਥਨਾ ਕਰੋ ਤਾਂ ਵਿਸ਼ਵਾਸ ਕਰੋ ਕਿ ਜੋ ਤੁਸੀਂ ਮੰਗਿਆ ਹੈ ਉਹ ਤੁਹਾਨੂੰ ਮਿਲ ਗਿਆ ਹੈ ਅਤੇ ਇਹ ਤੁਹਾਨੂੰ ਦੇ ਦਿੱਤਾ ਜਾਵੇਗਾ । ਜੇਕਰ ਤੁਸੀਂ ਇਸ ਪਹਾੜ ਨੂੰ ਕਹੋ, ‘ਹੱਟ ਜਾ’ ਅਤੇ ਆਪਣੇ ਦਿਲ ਵਿੱਚ ਭਰਮ ਨਾ ਕਰੋ ਪਰ ਵਿਸ਼ਵਾਸ ਕਰੋ ਕਿ ਜੋ ਤੁਸੀਂ ਕਹਿੰਦੇ ਹੋ ਉਹ ਹੁੰਦਾ ਹੈ ਤਾਂ ਤੁਹਾਡੇ ਲਈ ਇਹ ਹੋ ਜਾਵੇਗਾ । ਮੇਰਾ ਪਿਤਾ ਹੁਣ ਤੱਕ ਕੰਮ ਕਰਦਾ ਹੈ ਮੈਂ ਵੀ ਕੰਮ ਕਰਦਾ ਹਾਂ । ਮੈਂ ਤੁਹਾਨੂੰ ਸੱਤ ਸੱਤ ਆਖਦਾ ਹਾਂ ਕਿ ਪੁੱਤਰ ਆਪਣੇ ਆਪ ਤੋਂ ਕੁਝ ਨਹੀਂ ਕਰ ਸਕਦਾ ਪਰ ਜੋ ਕੁਝ ਉਹ ਪਿਤਾ ਨੂੰ ਕਰਦਿਆਂ ਵੇਖਦਾ ਹੈ ਸੋ ਪੁੱਤ੍ਰ ਵੀ ਉਵੇਂ ਹੀ ਕਰਦਾ ਹੈ” । ਸਮਝੇ? ਜਦੋਂ ਪਿਤਾ ਨੇ ਉਸਨੂੰ ਵਿਖਾਇਆ ਕਿ ਕੀ ਕਰਨਾ ਹੈ ਤਾਂ ਉਹ ਉਥੇ ਅਸਫਲ ਹੋਣ ਦੇ ਡਰ ਤੋਂ ਬਿਨਾਂ ਫਿਰਨ ਲਗਾ ਅਤੇ ਕਿਹਾ, “ਇਹ ਹੋ ਜਾਵੇ” ਅਤੇ ਇਹ ਹੋ ਜਾਂਦਾ ਸੀ ।

ਅਤੇ ਉਹੀ ਮਸੀਹ ਤੁਹਾਡੇ ਵਿੱਚ ਰਹਿੰਦਾ ਹੈ । ਉਹ ਸਾਡੇ ਵਿੱਚ ਰਹਿੰਦਾ ਹੈ । ਫੇਰ ਅਸੀਂ ਉਹੀ ਕੰਮ ਕਰਾਂਗੇ ਕਿਓਂਕਿ ਮਸੀਹ ਵਚਨ ਹੈ ਅਤੇ ਵਚਨ ਦਾ ਵਾਅਦਾ ਤੁਹਾਡੇ ਕੋਲ ਚੰਗਾਈ ਲੈ ਕੇ ਆਉਂਦਾ ਹੈ । ਕੀ ਤੁਸੀਂ ਵਿਸ਼ਵਾਸ ਕਰਦੇ ਹੋ? [ਸਭਾ ਆਖਦੀ ਹੈ, “ਆਮੀਨ”—ਸੰਪਾਦਕ] ਯਕੀਨਨ!

190 ਉਸਨੇ ਕਿਹਾ, “ਮੈਂ ਤੁਹਾਨੂੰ ਅਨਾਥ ਨਾ ਛੱਡਾਂਗਾ”, ਜਿਵੇਂ ਮੈਂ ਪ੍ਰਾਰਥਨਾ ਕਰਦਾ ਹਾਂ, ਕੁਝ ਚਿਰ ਪਹਿਲਾਂ ਮੰਗਿਆ, ਮੱਤੀ 24 ਵਿੱਚ, ਸਮਝੇ ਜਾਂ ਮੱਤੀ 28:20 । ਸਮਝੇ? ਉਸਨੇ ਕਿਹਾ, “ਮੈਂ ਤੁਹਾਡੇ ਕੋਲ ਆਵਾਂਗਾ ਅਤੇ ਤੁਹਾਡੇ ਵਿੱਚ ਹੋਵਾਂਗਾ । ਮੈਂ” ਇੱਕ ਵਿਅਕਤੀ, ਜੋ ਮਸੀਹ

ਹੈ, ਪਵਿੱਤਰ ਆਤਮਾਂ ਦੇ ਰੂਪ ਵਿੱਚ, "ਉਹ ਆਵੇਗਾ ਅਤੇ ਤੁਹਾਡੇ ਵਿੱਚ ਰਹੇਗਾ। ਫੇਰ ਤੁਸੀਂ ਆਪਣਾ ਆਪ ਨਹੀਂ ਰਹੋਗੇ। ਮੈਂ ਤੁਹਾਡੇ ਵਿੱਚ ਹੋਵਾਂਗਾ। ਅਤੇ ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿਚ ਹੈ"। ਸਮਝੇ? ਇਬਰਾਨੀਆਂ 13:8 ਵਿੱਚ ਲਿਖਿਆ ਹੈ, "ਉਹ ਕਲ੍ਹ ਅੱਜ ਅਤੇ ਯੁਗਾਂਯੁੱਗ ਇਕੋ ਜਿਹਾ ਹੈ"।

191 ਉਹ ਜੋ ਨੂਹ ਵਿੱਚ ਸੀ ਸੋ ਪਾਣੀ ਦੇ ਨਿਆਂ ਤੋਂ ਵੱਡਾ ਸੀ।

ਅਤੇ ਜੋ ਤੁਹਾਡੇ ਵਿੱਚ ਹੈ ਉਹ ਅੱਗ ਦੇ ਨਿਆਂ ਤੋਂ ਵੱਡਾ ਹੈ। ਸਮਝੇ? ਉਹ ਜੋ ਤੁਹਾਡੇ ਵਿੱਚ ਹੈ ਸੋ ਵੱਡਾ ਹੈ ਕਿਓਂਕਿ ਉਸਨੇ ਤੁਹਾਡੇ ਲਈ ਨਿਆਂ ਦਾ ਮੁੱਲ ਦਿੱਤਾ ਅਤੇ ਨਿਆਂ ਨੂੰ ਜਿੱਤ ਲਿਆ। ਸਮਝੇ? ਇਸ ਦੇ ਬਾਰੇ ਕੋਈ ਡਰ ਨਹੀਂ ਹੈ। ਸਮਝੇ, ਤੁਸੀਂ ਉਸਦੇ ਵਿੱਚ ਹੋ। ਹਾਂ।

ਉਹ ਜੋ ਨੂਹ ਵਿੱਚ ਸੀ ਸੋ ਓਸ ਨਾਲੋਂ ਵੱਡਾ ਸੀ ਜੋ ਪਾਣੀ ਦੇ ਨਿਆਂ ਵਿੱਚ ਸੀ, ਜਿਸਨੇ ਪਰਤੀਤ ਨਾ ਕਰਨ ਵਾਲੇ ਸੰਸਾਰ ਨੂੰ ਨਾਸ਼ ਕਰ ਦਿੱਤਾ। ਕਿਓਂਕਿ, ਨੂੰਹ ਨੇ ਵਿਸ਼ਵਾਸ ਕੀਤਾ। ਅਤੇ ਜੋ ਉਸਦੇ ਵਿੱਚ ਸੀ, ਜਿਸਨੇ ਉਸ ਤੇ ਵਿਸ਼ਵਾਸ ਕੀਤਾ ਅਤੇ ਉਸ ਨਾਲ ਬੋਲਿਆ ਸੋ ਓਸ ਨਾਲੋਂ ਵੱਡਾ ਸੀ ਜਿਹੜਾ ਸੰਸਾਰ ਵਿੱਚ ਸੀ। ਨੂਹ ਨਿਆਂ ਤੋ ਬੱਚ ਗਿਆ ਕਿਓਂਕਿ ਪਰਮੇਸ਼ੁਰ ਦਾ ਵਚਨ ਨਿਆਂ ਤੋਂ ਵੱਡਾ ਸੀ ਅਤੇ ਉਸਨੇ ਉਸਨੂੰ ਨਿਆਂ ਤੋਂ ਉੱਪਰ ਉਠਾ ਲਿਆ।

"ਵੱਡਾ!" ਅਸੀਂ ਇਸਦੇ ਬਾਰੇ ਕੁਝ ਹੋਰ ਸਮਾਂ ਗੱਲ ਕਰ ਸਕਦੇ ਹਾਂ! ਸਮਝੇ?

192 ਉਹ ਜੋ ਦਾਊਦ ਵਿੱਚ ਸੀ ਸੋ ਓਸ ਰਿੱਛ ਨਾਲੋਂ ਵੱਡਾ ਸੀ ਜਿਹੜਾ ਉਸਦੀ ਭੇਡ ਚੁਰਾ ਕੇ ਲੈ ਗਿਆ ਸੀ। ਉਹ ਜੋ ਦਾਊਦ ਵਿੱਚ ਸੀ ਸੋ ਓਸ ਸ਼ੇਰ ਨਾਲੋਂ ਵੱਡਾ ਸੀ ਜਿਹੜਾ ਅੰਦਰ ਆਇਆ ਅਤੇ ਉਸਦੇ ਇੱਕ ਲੇਲੇ ਨੂੰ ਲੈ ਗਿਆ। ਉਹ ਜੋ ਦਾਊਦ ਵਿੱਚ ਸੀ ਸੋ ਓਸ ਦੁਸ਼ਮਣ, ਗੋਲਿਅਥ ਨਾਲੋਂ ਵੱਡਾ ਸੀ। ਉਹ ਮਹਾਨ ਫ਼ਲੀਸਤੀ ਉਥੇ ਖੜ੍ਹਾ ਸੀ, ਬਾਰ੍ਹਾਂ ਜਾਂ ਚੋਦਾਂ ਫੁੱਟ ਲੰਮਾ ਅਤੇ ਉਸ ਦੀਆਂ ਉਂਗਲਾਂ ਚੋਦਾਂ ਚੋਦਾਂ ਇੰਚ ਲਮੀਆਂ ਸਨ; ਭਾਲਾ ਉਸ ਦੇ ਹੱਥ ਵਿੱਚ ਕਪੜੇ ਸੀਨ ਵਾਲੇ ਦੀ ਸੁਈ ਜਿਹਾ ਲਗਦਾ ਸੀ ਅਤੇ ਉਸ ਦਾ ਸਾਰਾ ਸਰੀਰ ਦੋ ਜਾਂ ਤਿੰਨ ਇੰਚ ਮੋਟੀ ਸਟੀਲ ਜਾਂ ਪਿੱਤਲ ਦੇ ਨਾਲ ਢਕਿਆ ਹੋਇਆ ਸੀ। ਪਰ ਜੋ ਦਾਊਦ ਵਿੱਚ ਸੀ ਸੋ ਓਸਦੇ ਨਾਲੋਂ ਵੱਡਾ ਸੀ ਜੋ ਓਸ ਵਿੱਚ ਸੀ।

ਉਸ ਦੀਆਂ ਸ਼ਕਤੀਸ਼ਾਲੀ ਮਾਸਪੇਸ਼ੀਆਂ ਸਨ। ਉਹ ਇੱਕ ਸੂਰਬੀਰ ਸੀ। ਉਹ ਇਹ ਕਰ ਸਕਦਾ ਸੀ ਜਿਵੇਂ ਉਸਨੇ ਕਿਹਾ ਸੀ ਕਿ ਉਹ ਦਾਊਦ ਨੂੰ ਆਪਣੇ ਭਾਲੇ ਦੇ ਨੋਕ ਨਾਲ ਚੁੱਕ ਲਵੇਗਾ ਅਤੇ ਉਸ ਨੂੰ ਉੱਤੇ ਟੰਗ ਦਵੇਗਾ ਤਾਂਕਿ ਪੰਛੀ ਉਸ ਨੂੰ ਖਾਣ।

193 ਅਤੇ ਦਾਊਦ ਨੇ ਕਿਹਾ, "ਤੂੰ ਮੇਰੇ ਕੋਲ ਫਲਿਸਤੀਆਂ ਦੇ ਨਾਮ ਉੱਤੇ ਆਉਂਦਾ ਹੈਂ। ਤੂੰ ਮੈਨੂੰ ਫਲਿਸਤੀ ਦੇਵਤਿਆਂ ਦੇ ਨਾਮ ਤੇ ਸ਼ਰਾਪ ਦਿੰਦਾ ਹੈਂ"। ਅਤੇ ਕਿਹਾ, "ਤੂੰ ਜੋ ਕਰਨਾ ਹੈ ਤੂੰ ਉਸ ਬਾਰੇ ਬਹੁਤ ਫੜ੍ਹ ਮਾਰੀ ਹੈ। ਅਤੇ ਤੂੰ ਮੇਰੇ ਕੋਲ ਤਲਵਾਰ ਅਤੇ ਬਰਛਾ ਅਤੇ ਢਾਲ ਲੈ ਕੇ ਆਉਂਦਾ ਹੈਂ। ਪਰ ਮੈਂ ਸੈਨਾਂ ਦੇ ਯਹੋਵਾਹ ਦੇ ਨਾਮ ਉੱਤੇ ਆਉਂਦਾ ਹਾਂ ਅਤੇ ਅੱਜ ਮੈਂ ਤੇਰਾ ਸਿਰ ਤੇਰੇ ਮੋਢਿਆਂ ਤੋਂ ਲਾਹ ਦੇਵਾਂਗਾ"। ਅਤੇ ਉਸਨੇ ਇਹ ਕਰ ਦਿੱਤਾ ਕਿਓਂਕਿ ਜੋ ਦਾਊਦ ਨੂੰ ਉਹ ਹੋਂਸਲਾ ਦੇ ਰਿਹਾ ਸੀ ਉਹ ਵੱਡਾ ਸੀ।

194 ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਵ੍ਹੀਲਚੇਅਰ ਨਾਲੋਂ ਵੱਡਾ ਹੈ। ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਵਿਛਾਉਣੇ (ਸਟਰੈਚਰ) ਨਾਲੋਂ ਵੱਡਾ ਹੈ। ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਕੈਂਸਰ ਨਾਲੋਂ ਵੱਡਾ ਹੈ। ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਬਿਮਾਰੀ ਤੋਂ ਵੱਡਾ ਹੈ। ਉਹ ਓਸ ਸਭ ਕੁਝ

ਨਾਲੋਂ ਵੱਡਾ ਹੈ ਜੋ ਸ਼ਤਾਨ ਤੁਹਾਡੇ ਉੱਤੇ ਪਾ ਸਕਦਾ ਹੈ । “ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ” । ਉਹ ਵੱਡਾ ਹੈ! ਹਾਂ!

ਉਹ ਜੋ ਦਾਉਦ ਵਿੱਚ ਸੀ ਸੋ ਵੱਡਾ ਸੀ; ਪਰਮੇਸ਼ੁਰ ਦਾਉਦ ਵਿੱਚ ਸੀ ।

195 ਉਹ ਸਾਡੇ ਵਿੱਚ ਹੈ, ਉਹ ਮਸੀਹ ਹੈ । ਉਹ ਸਾਡੇ ਲਈ ਹਰੇਕ ਵੈਰੀ ਉੱਤੇ ਜੇਤੂ ਹੋਇਆ । ਜਦੋਂ ਉਹ ਇਸ ਧਰਤੀ ਉੱਤੇ ਸੀ ਤਾਂ ਉਸਨੇ ਨਰਕ ਨੂੰ ਜਿੱਤ ਲਿਆ, ਉਸਨੇ ਬਿਮਾਰੀ ਨੂੰ ਜਿੱਤਾ ਲਿਆ, ਉਸਨੇ ਮੌਤ ਨੂੰ ਜਿੱਤ ਲਿਆ, ਉਸਨੇ ਕਬਰ ਨੂੰ ਜਿੱਤ ਲਿਆ ਅਤੇ ਹੁਣ ਉਹ ਸਾਡੇ ਵਿੱਚ ਇੱਕ ਵਿਜੇਤਾ ਦੀ ਤਰ੍ਹਾਂ ਰਹਿੰਦਾ ਹੈ! ਉਸਨੇ ਬਿਮਾਰੀ, ਨਰਕ, ਮੌਤ, ਅਤੇ ਕਬਰ ਨੂੰ ਜਿੱਤ ਲਿਆ ਅਤੇ ਸਾਡੇ ਕੋਲ ਆਇਆ ਤਾਂਕਿ ਸਾਨੂੰ ਇਨ੍ਹਾਂ ਸਭ ਚੀਜਾਂ ਤੋਂ ਅਜਾਦ ਕਰੇ । ਅਤੇ ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਤੁਹਾਨੂੰ ਧੋਖੇ ਵਿੱਚ ਪਾ ਸਕਦਾ ਹੈ । ਹਾਂ! “ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ” ।

196 ਇਸੇ ਤ੍ਰਰਾਂ ਹੀ ਇਹ ਅਚਰਜ ਕੰਮ ਹੁੰਦੇ ਹਨ । ਇਸੇ ਤਰ੍ਹਾਂ ਓਸ ਦਿਨ ਉਹ ਹਨੇਰੀ ਰੁੱਕ ਗਈ । ਕੀ ਕੋਈ ਮਨੁੱਖ ਇਹ ਕਰ ਸਕਦਾ ਹੈ? ਨਹੀਂ, ਸ਼੍ਰੀਮਾਨ, ਇਹ ਸੰਭਵ ਨਹੀਂ ਹੈ । ਜਦੋਂ ਮੈਂ ਉਥੇ ਖੜ੍ਹਾ ਹੋ ਕੇ ਰੋ ਰਿਹਾ ਸੀ ਅਤੇ ਉਹ ਹਨੇਰੀ ਵੱਗ ਰਹੀ ਸੀ ਅਤੇ...

ਜੋ ਉਥੇ ਸਨ ਉਨ੍ਹਾਂ ਵਿੱਚ ਕਿੰਨੇ ਇਥੇ ਹਨ? ਚਲੋ ਤੁਹਾਨੂੰ ਵੇਖਦੇ ਹਾਂ, ਆਪਣੇ ਹੱਥ ਉਪਰ ਚੁੱਕੋ । ਆਪਣੇ ਹੱਥ ਉੱਪਰ ਚੁਕੋ ਜਿੰਨੇ ਵੀ ਉਥੇ ਸਨ, ਜੋ ਉਥੇ ਉਪਰ ਕੋਲੋਰਾਡੋ ਵਿੱਚ ਸਨ । ਸਭ ਠੀਕ ਹੈ । ਭਾਈ ਫ੍ਰੈਡ, ਮੇਰਾ ਅੰਦਾਜਾ ਹੈ ਕਿ ਉਹੀ ਇੱਕ ਹੈ ਜੋ ਓਸ ਵੇਲੇ ਉਥੇ ਮੌਜੂਦ ਸੀ। ਮੈਂ ਸੋਚ ਰਿਹਾ ਸੀ ਕਿ ਹੋ ਸਕਦਾ ਹੈ ਭਾਈ ਮੈਨ ਇਥੇ ਹੋਵੇ ਪਰ ਉਹ...ਭਾਈ, ਭਾਈ ਇਵਾਂਸ, ਕੀ ਉਹ ਨਹੀਂ ਸੀ? ਭਾਈ ਇਵਾਂਸ ਉਸ ਸਮੇਂ ਉਥੇ ਸੀ । ਹਾਂ । ਸਭ ਠੀਕ ਹੈ । ਅਤੇ ਹਾਂ ।

197 ਧਿਆਨ ਦਿਓ । ਕੀ ਇਹ ਸੱਚ ਨਹੀਂ ਹੈ? ਕੀ ਇਹ ਇਸ ਤਰ੍ਹਾਂ ਨਹੀਂ ਹੋਇਆ? ਵਰਖਾ ਰੁੱਕ ਗਈ ਅਤੇ ਹਨੇਰੀ ਵਗਣੋਂ ਰੁੱਕ ਗਈ । ਇਹ ਕੀ ਸੀ? ਕੀ ਮੇਰੇ ਸ਼ਬਦ ਨਾਲ? ਨਹੀਂ! ਕਿਓਂਕਿ ਉਸਨੇ ਮੈਨੂੰ ਇਹ ਕਰਨ ਲਈ ਕਿਹਾ । ਅਤੇ ਉਹ ਜੋ ਸਾਡੇ ਵਿੱਚ ਹੈ ਸੋ ਸਾਰੀ ਕੁਦਰਤ ਨਾਲੋਂ ਵੱਡਾ ਹੈ । ਕੀ ਉਹ ਉਹੀ ਪਰਮੇਸ਼ੁਰ ਨਹੀਂ ਹੈ ਜਿਹੜਾ ਸਮੁੰਦਰ ਦੀਆਂ ਲਹਿਰਾਂ ਨੂੰ ਥੰਮ੍ਹ ਸਕਦਾ ਸੀ ਅਤੇ ਹਨੇਰੀ ਨੂੰ ਆਪਣੀ ਜਗਾ ਤੇ ਵਾਪਸ ਭੇਜ ਸਕਦਾ ਸੀ? ਕੀ ਉਹ ਉਹੀ ਨਹੀਂ ਜਿਹੜਾ ਸੂਰਜ ਨੂੰ ਹਨੇਰਾ ਕਰ ਸਕਦਾ ਸੀ ਜਾਂ ਸੂਰਜ ਨੂੰ ਚਮਕਾ ਸਕਦਾ ਸੀ? ਖੈਰ, “ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ” । ਸਮਝੇ? ਸਭ ਠੀਕ ਹੈ ।

198 ਹੁਣ ਤਾਂ ਹੀ ਇਹ ਅਸਲ ਚਮਤਕਾਰ ਕੀਤੇ ਜਾ ਸਕਦੇ ਹਨ ਕਿਓਂਕਿ ਇਹ ਪਰਮੇਸ਼ੁਰ ਦਾ ਵਾਅਦਾ ਹੈ, “ਜੋ ਕੰਮ ਮੈਂ ਕਰਦਾ ਹੈ ਸੋ ਤੁਸੀਂ ਵੀ ਕਰੋਗੇ” । ਸੰਤ ਯੂਹੰਨਾ 14:12 । ਉਹ, ਮਸੀਹ, ਜਿਸ ਨੇ ਹਨੇਰੀ ਅਤੇ ਲਹਿਰਾਂ ਨੂੰ ਥਮ੍ਹ ਦਿੱਤਾ, ਉਹ ਉਹਨਾਂ ਦਾ ਸ੍ਰਿਸਟੀਕਰਤਾ ਸੀ । ਉਹ ਅੱਜ ਵੀ ਉਨਾ ਹੀ ਸ੍ਰਿਸ਼ਟੀਕਰਤਾ ਹੈ ਜਿੰਨਾ ਉਹ ਓਸ ਸਮੇਂ ਸੀ । ਉਹ ਕਲ੍ਹ ਅੱਜ ਅਤੇ ਯੁਗਾਂਯੁੱਗ ਇੱਕੋ ਜਿਹਾ ਹੈ ।

ਉਸਨੇ ਬਿਮਾਰਾਂ ਨੂੰ ਚੰਗਾ ਕੀਤਾ ਅਤੇ ਪਾਪ ਦਾ ਨਾਸ਼ ਕੀਤਾ ਅਤੇ ਤੁਹਾਡੇ ਲਈ ਸਭ ਕੁਝ ਆਪਣੇ ਉੱਤੇ ਲੈ ਲਿਆ ਅਤੇ ਤੁਹਾਡੇ ਕੋਲ ਆ ਗਿਆ ਤਾਂਕਿ ਤੁਹਾਡੇ ਵਿੱਚ ਰਹਿ ਸਕੇ

। ਉਸਨੇ ਇਹ ਸਭ ਕੁਝ ਜਿੱਤ ਲਿਆ ਤਾਂਕਿ ਉਹ ਆਵੇ ਅਤੇ ਸਾਡੇ ਵਿੱਚ ਰਹੇ । ਉਹ ਹੀ ਉਹ ਵਿਜੇਤਾ ਹੈ ਜਿਸਨੇ ਪਹਿਲਾਂ ਹੀ ਸਾਰੀਆਂ ਚੀਜਾਂ ਨੂੰ ਜਿੱਤ ਲਿਆ ਹੈ; ਉਸਨੇ ਵਚਨ ਵਿੱਚ ਇਹ ਸਾਬਤ ਕੀਤਾ, ਵਾਪਸ ਆਇਆ ਅਤੇ ਸਭ ਕੁਝ ਜਿੱਤ ਲਿਆ ਅਤੇ ਤੁਹਾਨੂੰ ਸਾਬਤ ਕਰ ਕੇ ਦੱਸਿਆ ਕਿ ਉਹ ਉਹੀ ਪਰਮੇਸ਼ੁਰ ਹੈ । ਅਤੇ ਉਨੀਂ ਸੋ ਸਾਲ ਬਾਅਦ, ਉਹ ਅਜੇ ਵੀ ਉਹੀ ਕੰਮ ਕਰ ਰਿਹਾ ਹੈ ਜਿਹੜੇ ਉਹ ਉਸ ਸਮੇਂ ਕਰ ਰਿਹਾ ਸੀ, ਕਿ ਉਸਨੇ ਮੌਤ, ਨਰਕ, ਬਿਮਾਰੀ ਅਤੇ ਕਬਰ ਨੂੰ ਜਿੱਤ ਲਿਆ!

199 ਇਹ ਮਸੀਹ, ਇਹ “ਉਹ” ਉਹ ਹੈ ਜੋ ਤੁਹਾਡੇ ਵਿੱਚ ਹੈ । ਉਹ ਮਸੀਹ ਹੈ । ਜਿਵੇਂ ਯੂਹੰਨਾ ਨੇ ਕਿਹਾ, “ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ” । ਉਹ ਮਸੀਹ ਸੀ! ਉਹ ਸਾਰੇ ਸੰਸਾਰ ਤੋਂ ਵੱਡਾ ਹੈ ਕਿਉਂਕਿ ਉਸਨੇ ਸਾਰੇ ਸੰਸਾਰ ਨੂੰ ਜਿੱਤ ਲਿਆ ਅਤੇ ਉਹਨਾਂ ਸਾਰੀਆਂ ਚੀਜਾਂ ਨਾਲੋਂ ਵੱਡਾ ਹੈ ਕਿਉਂਕਿ ਉਸਨੇ ਇਹ ਸਾਡੇ ਲਈ ਜਿੱਤਿਆ । “ਜਿਸਨੇ ਸਾਨੂੰ ਪ੍ਰੇਮ ਕੀਤਾ ਅਤੇ ਆਪਣਾ ਆਪ ਸਾਡੇ ਲਈ ਦੇ ਦਿੱਤਾ ਅਸੀਂ ਉਸ ਵਿੱਚ ਹੋ ਕੇ ਜੈਵੰਤ ਤੋਂ ਵੀ ਵੱਧ ਕੇ ਹਾਂ” ਤਾਂਕਿ ਉਹ ਵਾਪਸ ਆ ਸਕੇ ਅਤੇ ਸਾਡੇ ਵਿਚੋਂ ਹੋ ਕੇ ਆਪਣੇ ਕੰਮ ਕਰ ਸਕੇ, ਤਾਂਕਿ ਸਾਨੂੰ ਇਹ ਸਾਬਤ ਕਰ ਕੇ ਵਿਖਾ ਸਕੇ ਕਿ ਉਹ ਕਲ੍ਹ, ਅੱਜ ਅਤੇ ਯੁਗਾਂਯੁੱਗ ਇੱਕੋ ਜਿਹਾ ਹੈ ।

ਜਦੋਂ ਉਹ ਧਰਤੀ ਉੱਤੇ ਸੀ ਤਾਂ ਜਦੋਂ ਉਹ ਲੋਕਾਂ ਵਿੱਚ ਖੜਾ ਹੋਇਆ ਤਾਂ ਉਸਨੇ ਸਾਬਤ ਕੀਤਾ, ਕਿ ਉਹ ਮਸੀਹਾ ਸੀ । ਉਹ ਉਹਨਾਂ ਵਿਚਾਰਾਂ ਨੂੰ ਬੁੱਝ ਸਕਦਾ ਸੀ ਜੋ ਉਹਨਾਂ ਦੇ ਦਿਲਾਂ ਵਿੱਚ ਸਨ । ਅਤੇ ਬਾਈਬਲ ਆਖਦੀ ਹੈ, ਮੂਸਾ ਨੇ ਕਿਹਾ ਕਿ, “ਉਹ ਇੱਕ ਨਬੀ ਹੋਵੇਗਾ” । ਕੀ ਇਹ ਠੀਕ ਹੈ? ਉਹ ਦਿਲ ਦੇ ਭੇਤਾਂ ਨੂੰ ਜਾਣਦਾ ਸੀ । ਉਹ ਜਾਣਦਾ ਸੀ ਕਿ ਲੋਕ ਕੋਣ ਸਨ । ਉਹ ਜਾਣਦਾ ਸੀ ਕਿ ਉਹਨਾਂ ਨਾਲ ਕੀ ਗਲਤ ਹੈ । ਕੀ ਅਸੀਂ ਇਹ ਹੁੰਦਿਆ ਵੇਖਿਆ? [ਸਭਾ ਆਖਦੀ ਹੈ “ਆਮੀਨ” ।—ਸੰਪਾਦਕ] ਬਾਰ ਬਾਰ!

200 ਅਸੀਂ ਜਾਣਦੇ ਹਾਂ ਕਿ ਮੁਰਦੇ ਜਿਉਂਦੇ ਕੀਤੇ ਗਏ ਹਨ । ਉਹਨਾਂ ਵਿਚੋਂ ਕੁਝ ਡੇਢ ਦਿੰਨ ਤੋਂ ਮਰੇ ਹੋਏ ਸਨ । ਖੈਰ, ਇੱਕ ਸਵੇਰ ਉਹ ਮਰ ਗਿਆ ਅਤੇ ਉਹ ਸਾਰੀ ਰਾਤ ਸਫਰ ਕਰਕੇ ਉਸ ਨੂੰ ਵਾਪਸ ਲੈ ਕੇ ਆਏ ਅਤੇ ਅਗਲੇ ਦਿਨ ਲਗਭਗ ਦੁਪਹਿਰ ਦੇ ਸਮੇਂ ਉਹ ਉਸ ਨੂੰ ਉਥੇ ਲੈ ਕੇ ਆਏ ਜਿਥੇ ਤੰਬੂ ਸੀ । ਇੱਕ ਛੋਟਾ ਮਰਿਆ ਹੋਇਆ ਬਾਲਕ, ਠੰਡਾ ਅਤੇ ਆਪਣੀ ਮਾਂ ਦੀਆਂ ਬਾਹਾਂ ਵਿੱਚ ਪਿਆ ਸੀ । ਅਤੇ ਪ੍ਰਭੂ ਪਰਮੇਸ਼ੁਰ ਲੈ ਕੇ ਆਇਆ, ਜੀਵਨ ਦੇ ਵਚਨ ਨੂੰ ਬੋਲਿਆ ਅਤੇ ਬਾਲਕ ਗਰਮ ਹੋ ਗਿਆ ਅਤੇ ਉਸਨੇ ਰੋਣਾ ਸ਼ੁਰੂ ਕਰ ਦਿੱਤਾ; ਉਸਨੂੰ ਉਸ ਦੀ ਮਾਂ ਦੀਆਂ ਬਾਹਾਂ ਵਿੱਚ ਵਾਪਸ ਦੇ ਦਿੱਤਾ ।

201 ਸ਼੍ਰੀਮਤੀ ਸਟੈਡਕਲੇਵ, ਉਹ ਹੁੰਦਿਆਂ ਵੇਖਣ ਲਈ ਉਥੇ ਖੜੀ ਸੀ, ਇਸੇ ਕਾਰਨ ਉਹ ਆਪਣੇ ਬਚੇ ਲਈ ਚਿਲਾਈ, ਉਹ ਚਾਹੁੰਦੀ ਸੀ ਕਿ ਮੈਂ ਜਹਾਜ ਵਿੱਚ ਜਰਮਨੀ ਜਾਵਾਂ । ਪਰ ਪ੍ਰਭੂ ਨੇ ਕਿਹਾ, “ਇਹ ਮੇਰਾ ਹੱਥ ਹੈ; ਤੂੰ ਇਸ ਨੂੰ ਨਾ ਝਿੜਕੀ” । ਸਮਝੇ, ਤੁਸੀਂ ਬਿਹਤਰ ਜਾਣਦੇ ਹੋ ।

ਜਦੋਂ ਉਸਨੇ ਨੇ ਮੂਸਾ ਨੂੰ ਕਿਹਾ, “ਚਟਾਨ ਨੂੰ ਬੋਲ”, ਉਸ ਨੂੰ ਮਾਰੀ ਨਾ । ਇਸ ਦਾ ਅਰਥ ਸੀ “ਬੋਲ”, ਮਾਰੀਂ ਨਾ, ਸਮਝੇ? ਉਹ ਜੋ ਕਰਨ ਲਈ ਕਹਿੰਦਾ ਹੈ ਤੁਹਾਨੂੰ ਉਹੀ ਕਰਨਾ ਹੈ । “ਪਰ ਕੋਈ ਮਨੁੱਖ ਆਪਣੇ ਆਪ ਤੋਂ ਕੁਝ ਨਹੀਂ ਕਰ ਸਕਦਾ”, ਪਹਿਲਾਂ ਉਸ ਨੂੰ ਇਹ ਪਰਮੇਸ਼ੁਰ ਤੋਂ ਸੁਣਨਾ ਹੈ ।

202 ਹੁਣ ਪਰਮੇਸ਼ੁਰ ਦੇ ਵਚਨ ਨੇ ਵਾਅਦਾ ਕੀਤਾ ਹੈ ਕਿ ਉਹ ਜਿਉਂਦਾ ਹੈ । ਕਿਓਂਕਿ ਉਹ ਜਿਉਂਦਾ ਹੈ ਇਸ ਲਈ ਤੁਸੀਂ ਵੀ ਜੀਓਗੇ । ਉਸਨੇ ਇਹ ਵਾਅਦਾ ਸੀ ਕਿ, "ਜੋ ਕੰਮ ਮੈਂ ਕਰਦਾ ਹਾਂ ਸੋ ਤੁਸੀਂ ਵੀ ਕਰੋਗੇ । ਉਹੀ ਕੰਮ, ਤੁਸੀਂ ਉਸ ਤੋਂ ਵੀ ਜਿਆਦਾ ਕੰਮ ਕਰੋਗੇ ਕਿਓਂਕਿ ਮੈਂ ਪਿਤਾ ਦੇ ਕੋਲ ਜਾਂਦਾ ਹਾਂ" । ਉਸਨੇ ਸਭ ਚੀਜਾਂ ਨੂੰ ਜਿੱਤ ਲਿਆ । ਉਹੀ ਸੀ ਜਿਸਨੇ ਰੋਕਿਆ...

ਉਸੇ ਨੇ ਹੀ ਉਹਨਾਂ ਗਾਲ੍ਹੜਾਂ ਨੂੰ ਬਣਾਇਆ ਸੀ । ਇਹ ਦੋ ਵਾਰ ਹੋਇਆ । ਇੱਕ ਵਾਰ ਤੁਹਾਡੀ ਜਗ੍ਹਾ ਤੇ ਹੋਇਆ, ਚਾਰਲੀ । ਅਤੇ ਇਹ ਹੋਇਆ—ਇਹ ਉਪਰ ਉਸ ਜਗ੍ਹਾ ਤੇ ਹੋਇਆ ਜਦੋਂ ਭਾਈ ਫ੍ਰੇਡ, ਭਾਈ ਬੈਂਕਸ ਅਤੇ ਉਹ ਸਾਡੇ ਨਾਲ ਉਪਰ ਉਸ ਜਗ੍ਹਾ ਤੇ ਸਨ ।

203 ਇਹ ਜਰਮਨੀ ਵਿੱਚ ਹੋਇਆ ਜਦੋਂ ਮੇਰੇ ਦੋਵੇਂ ਪਾਸੇ ਪੰਦਰਾਂ ਤਾਂਤਰਿਕ ਖੜ੍ਹੇ ਸਨ, ਕਿਹਾ... ਕਿਓਂਕਿ ਬਿੱਲੀ ਅਤੇ ਭਾਈ ਆਰਗਨਬ੍ਰਾਇਟ ਉਹਨਾਂ ਨੂੰ ਮੈਨੂੰ ਮਿਲਣ ਨਹੀਂ ਦੇ ਰਹੇ ਸਨ, ਉਹਨਾਂ ਕਿਹਾ, "ਖੈਰ, ਅਸੀਂ ਇਸ ਤੰਬੂ ਨੂੰ ਉਡਾ ਦੇਵਾਂਗੇ" । ਅਤੇ ਉਹ ਉਥੇ ਹੇਠਾਂ ਬੈਠ ਗਏ, ਆਪਣੇ ਮੰਤਰ ਪੜ੍ਹਣ ਲਗੇ ਅਤੇ ਆਪਣੇ ਪਰਮੇਸ਼ੁਰ ਨੂੰ ਬੁਲਾਉਣ ਲਗੇ, ਸ਼ਤਾਨ, ਅਤੇ ਉਹ ਤੂਫ਼ਾਨ ਨੂੰ ਲੈ ਕੇ ਆ ਗਿਆ । ਉਥੇ ਲਗਭਗ ਤੀਹ ਚਾਲੀ ਹਜਾਰ ਜਰਮਨ ਲੋਕ ਸਨ ਅਤੇ ਉਹ ਤੰਬੂ *ਇਸ* ਤਰ੍ਹਾਂ ਹੇਠਾਂ ਉਪਰ ਹੋਣ ਲਗਾ ।

ਫੇਰ ਉਨ੍ਹਾਂ ਨੇ ਇੱਕ ਕੈਂਚੀ ਲਈ ਅਤੇ ਇੱਕ ਖੰਭ ਨੂੰ ਕੱਟਿਆ ਅਤੇ ਇਸ ਨੂੰ *ਉਸ* ਤਰ੍ਹਾਂ ਪਿਛਾਂਹ ਵਲ੍ਹ ਮੋੜਿਆ । ਅਤੇ ਉਹ ਆਪਣੇ ਸਾਰੇ ਮੰਤਰ ਉਚਾਰ ਰਹੇ ਸਨ, ਆਪਣੇ ਤਿੰਨ ਪਵਿੱਤਰ ਸ਼ਬਦ ਜੋ ਉਹ ਕਹਿੰਦੇ ਹਨ, "ਪਿਤਾ, ਪੁੱਤ੍ਰ, ਪਵਿੱਤ੍ਰ ਆਤਮਾ; ਲੂ-ਲੂ-ਲੂ-ਲੂ-ਲੂ-ਲੂ! ਪਿਤਾ, ਪੁੱਤ੍ਰ, ਪਵਿੱਤ੍ਰ ਆਤਮਾ; ਲੂ-ਲੂ-ਲੂ!"

204 ਇਸ ਤਰ੍ਹਾਂ ਕਰ ਰਹੇ ਸਨ ਅਤੇ ਤੁਫਾਨ ਅਸਲ ਵਿੱਚ ਆ ਗਿਆ । ਯਕੀਨਨ । ਸ਼ਤਾਨ "ਉਹ ਹਵਾਈ ਸ਼ਕਤੀਆਂ ਦਾ ਹਾਕਮ ਹੈ" । ਅਤੇ ਉਹਨਾਂ ਨੇ ਤੁਫਾਨ ਬੁਲਾ ਲਿਆ । ਅਤੇ ਹੁਣ, ਉਹ ਵੱਡਾ ਤੰਬੂ ਇਸ ਤਰ੍ਹਾਂ ਸੀ, ਔਹ ਮੇਰੇ, ਇਹ ਸ਼ਹਿਰ ਦੇ ਲਗਭਗ ਇੱਕ ਹਿੱਸੇ ਨੂੰ ਢੱਕ ਸਕਦਾ ਸੀ ਅਤੇ ਇਹ ਬਣਿਆ ਹੋਇਆ ਸੀ, ਅਤੇ ਬੱਸ ਤਰਪਾਲ ਇਸ ਦੇ ਉਪਰ ਬੰਨੀ ਹੋਈ ਸੀ । ਹਵਾ ਉਸ ਦੇ ਹੇਠ ਗਈ ਅਤੇ ਇਸ ਨੂੰ ਉਸ *ਤਰ੍ਹਾਂ,* ਉਪਰ ਚੁੱਕ ਦਿਤਾ । ਅਤੇ ਉਹ ਹਨੇਰੀ ਅਤੇ ਬਿਜਲੀਆਂ ਇਸ ਤਰ੍ਹਾਂ ਉੱਡ ਰਹੀਆਂ ਸਨ, ਮੈਂ ਲਗਾਤਾਰ ਪਰਚਾਰ ਕਰਦਾ ਰਿਹਾ ।

205 ਅਤੇ, ਔਹ, ਉਹ ਬੱਸ ਇੱਕ ਵੱਡਾ ਮੰਤਰ ਪੜ੍ਹਨ ਜਾ ਰਹੇ ਸਨ, ਉਹ ਉਸ ਤਰ੍ਹਾਂ ਕਰਦੇ ਜਾ ਰਹੇ ਸਨ, ਉਹ ਛੋਟੇ ਪਵਿਤਰ ਸ਼ਬਦ ਕਹਿੰਦੇ ਹੋਏ ਉਹ ਕਹਿ ਰਹੇ ਸਨ, "ਤਿੰਨ ਉਚੇ ਪਵਿੱਤਰ ਸ਼ਬਦ: ਪਿਤਾ, ਪੁੱਤ੍ਰ ਅਤੇ ਪਵਿੱਤਰ ਆਤਮਾ," ਇਸ ਤ੍ਰਰਾਂ ਦੋਵੇਂ ਪਾਸੇ । ਫੇਰ ਮੈਂ ਉਸਨੂੰ ਝੁਕਦੇ ਹੋਏ ਵੇਖਿਆ ਅਤੇ ਉਹ ਭੂਤਾਂ ਨਾਲ ਘਿਰਿਆ ਹੋਇਆ ਸੀ ਪਰ ਬੱਧਾ ਹੋਇਆ ਨਹੀਂ ਸੀ ।

206 ਅਤੇ ਮੈਂ ਭਾਈ ਲੋਸ੍ਟਰ ਨੂੰ ਕਿਹਾ, "ਇਸ ਦਾ ਤਰਜਮਾਂ ਨਾ ਕਰਨਾ" ।

207 ਮੈਂ ਕਿਹਾ, "ਭਾਈ ਆਰਗਨਬ੍ਰਾਇਟ, ਬੱਸ ਪ੍ਰਾਰਥਨਾ ਕਰੋ" ।

208 ਮੈਂ ਕਿਹਾ, "ਪ੍ਰਭੂ ਪਰਮੇਸ਼ੁਰ, ਧਰਤੀ ਅਤੇ ਅਕਾਸ਼ ਦੇ ਸਿਰਜਣਹਾਰ, ਤੂੰ ਮੈਨੂੰ ਇਥੇ ਭੇਜਿਆ ਹੈ । ਮੈਂ ਯਿਸੂ ਮਸੀਹ ਦੇ ਨਾਮ ਵਿੱਚ ਆਪਣਾ ਪੈਰ ਇਸ ਜਰਮਨ ਧਰਤੀ ਤੇ ਰਖਿਆ ਹੈ ਕਿਓਂਕਿ ਤੂੰ ਮੈਨੂੰ ਇਥੇ ਭੇਜਿਆ ਹੈ । ਉਸ ਬਦਲ ਕੋਲ ਮੇਰੇ ਉਪਰ ਕੋਈ ਅਧਿਕਾਰ ਨਹੀਂ

ਹੈ । ਇਸ ਕੋਲ ਨਹੀਂ ਹੈ ਕਿਓਂਕਿ ਮੈਂ ਇਹਨਾਂ ਲੋਕਾਂ ਦੀ ਮੁਕਤੀ ਲਈ ਮਸ਼ਹ ਕਰਕੇ ਇਥੇ ਭੇਜਿਆ ਗਿਆ ਹਾਂ" ।

"ਯਿਸੂ ਦੇ ਨਾਮ ਵਿੱਚ ਮੈਂ ਤੁਹਾਨੂੰ ਇਥੋਂ ਜਾਣ ਲਈ ਹੁਕਮ ਦਿੰਦਾ ਹਾਂ" ।

209 ਅਤੇ ਗਰਜਾਂ ਹੋ ਰਹੀਆਂ ਸਨ, "ਬੈਂਗ! ਬੈਂਗ! ਬੈਂਗ!" "ਗਰਰਰਰ" ਦੀ ਆਵਾਜ਼ ਨਾਲ ਇਹ ਤੰਬੂ ਦੇ ਉਪਰੋਂ ਚਲਾ ਗਿਆ, ਪਿਛੇ ਉੱਡ ਗਿਆ ਅਤੇ ਸੂਰਜ ਚਮਕਣ ਲਗਾ ।

210 ਪਰਮੇਸ਼ੁਰ ਦੀ ਸਮਰਥ ਨੂੰ ਵੇਖ ਕੇ, ਦੱਸ ਮਿੰਟਾ ਦੇ ਵਿੱਚ ਉਥੇ ਵੇਦੀ ਦੇ ਦੁਆਲੇ ਲਗਭਗ ਦੱਸ ਹਜਾਰ ਲੋਕ ਦਯਾ ਲਈ ਚਿਲਾ ਰਹੇ ਸਨ । ਕਿਓਂ? "ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ" । ਸਮਝੇ?

211 "ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ" । ਤੁਸੀਂ ਆਪਣੀ ਬਿਮਾਰੀ ਨੂੰ ਵੇਖ ਰਹੇ ਹੋ, ਔਹ, ਭਾਈ, ਭੈਣ, ਸਾਨੂੰ ਜਰਾ ਵੀ ਚਿੰਤਾ ਕਰਨ ਦੀ ਲੋੜ੍ਹ ਨਹੀਂ ਹੈ । ਪਰਮੇਸ਼ੁਰ ਵੱਡਾ ਹੈ ਅਤੇ ਉਹ ਤੁਹਾਡੇ ਵਿੱਚ ਹੈ । ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? [ਸਭਾ ਆਖਦੀ ਹੈ, "ਆਮੀਨ" ।—ਸੰਪਾਦਕ]

212 ਹੁਣ ਮੈਂ ਬਹੁਤ ਜਿਆਦਾ ਸਮਾਂ ਲੈ ਲਿਆ ਹੈ । ਕਰੀਬ ਸਵਾ ਨੌ ਹੋ ਗਏ ਹਨ । ਅਤੇ ਮੈਂ ਜਾਣਦਾ ਹਾਂ ਕਿ ਇਨ੍ਹਾਂ ਲੋਕਾਂ ਨੂੰ ਲਮਾਂ ਸਫਰ ਕਰਨਾ ਹੈ ।

ਆਓ ਕੁਝ ਪਲਾਂ ਲਈ ਆਪਣੇ ਸਿਰਾਂ ਨੂੰ ਝੁਕਾਈਏ ।

213 ਹੇ ਪਿਤਾ ਪਰਮੇਸ਼ੁਰ, ਤੂੰ ਕੋਲੋਰਾਡੋ ਬਾਰੇ ਜਾਣਦਾ ਹੈਂ । ਤੂੰ ਜਾਣਦਾ ਹੈਂ ਕਿ ਉਹ ਗਲ੍ਹਾਂ ਸੱਚ ਹਨ । ਅਤੇ ਮੈਂ ਇਹ ਤੇਰੀ ਮਹਿਮਾ ਲਈ ਦੱਸ ਰਿਹਾ ਹਾਂ ਤਾਂਕਿ ਲੋਕ ਜਾਣ ਸਕਣ । ਤਸਵੀਰਾਂ ਅਤੇ ਪਵਿੱਤਰ ਆਤਮਾ ਦੇ ਕੰਮਾਂ ਦੀ ਵਿਗਿਆਨਕ ਪੁਸ਼ਟੀ ਤੋਂ ਬਾਅਦ । ਅਤੇ ਪ੍ਰਭੂ ਤੂੰ ਜਾਣਦਾ ਹੈਂ ਕਿ ਉਸਨੇ...ਕਿ ਮੈਂ ਲੋਕਾਂ ਨੂੰ ਸਾਫ਼ ਸਾਫ਼ ਦੱਸ ਦਿਤਾ ਹੈ ਅਤੇ ਮੈਂ ਹਮੇਸ਼ਾ ਕਰਦਾ ਹਾਂ, ਇਹ ਇਸ ਲਈ ਕਿਓਂਕਿ ਤੂੰ ਇਸਦਾ ਵਾਅਦਾ ਕੀਤਾ ਸੀ । ਅਤੇ ਤੂੰ ਇਥੇ ਹੈਂ, ਕਿਸੇ ਨੂੰ ਲਭ ਰਿਹਾ ਹੈਂ ਜਿਸ ਵਿਚੋਂ ਤੂੰ ਆਪਣੇ ਆਪ ਨੂੰ ਸਾਬਤ ਕਰ ਸਕੇ ਤਾਂ ਕਿ ਲੋਕ ਜਾਣ ਸਕਣ ਕਿ ਤੂੰ ਜਿਉਂਦਾ ਹੈਂ ਅਤੇ ਤੂੰ ਅੱਜ ਕਲ੍ਹ ਅਤੇ ਯੁਗਾਂਯੁੱਗ ਇੱਕੋ ਜਿਹਾ ਹੈਂ । ਪ੍ਰਭੂ, ਮੈਂ ਤੈਨੂੰ ਬੇਨਤੀ ਕਰਦਾ ਹਾਂ ਕਿ ਤੂੰ ਦਯਾਲੂ ਹੋ ਅਤੇ ਸਾਡੀ ਅਗੁਵਾਈ ਕਰ ਅਤੇ ਸਾਡੇ ਵਿਚਾਰਾਂ ਵਿੱਚ ਸਾਨੂੰ ਨਿਰਦੇਸ਼ ਕਰ ।

214 ਇਥੇ ਉਹ ਲੋਕ ਬੈਠੇ ਹੋਏ ਹਨ ਜੋ ਦੁਖੀ ਅਤੇ ਬੀਮਾਰ ਹਨ । ਇਹ ਉਹ ਹਨ ਜੋ ਸਾਇਦ ਮਰ ਜਾਣ ਜੇਕਰ ਉਹਨਾਂ ਨੂੰ ਤੁਹਾਡੇ ਕੋਲੋਂ ਸਹਾਇਤਾ ਨਹੀਂ ਮਿਲਦੀ । ਉਹਨਾਂ ਵਿਚੋਂ ਬਹੁਤ ਸਾਰੇ ਸਾਇਦ ਮਰਨ ਕਿਨਾਰੇ ਹਨ, ਜਿਥੇ ਡਾਕਟਰ ਹੋਰ ਜਿਆਦਾ ਮਦਦ ਨਹੀਂ ਕਰ ਸਕਦੇ । ਤੂੰ ਪਰਮੇਸ਼ੁਰ ਹੈਂ ਅਤੇ ਤੂੰ ਕਲ੍ਹ, ਅੱਜ ਅਤੇ ਯੁਗਾਂਯੁੱਗ ਇੱਕੋ ਜਿਹਾ ਹੈਂ । ਅਤੇ ਤੇਰੀ ਹਜੂਰੀ ਇਥੇ ਹੈ ।

215 ਅਤੇ, ਪ੍ਰਭੂ, ਅਸੀਂ ਨਹੀਂ ਜਾਣਦੇ ਕਿ ਇਹ ਤੀਸਰੀ ਖਿੱਚ ਕੀ ਹੈ, ਜਿਸ ਬਾਰੇ ਅਸੀਂ ਕਿਹਾ ਹੈ ਕਿ ਇਹ ਹੋਵੇਗੀ । ਮੈਂ ਨਹੀਂ ਜਾਣਦਾ ਕਿ ਇਹ ਕੀ ਹੈ । ਪਰ ਅਸੀਂ ਇੱਕ ਗਲ੍ਹ ਜਾਣਦੇ ਹਾਂ ਕਿ ਪਹਿਲੀ ਖਿੱਚ ਸਿੱਧਤਾ ਸੀ । ਦੂਸਰੀ ਖਿੱਚ, ਕਿਰਪਾ ਸੀ ।

ਅਤੇ, ਪ੍ਰਭੂ, ਮੈਂ ਅੱਜ ਰਾਤ ਇਹ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਆਪਣੇ ਆਪ ਨੂੰ ਸਾਡੇ ਉੱਤੇ ਪ੍ਰਗਟ ਕਰੇਂਗਾ, ਕੀ ਇਹਨਾਂ ਗਲਾਂ ਦੇ ਕਹਿ ਚੁਕਣ ਦੇ ਬਾਅਦ, "ਉਹ ਜੋ ਤੁਹਾਡੇ ਵਿੱਚ

ਹੈ!" ਅਤੇ ਤੂੰ ਕਿਹਾ, "ਜੋ ਕੰਮ ਮੈਂ ਕਰਦਾ ਹਾਂ ਸੋ ਤੁਸੀਂ ਵੀ ਕਰੋਗੇ", ਅਤੇ ਕਿਹਾ ਸੀ ਕਿ ਤੂੰ ਉਨਾਂ ਚਿਰ ਕੁਝ ਨਹੀਂ ਕਰਦਾ ਜੱਦ ਤਕ ਪਿਤਾ ਤੈਨੂੰ ਨਹੀਂ ਵਿਖਾਉਂਦਾ ।

216 ਅਤੇ ਅਸੀਂ ਵੇਖਿਆ ਤੂੰ ਕੀ ਕੀਤਾ ਸੀ ਜਦੋਂ ਤੂੰ ਰਸੂਲ ਪਤਰਸ ਨੂੰ ਦੱਸਿਆ ਕਿ ਉਹ ਕੌਣ ਸੀ, ਉਸਦੇ ਪਿਤਾ ਦਾ ਨਾਮ ਕੀ ਸੀ । ਨਾਥਾਨਿਏਲ ਨੂੰ ਦਸਿਆ ਕਿ ਉਸਦਾ ਕੀ ਮਿਸ਼ਨ ਸੀ, ਉਹ ਉਥੇ ਕਿਸ ਤਰ੍ਹਾਂ ਆਇਆ, ਇਸ ਤੋਂ ਪਹਿਲਾਂ ਉਹ ਕਿਥੇ ਸੀ, ਉਸਨੇ ਕੀ ਕੀਤਾ ਸੀ । ਖੂਹ ਉੱਤੇ ਓਸ ਔਰਤ ਨੂੰ ਉਸਦੇ ਪਾਪਾਂ ਬਾਰੇ ਦੱਸਿਆ ਅਤੇ ਉਸਦੇ ਬਾਰੇ ਦੱਸਿਆ, ਉਹ ਛੇ ਆਦਮੀਆਂ ਨਾਲ ਹਰਾਮਕਾਰੀ ਵਿੱਚ ਰਹਿ ਰਹੀ ਸੀ; ਪੰਜ ਉਹ ਪਹਿਲਾਂ ਹੀ ਕਰ ਚੁੱਕੀ ਸੀ ਅਤੇ ਜਿਸ ਨਾਲ ਉਹ ਰਹਿ ਰਹੀ ਸੀ ਉਹ ਵੀ ਉਸਦਾ ਪਤੀ ਨਹੀਂ ਸੀ । ਤੂੰ ਅਜੇ ਵੀ ਉਹੀ ਪਰਮੇਸ਼ੁਰ ਹੈਂ । ਤੂੰ ਦੱਸਿਆ...

217 ਬਰਤਿਮਈ ਅੰਨ੍ਹੀ ਹਾਲਤ ਵਿੱਚ ਸੀ ਜਦੋਂ ਉਹ ਉਥੇ ਖੜ੍ਹਾ ਸੀ ਪਰ ਫਿਰ ਵੀ ਉਸਦੇ ਦਿਲ ਵਿੱਚ ਇੱਕ ਦ੍ਰਿਸ਼ਟੀ ਸੀ ਜਿਹਦੇ ਨਾਲ ਉਹ ਵੇਖ ਸਕਦਾ ਸੀ ਕਿ ਜੇਕਰ ਉਹ ਯਹੋਵਾਹ ਯਿਸੂ ਮਸੀਹ ਦੇ ਪੁਤਰਤਵ ਵਿੱਚ ਪ੍ਰਗਟ ਹੋਇਆ ਸੀ ਤਾਂ ਉਹ ਉਸਦੀ ਪੁਕਾਰ ਸੁਣ ਸਕਦਾ ਸੀ । ਅਤੇ ਉਸ ਨੇ ਪੁਕਾਰਿਆ, "ਹੇ ਦਾਊਦ ਦੇ ਪੁੱਤ੍ਰ, ਮੇਰੇ ਉੱਤੇ ਦਯਾ ਕਰ!" ਅਤੇ ਇਸ ਨੇ ਤੈਨੂੰ ਰੋਕ ਦਿੱਤਾ ਅਤੇ ਤੂੰ ਮੁੜਿਆ ਅਤੇ ਉਸਨੂੰ ਚੰਗਾ ਕੀਤਾ, ਹੇ ਪਿਤਾ, ਉਸਨੂੰ ਇਹ ਦੱਸਿਆ ਕਿ ਉਸਦੀ ਨਿਹਚਾ ਨੇ ਉਸਨੂੰ ਬਚਾਇਆ ਹੈ ।

218 ਉਹ ਔਰਤ ਜਿਸ ਨੂੰ ਅਨੀਮੀਆ ਸੀ ਜਿਸ ਨੂੰ ਲਹੂ ਵਹਿਣ ਦੀ ਬਿਮਾਰੀ ਸੀ ਅਤੇ ਕਈ ਵਰ੍ਹਿਆਂ ਤੋਂ ਇਹ ਨਹੀਂ ਸੀ ਰੁਕਿਆ । ਉਸਨੇ ਆਪਣਾ ਸਾਰਾ ਪੈਸਾ ਡਾਕਟਰਾਂ ਉੱਤੇ ਖਰਚ ਕਰ ਦਿੱਤਾ ਸੀ ਅਤੇ ਉਹਨਾਂ ਵਿਚੋਂ ਕੋਈ ਵੀ ਉਸਦੀ ਮਦਦ ਨਾ ਕਰ ਸਕਿਆ । ਉਹ ਤੁਹਾਡੀ ਇੱਕ ਸਭਾ ਵਿੱਚ ਆਈ ਜਦੋਂ ਉਥੇ ਗਲੀਲ ਵਿੱਚ ਤੁਸੀਂ ਇੱਕ ਮਨੁੱਖ ਨਾਲ ਗਲ ਕਰ ਰਹੇ ਸੀ, ਜਦ ਤੁਸੀਂ ਰਾਹ ਵਿੱਚ ਜੈਰੁਸ ਦੇ ਘਰ ਨੂੰ ਜਾ ਰਹੇ ਸੀ । ਇਸ ਛੋਟੀ ਔਰਤ ਨੇ ਆਪਣੇ ਦਿਲ ਵਿੱਚ ਕਿਹਾ, ਉਸਦੇ ਪਿਛੇ ਕੋਈ ਲਿਖਤ ਤੋਂ ਬਗੈਰ । "ਜੇਕਰ ਮੈਂ ਬੱਸ ਉਸਦੇ ਬਸਤਰ ਨੂੰ ਛੂਹ ਲਵਾਂ, ਮੈਂ—ਮੈਂ ਵਿਸ਼ਵਾਸ ਕਰਦੀ ਹਾਂ ਕਿ ਮੈਂ ਚੰਗੀ ਹੋ ਜਾਵਾਂਗੀ" । ਅਤੇ ਜਦੋਂ ਉਸਨੇ ਤੇਰੇ ਬਸਤਰ ਨੂੰ ਛੁਹਿਆ ਤਾਂ ਉਸਦੀ ਇਛਾ ਪੂਰੀ ਹੋ ਗਈ । ਅਤੇ ਤੂੰ ਉਸਨੂੰ ਦੱਸਿਆ ਕਿ ਉਸਦੇ ਵਿਸ਼ਵਾਸ ਨੇ ਇਹ ਕੀਤਾ ਹੈ, ਉਸਦੀ ਜਰੂਰਤਾਂ ਬਾਰੇ ਦੱਸਿਆ ਅਤੇ ਉਹ ਚੰਗੀ ਹੋ ਗਈ ।

219 ਸਾਨੂੰ ਵਚਨ ਵਿੱਚ ਦੱਸਿਆ ਗਿਆ ਹੈ ਕਿ ਤੂੰ ਮਹਾਂ ਯਾਜਕ ਹੈਂ, ਜੋ ਉਚੇ ਤੇ ਬਿਰਾਜਮਾਨ ਹੈ, ਸਫਾਰਸ਼ ਕਰਨ ਲਈ ਸਦਾ ਜਿਉਂਦਾ ਹੈਂ । ਅਤੇ—ਅਤੇ ਇਹ ਵੀ ਕਿ ਤੂੰ ਮਹਾ ਯਾਜਕ ਹੈਂ ਅਤੇ ਇਸ ਸਮੇਂ ਸਾਡੀਆਂ ਨਿਰਬਲਤਾਈਆਂ ਦੇ ਅਹਿਸਾਸ ਨਾਲ ਛੁਹਿਆ ਜਾ ਸਕਦਾ ਹੈਂ । ਪ੍ਰਭੂ ਪਰਮੇਸ਼ੁਰ, ਇਹ ਬਖਸ ਦੇ ਕਿ ਅੱਜ ਰਾਤ ਇਸ ਜਗ੍ਹਾ ਤੇ ਹਰੇਕ ਵਿਅਕਤੀ...ਕੋਲ ਅੱਜ ਰਾਤ ਤੁਹਾਨੂੰ ਛੂਣ ਦਾ ਮੌਕਾ ਹੋਵੇ, ਉਸ ਮਹਾਨ ਮਹਾ ਯਾਜਕ ਨੂੰ ਅਤੇ ਉਹ ਚੰਗੇ ਕੀਤੇ ਜਾਣ । ਮੈਂ ਇਸ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਪਰਮੇਸ਼ੁਰ ਦੀ ਮਹਿਮਾ ਦੇ ਲਈ ਮੰਗਦਾ ਹਾਂ । ਆਮੀਨ ।

220 ਹੁਣ ਮੈਂ ਨਹੀਂ...ਕੀ ਇਥੇ ਪ੍ਰਾਰਥਨਾ ਕਾਰਡ ਹਨ? ਮੈਂ ਬਿੱਲੀ ਨੂੰ ਕਿਹਾ ਸੀ ਕਿ ਨਹੀਂ... ਕੀ ਕਿਸੇ ਨੂੰ ਪ੍ਰਾਰਥਨਾ ਕਾਰਡ ਮਿਲਿਆ ਹੈ? ਸਭ ਠੀਕ ਹੈ, ਇਹ ਠੀਕ ਹੈ, ਮੈਂ ਉਸਨੂੰ ਇਹ ਨਹੀਂ ਦੇਣ ਲਈ ਕਿਹਾ ਸੀ । ਮੈਂ ਸੋਚ ਰਿਹਾ ਸੀ ਕਿ ਹੋ ਸਕਦਾ ਹੈ ਮੈਂ ਥੋੜ੍ਹਾ ਜਿਆਦਾ ਸਮਾਂ ਲੈ ਲਵਾਂ, ਜਿਵੇਂ ਮੈਂ...ਔਹ, ਮੈਂ ਬਹੁਤ ਜਿਆਦਾ ਬੋਲਦਾ ਹਾਂ । ਪਰ, ਵੇਖੋ, ਵੇਖੋ, ਅਤੇ ਤੁਸੀਂ ਮੈਨੂੰ

ਦੱਸਿਆ ਸੀ ਜਦੋਂ ਮੈਂ ਕਿਹਾ, "ਮੈਂ ਸਾੜ੍ਹੇ ਅੱਠ ਤੱਕ ਛੱਡਣ ਦੀ ਕੋਸ਼ਿਸ ਕਰਾਂਗਾ" ਤੁਸੀਂ ਹੱਸ ਪਏ ਸੀ ਅਤੇ ਮੈਂ—ਮੈਂ ਜਾਣਦਾ ਸਾਂ ਕਿ ਤੁਸੀਂ ਕਿਸ ਚੀਜ ਬਾਰੇ ਗਲ੍ਹ ਕਰ ਰਹੇ ਸੀ । ਮੈਂ—ਮੈਂ...ਪਰ ਮੈਂ ਤੁਹਾਨੂੰ ਪ੍ਰੇਮ ਕਰਦਾ ਹਾਂ । ਸਮਝੇ?

221 ਕੀ, ਮੈਂ ਕੀ ਕਰਣ ਦੀ ਕੋਸ਼ਿਸ ਕਰ ਰਿਹਾ ਹਾਂ, ਮੈਂ ਹਮੇਸ਼ਾ ਇਹ ਕੋਸ਼ਿਸ ਕੀਤੀ ਹੈ, ਦੋਸਤ; ਕਦੇ ਵੀ ਇਸ ਲਈ ਨਹੀਂ ਕਿ ਕੋਈ ਕਹੇ, "ਭਾਈ ਬ੍ਰਾਨਹਾਮ ਨੇ ਇਹ ਕੀਤਾ" । ਭਾਈ ਬ੍ਰਾਨਹਾਮ ਕੁਝ ਵੀ ਨਹੀਂ ਕਰ ਸਕਦਾ । ਸਮਝੇ? ਇਹ ਯਿਸੂ ਮਸੀਹ ਹੈ । ਅਤੇ ਉਹ ਜੋ ਮੇਰੇ ਵਿੱਚ ਹੈ ਸੋ ਤੁਹਾਡੇ ਵਿੱਚ ਹੈ । ਤੁਸੀਂ ਬੱਸ ਵਿਸ਼ਵਾਸ ਕਰਨਾ ਹੈ । ਕੀ ਇਹ ਠੀਕ ਨਹੀਂ ਹੈ? ਸਮਝੇ? ਉਹ ਜੋ ਤੁਹਾਡੇ ਵਿੱਚ ਹੈ ਸੋ ਤੁਹਾਡੀ ਬਿਮਾਰੀ ਨਾਲੋਂ ਵੱਡਾ ਹੈ ।

222 ਹੁਣ ਇਥੇ ਬਹੁਤ ਸਾਰੇ ਲੋਕ ਆਪਣੇ ਸ਼ਰੀਰ ਵਿੱਚ ਬੀਮਾਰ ਹਨ, ਮੈਨੂੰ ਨਹੀਂ ਜਾਣਦੇ, ਪਰ ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਹਾਡੇ ਕੋਲ ਇੰਨਾ ਵਿਸ਼ਵਾਸ ਹੈ ਕਿ ਤੁਸੀਂ ਮਹਾਂ ਯਾਜਕ ਨੂੰ ਛੂਹ ਸਕੋ, ਆਪਣੇ ਹੱਥ ਖੜੇ ਕਰੋ, ਕਹੋ, "ਮੈਂ ਇਸ ਤੇ ਵਿਸ਼ਵਾਸ ਕਰਦਾ ਹਾਂ"? ਸਭ ਠੀਕ ਹੈ । ਔਹ, ਹਰ ਜਗ੍ਹਾ ਹੱਥ ਖੜੇ ਹਨ । ਸਭ ਠੀਕ ਹੈ । ਇਥੇ ਕਿੰਨੇ ਲੋਕ ਮੈਨੂੰ ਜਾਣਦੇ ਹਨ ਅਤੇ ਜਾਣਦੇ ਹਨ ਕਿ ਮੈਨੂੰ ਉਸ ਬਾਰੇ ਕੁਝ ਨਹੀਂ ਪਤਾ ਜਿਸ ਚੀਜ ਦੀ ਤੁਹਾਨੂੰ ਲੋੜ੍ਹ ਹੈ ਅਤੇ ਤੁਸੀਂ ਚਾਹੁੰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਛੂਹੇ? ਆਪਣੇ ਹੱਥ ਖੜ੍ਹੇ ਕਰੋ । ਸਮਝੇ? ਸਮਝੇ? ਸਭ ਠੀਕ ਹੈ ।

223 ਇਮਾਨਦਾਰੀ ਨਾਲ ਮੈਂ ਇਥੇ ਕਿਸੇ ਨੂੰ ਨਹੀਂ ਜਾਣਦਾ ਜਿਸ ਬਾਰੇ ਮੈਨੂੰ ਇਸ ਸਮੇਂ ਪਤਾ ਹੋਵੇ ਕਿ ਉਹ ਬੀਮਾਰ ਹੈ । ਪਰ ਇਹ ਲੜਕਾ ਜੋ ਇਥੇ ਬੈਠਾ ਹੈ, ਮੈਂ ਉਸ ਨੂੰ ਜਾਣਦਾ ਹਾਂ । ਮੈਂ ਉਸ ਲਈ ਬਹੁਤ ਵਾਰ ਪ੍ਰਾਰਥਨਾ ਕੀਤੀ ਹੈ । ਮੈਨੂੰ ਉਸਦਾ ਨਾਮ ਯਾਦ ਨਹੀਂ ਆ ਰਿਹਾ ਪਰ ਉਹ ਕੰਟਕੀ ਤੋਂ ਹੈ । ਉਹ ਮੈਨੂੰ ਹਰ ਸਮੇਂ ਲਿਖਦਾ ਰਹਿੰਦਾ ਹੈ, ਭਾਈ ਅਤੇ ਭੈਣ ਵੂਡ ਦਾ ਦੋਸਤ ਹੈ ਅਤੇ ਇਥੇ ਆਉਂਦਾ ਹੈ । ਅਤੇ ਉਹ ਲਮੇਂ ਸਮੇਂ ਤੋਂ ਸਭਾਵਾਂ ਵਿੱਚ ਆ ਰਿਹਾ ਹੈ । ਇਹ ਹੀ ਇੱਕ ਵਿਅਕਤੀ ਹੈ ਜਿਸ ਨੂੰ ਮੈਂ ਜਾਣਦਾ ਹਾਂ ।

224 ਹੁਣ, ਜਿਥੋਂ ਤੱਕ ਮੈਂ ਜਾਣਦਾ ਹਾਂ, ਭਾਈ ਡਾਉ ਠੀਕ ਹਨ, ਨਹੀਂ ਤਾਂ ਉਹ ਇਥੇ ਨਾ ਬੈਠੇ ਹੁੰਦੇ । ਉਸ ਦਿਨ ਉਹ ਬਹੁਤ ਬੀਮਾਰ ਸੀ ਅਤੇ ਪ੍ਰਭੂ ਨੇ ਓਸਨੂੰ ਚੰਗਾ ਕੀਤਾ ।

225 ਮੈਂ ਇਸ ਵਿਅਕਤੀ ਨੂੰ ਨਹੀਂ ਜਾਣਦਾ । ਅਤੇ ਮੈਂ ਨਹੀਂ ਜਾਣਦਾ ਕਿ ਉਹ ਕੋਣ ਹੈ ਜਿਸ ਦੀਆਂ ਇਹ ਫੋੜ੍ਹੀਆਂ ਹਨ; ਹੋ ਸਕਦਾ ਹੈ ਕਿ ਉਹ ਕੁਰਸੀ ਉੱਤੇ ਬੈਠਾ ਹੋਇਆ ਵਿਅਕਤੀ ਹੈ । ਮੈਂ—ਮੈਂ ਨਹੀਂ ਜਾਣਦਾ ।

ਅਤੇ ਮੈਂ—ਮੈਂ ਤੁਹਾਡੇ ਵਿਚੋਂ ਬਹੁਤ ਸਾਰਿਆਂ ਨੂੰ ਜਾਣਦਾ ਹਾਂ । ਪਰ ਸਵਰਗ ਵਿੱਚ ਪਰਮੇਸ਼ੁਰ ਜਾਣਦਾ ਹੈ ਕਿ ਇਸ ਸਮੇਂ ਮੈਨੂੰ ਨਹੀਂ ਪਤਾ ਕਿ ਤੁਸੀਂ ਕੀ ਚਾਹੁੰਦੇ ਹੋ । ਮੈਨੂੰ ਕੋਈ ਅੰਦਾਜਾ ਨਹੀਂ ਹੈ । ਇਥੇ ਡੇਰੇ ਵਿੱਚ ਇਹ ਬਹੁਤ ਮੁਸ਼ਕਿਲ ਹੈ ਕਿਓਂਕਿ, ਵੇਖੋ, ਮੈਂ ਬਹੁਤ ਸਾਰੇ ਲੋਕਾਂ ਨੂੰ ਜਾਣਦਾ ਹਾਂ ।

226 ਹੁਣ ਜੋ ਵੀ ਹੈ ਇਥੇ ਹੈ । ਜਦੋਂ ਤੁਸੀਂ ਇੱਕ ਜਗ੍ਹਾ ਤੇ ਆਉਂਦੇ ਹੋ...ਹੁਣ, ਕਈ ਵਾਰੀ ਮੈਂ ਇਸ ਜਗ੍ਹਾ ਤੇ ਆਉਂਦਾ ਹਾਂ ਅਤੇ ਕਹਿੰਦਾ ਹਾਂ, "ਸਭ ਠੀਕ ਹੈ, ਅਸੀਂ ਸਾਰਿਆਂ ਨੂੰ ਪ੍ਰਾਰਥਨਾ ਕਾਰਡ ਦਵਾਂਗੇ ਅਤੇ ਉਹਨਾਂ ਨੂੰ ਲਾਈਨਾਂ ਵਿੱਚ ਲਗਾਵਾਂਗੇ । ਉਹ ਮੰਚ ਉੱਤੇ ਆਉਣਗੇ" । ਕੋਈ ਪਰ੍ਹਾਂ ਨੂੰ ਜਾਵੇਗਾ...ਹੁਣ ਤੁਸੀਂ ਨਹੀਂ...

ਹੁਣ, ਦੋਸਤੋ, ਮੈਂ ਆਪਣੇ ਦਿਲ ਨੂੰ ਤੁਹਾਡੇ ਨਾਲ ਖੋਲਾਂਗਾ ਅਤੇ ਤੁਹਾਨੂੰ ਕੁਝ ਦੱਸਾਂਗਾ । ਤੁਸੀਂ ਉਸ ਨੂੰ ਲੁਕਾ ਨਹੀਂ ਸਕਦੇ । ਤੁਸੀਂ ਜੋ ਵੀ ਸੋਚ ਰਹੇ ਹੋ ਮੈਂ ਉਸ ਨੂੰ ਜਾਣਦਾ ਹਾਂ । ਇਹ ਠੀਕ ਹੈ । ਮੈਂ ਜਾਣਦਾ ਹਾਂ ਕਿ ਤੁਸੀਂ ਕੀ ਸੋਚ ਰਹੇ ਹੋ । ਸਮਝੇ? ਅਤੇ ਕਈ ਵਾਰੀ ਤੁਸੀਂ ਕਹਿੰਦੇ ਹੋ, “ਭਾਈ, ਮੈਂ ਵਿਸ਼ਵਾਸ ਕਰਦਾ ਹਾਂ” । ਕਿਓਂ, ਖੈਰ, ਤੁਸੀਂ ਕਿਸੇ ਹੱਦ ਤੱਕ ਵਿਸ਼ਵਾਸ ਕਰਦੇ ਹੋ । ਸਮਝੇ? ਸਮਝੇ? ਮੈਂ ਜਾਣਦਾ ਹਾਂ ।

227 ਅਤੇ ਬੱਸ ਇਸੇ ਜਗ੍ਹਾ ਤੇ, ਜਦੋਂ ਮੈਂ, ਬੱਸ ਹੁਣੇ ਹੀ, ਮਸ਼ਹ ਮੇਰੇ ਉੱਤੇ ਆ ਰਿਹਾ ਹੈ, ਤੁਸੀਂ ਵੇਖ ਰਹੇ ਹੋ । ਅਤੇ ਮੈਂ ਉਸ ਨਬਜ ਨੂੰ ਇੱਕ ਧੜਕਣ ਦੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ, ਇੱਕ ਧੜਕਣ ਜੋ ਵੱਖ ਵੱਖ ਜਗ੍ਹਾ ਤੇ ਹੋ ਰਹੀ ਹੈ । ਵੇਖਿਆ?

ਪਰ ਹੁਣ ਹੋਰ ਜਿਆਦਾ ਅਵਿਸ਼ਵਾਸ ਨਾ ਕਰੋ । ਸਾਰੇ ਸੰਦੇਸ਼ ਤੇ ਵਿਸ਼ਵਾਸ ਕਰੋ । ਇਸ ਤੇ ਵਿਸ਼ਵਾਸ ਕਰੋ । ਜੇਕਰ ਇਹ ਨਹੀਂ ਹੈ, ਜੇਕਰ ਇਹ ਬਾਈਬਲ ਵਿੱਚ ਨਹੀਂ ਲਿਖਿਆ ਹੈ ਤਾਂ ਤੁਸੀਂ ਇਸ ਤੇ ਵਿਸ਼ਵਾਸ ਨਾ ਕਰੋ । ਪਰ ਜੇਕਰ ਇਹ ਬਾਈਬਲ ਵਿੱਚ ਹੈ ਤਾਂ ਪਵਿੱਤਰ ਆਤਮਾ ਜੋ ਸਾਡੇ ਵਿੱਚ ਰਹਿੰਦਾ ਹੈ ਉਹ ਇਸ ਲਈ ਜਿਮੇਵਾਰ ਹੈ ਕਿ ਜੇਕਰ ਅਸੀਂ ਇਸ ਤੇ ਵਿਸ਼ਵਾਸ ਕਰਦੇ ਹਾਂ ਤਾਂ ਉਹ ਇਸ ਨੂੰ ਪੂਰਾ ਕਰੇ । ਕੀ ਇਹ ਠੀਕ ਹੈ? [ਸਭਾ ਆਖਦੀ ਹੈ, “ਆਮੀਨ”—ਸੰਪਾਦਕ]

ਮੈਂ ਜਾਣਦਾ ਹਾਂ ਕਿ ਇਹ ਔਖਾ ਹੈ । ਵੇਖੋ, ਕੁਝ ਵੀ ਅਸਾਨੀ ਨਾਲ ਨਹੀਂ ਮਿਲਦਾ ।

228 ਉਸਦੇ ਲਈ ਮਰਨਾ ਔਖਾ ਸੀ, ਤਾਂਕਿ ਉਹ ਤੁਹਾਡੇ ਲਈ ਇਹ ਪੈਦਾ ਕਰ ਸਕੇ । ਉਸਦੇ ਲਈ ਕਲਵਰੀ ਤੇ ਜਾਣਾ ਔਖਾ ਸੀ; ਉਹ ਰੁੱਕਣਾ ਚਾਹੁੰਦਾ ਸੀ, ਏਥੋਂ ਤੱਕ ਕਿ ਉਹ ਰੋਇਆ, “ਮੇਰੀ ਮਰਜੀ ਨਹੀਂ, ਪਰ ਤੇਰੀ ਮਰਜੀ ਪੂਰੀ ਹੋਵੇ” । ਸਮਝੇ? ਸਮਝੇ? ਉਹ ਜਾਣਾ ਨਹੀਂ ਚਾਹੁੰਦਾ ਸੀ, ਉਹ ਜਵਾਨ ਮਨੁੱਖ ਸੀ ਅਤੇ ਉਸ ਕੋਲ ਉਸਦੇ ਭਰਾ ਸਨ । ਉਹ ਉਹਨਾਂ ਨੂੰ ਪ੍ਰੇਮ ਕਰਦਾ ਸੀ ਜਿਵੇਂ ਮੈਂ ਤੁਹਾਨੂੰ ਪ੍ਰੇਮ ਕਰਦਾ ਹਾਂ । ਪਰ ਉਹ—ਉਹ ਜਿਉਂਦਾ ਨਾ ਰਿਹਾ ਤਾਂਕਿ ਉਹ ਜੀ ਸਕਣ, ਉਹ ਇਸ ਲਈ ਮਰਿਆ ਤਾਂਕਿ ਅਸੀਂ ਜੀ ਸਕੀਏ । ਇਹ ਆਸਾਨ ਨਹੀਂ ਸੀ । ਉਸ ਨੂੰ ਇਹ ਕਰਨਾ ਪੈਣਾ ਸੀ । ਵੇਖੋ ਉਸਦੇ ਸਾਹਮਣੇ ਕਿਸ ਤਰ੍ਹਾਂ ਦੀ ਮੌਤ ਸੀ, “ਪਿਤਾ, ਘੜੀ ਆ ਪਹੁੰਚੀ ਹੈ ਅਤੇ ਕੀ ਮੈਂ ਪ੍ਰਾਰਥਨਾ ਕਰਾਂ ਕਿ ਇਹ ਪਿਆਲਾ ਮੇਰੇ ਤੋਂ ਟਲ ਜਾਵੇ? ਨਹੀਂ” । ਉਹ ਇੰਝ ਨਹੀਂ ਕਰਨਾ ਚਾਹੁੰਦਾ ਸੀ; ਉਹ ਪਰਮੇਸ਼ੁਰ ਦੀ ਮਰਜੀ ਨੂੰ ਪੂਰਾ ਕਰਨਾ ਚਾਹੁੰਦਾ ਸੀ ।

229 ਹੁਣ, ਵੇਖੋ, ਜੇਕਰ ਤੁਸੀਂ ਉਸੇ ਚੀਜ ਦਾ ਵਿਸ਼ਵਾਸ ਕਰੋਗੇ! ਹੁਣ, ਇਸ ਤੇ ਜਰਾ ਵੀ ਸ਼ੱਕ ਨਾਲ ਕਰੋ । ਬੱਸ ਵਿਸਵਾਸ ਕਰੋ । ਬੱਸ ਪੂਰੀ ਤਰ੍ਹਾਂ ਵਿਸ਼ਵਾਸ ਕਰੋ । ਸ਼ੱਕ ਨਾ ਕਰੋ । ਤੁਸੀਂ ਇਸ ਤੇ ਵਿਸ਼ਵਾਸ ਕਰੋ ।

230 ਜੇਕਰ ਮੈਂ ਲੋਕਾਂ ਨੂੰ ਪ੍ਰਾਰਥਨਾ ਦੀ ਕਤਾਰ ਵਿੱਚ ਲੈ ਕੇ ਆਵਾਂ ਅਤੇ ਮੈਂ ਆਖਾਂ, “ਸਭ ਠੀਕ ਹੈ, ਹੁਣ ਇਹ ਵਿਅਕਤੀ, ਤੁਸੀਂ ਜਾਣਦੇ ਹੋ ਕਿ ਮੈਂ ਤੁਹਾਨੂੰ ਨਹੀਂ ਜਾਣਦਾ” ।

231 “ਨਹੀਂ, ਇਹ ਠੀਕ ਹੈ, ਭਾਈ ਬ੍ਰਾਨਹਾਮ” ।

232 ਫੇਰ ਤੁਸੀਂ ਉਸੇ ਥਾਂ ਤੇ ਕਿਸੇ ਨੂੰ ਇਹ ਕਹਿੰਦੇ ਹੋਏ ਵੇਖੋਗੇ, “ਔਹ, ਪਰ ਉਹ ਤਾਂ ਉਹੀ ਪੜ੍ਹ ਰਿਹਾ ਹੈ ਜੋ ਉਹਨਾਂ ਨੇ ਪ੍ਰਾਰਥਨਾ ਕਾਰਡ ਉੱਤੇ ਲਿਖਿਆ ਹੈ! ਟੇਲੀਪੈਥੀ ਜਾਂ ਦਿਮਾਗ ਵਾਰਤਾਲਾਪ ਹੈ!” ਇਹ ਸਚਮੁਚ ਇਸ ਨੂੰ ਕਰ ਦੇਵੇਗਾ ।

233 ਫੇਰ ਮੈਂ ਕਹਾਂਗਾ, “ਠੀਕ ਹੈ, ਇਸ ਐਤਵਾਰ ਨੂੰ ਅਸੀਂ ਕੋਈ ਪ੍ਰਾਰਥਨਾ ਕਾਰਡ ਨਹੀਂ ਦੇਣਾ ਹੈ । ਮੈਂ ਚਾਹੁੰਦਾ ਹਾਂ ਕਿ ਇਥੇ ਹਰ ਕੋਈ, ਜੋ ਇੱਕ ਅਜਨਬੀ ਹੈ, ਜੋ ਇਥੇ ਪਹਿਲਾਂ ਕਦੇ ਨਹੀਂ ਆਇਆ, ਤੁਸੀਂ ਖੜ੍ਹੇ ਹੋ ਜਾਓ” ਸਮਝੇ? ਅਤੇ ਫੇਰ ਪਵਿੱਤਰ ਆਤਮਾ ਉਸੇ ਵੇਲੇ ਆਵੇਗਾ ਅਤੇ ਜੋ ਵੀ ਉਹਨਾਂ ਵਿੱਚ ਹੈ ਉਹ ਬੁਝੇਗਾ । ਸਮਝੇ? ਕੀ ਇਹ ਠੀਕ ਹੈ? [ਸਭਾ ਆਖਦੀ ਹੈ, “ਆਮੀਨ”—ਸੰਪਾਦਕ] ਤੁਸੀਂ ਇਸ ਨੂੰ ਦੋਹਾਂ ਤਰੀਕਿਆਂ ਨਾਲ ਵੇਖਿਆ ਹੈ ।

234 “ਔਹ, ਖੈਰ, ਇਸ ਵਿੱਚ ਕੁਝ ਗੜਬੜ ਹੈ” ਵੇਖਿਆ? ਵੇਖਿਆ? ਕੋਈ ਵੀ ਤਰੀਕਾ ਨਹੀਂ ਹੈ, ਤੁਸੀਂ—ਤੁਸੀਂ—ਤੁਸੀਂ ਨਹੀਂ ਕਰ ਸਕਦੇ...ਸਮਝੇ, ਜਿੰਨਾ ਚਿਰ ਸ਼ਤਾਨ ਕਬਜਾ ਰੱਖ ਸਕਦਾ ਹੈ, ਉਹ ਤੁਹਾਡੇ ਤੋਂ ਕੁਝ ਵੀ ਵਿਸ਼ਵਾਸ ਕਰਾਵੇਗਾ ।

ਅਤੇ ਉਹ ਤੁਹਾਨੂੰ ਮੇਰੀ ਹਰੇਕ ਗਲਤੀ ਵਿਖਾਵੇਗਾ ਅਤੇ ਮੇਰੇ ਵਿੱਚ ਬਹੁਤ ਸਾਰੀਆਂ ਗਲਤੀਆਂ ਹਨ ਜੋ ਉਹ ਤੁਹਾਨੂੰ ਵਿਖਾ ਸਕਦਾ ਹੈ । ਤੁਸੀਂ ਓਸ ਵਲ੍ਹ ਨਾ ਵੇਖੋ! ਤੁਸੀਂ ਉਸ ਵਲ੍ਹ ਨਾ ਵੇਖੋ । ਮੈਂ ਇੱਕ ਮਨੁੱਖ ਹਾਂ । ਸਮਝੇ? ਪਰ, ਯਾਦ ਰਖਣਾ, ਪਰਮੇਸ਼ੁਰ ਦਾ ਇਹ ਵਚਨ ਸੱਚਾ ਹੈ ਅਤੇ ਮੈਂ ਇਸ ਨੂੰ ਜਿਉਣ ਦੀ ਕੋਸ਼ਿਸ ਕਰ ਰਿਹਾ ਹਾਂ ।

235 ਜੇਕਰ ਮੈਂ ਇਥੋ ਬਾਹਰ ਜਾਵਾਂ ਅਤੇ ਗਲਤ ਕੰਮ ਕਰਨੇ ਸ਼ੁਰੂ ਕਰ ਦੇਵਾਂ ਤਾਂ ਇਹ ਠੀਕ ਨਹੀਂ ਹੈ, ਪਾਪ ਕਰਨਾ ਅਤੇ ਸ਼ਰਾਬ ਪੀਣਾ ਜਾਂ ਸਿਗਰਟਾਂ ਪੀਣਾ, ਜਾਂ ਉਹ ਕੰਮ ਕਰਾਂ ਜੋ ਠੀਕ ਨਹੀਂ ਹਨ, ਤੁਸੀਂ ਆ ਕੇ ਮੈਨੂੰ ਹੇਠਾਂ ਬੁਲਾ ਸਕਦੇ ਹੋ ਕਿਓਂਕਿ ਇਹ ਉਚਿਤ ਨਹੀਂ ਹੈ । ਮੈਂ—ਮੈਂ ਫਿਰ ਸੰਸਾਰ ਨੂੰ ਛੱਡਣਾ ਚਾਹਾਂਗਾ । ਮੈਂ ਨਹੀਂ...ਇੰਝ ਹੋਣ ਤੋਂ ਪਹਿਲਾਂ ਮੈਂ ਜਾਣਾ ਚਾਹਾਂਗਾ । ਸਮਝੇ? ਮੈਂ ਉਹ ਨਹੀਂ ਕਰਨਾ ਚਾਹੁੰਦਾ ।

236 ਪਰ ਜਿੰਨਾ ਚਿਰ ਮੈਂ ਉਸ ਤਰ੍ਹਾਂ ਜੀ ਰਿਹਾ ਹਾਂ ਜਿਵੇਂ ਠੀਕ ਹੈ ਅਤੇ ਉਹੀ ਕਰ ਰਿਹਾ ਹਾਂ ਜੋ ਠੀਕ ਹੈ, ਵੇਖੋ, ਅਤੇ ਉਸ ਤਰ੍ਹਾਂ ਜਿਉਣ ਦੀ ਕੋਸ਼ਿਸ ਕਰ ਰਿਹਾ ਹਾਂ ਜਿਸ ਤਰ੍ਹਾਂ ਇੱਕ ਮਸੀਹ ਨੂੰ ਜਿਉਣਾ ਚਾਹੀਦਾ ਹੈ ਅਤੇ ਫਿਰ ਪਰਮੇਸ਼ੁਰ ਆਪਣੇ ਵਚਨ ਨੂੰ ਲੈਂਦਾ ਹੈ ਅਤੇ ਮੈਂ ਇਸ ਨੂੰ ਸੁਣ ਕੇ ਇਸ ਦੇ ਨਾਲ ਖੜਾ ਰਹਿੰਦਾ ਹਾਂ ਭਾਵੇਂ ਇਸ ਲਈ ਮੈਨੂੰ ਮੇਰੇ ਬਹੁਤ ਸਾਰੇ ਮਿੱਤਰ ਅਤੇ ਸੰਸਾਰ ਦੀ ਪ੍ਰਸਿਧੀ ਅਤੇ ਉਸ ਤਰ੍ਹਾਂ ਦੀਆਂ ਹੋਰ ਚੀਜਾਂ ਗੁਆਣੀਆਂ ਪੈਣ ਅਤੇ ਬਹੁਤ ਸਾਰੇ ਮੈਨੂੰ ਨਫਰਤ ਕਰਨ ਅਤੇ ਸੰਸਥਾਵਾਂ, ਬਾਹਰ ਕਢ ਦੇਣ, ਫਿਰ ਵੀ ਮੈਂ ਉਸਦੇ ਵਚਨ ਨਾਲ ਸੱਚਾ ਬਣਿਆ ਰਹਿਣਾ ਚਾਹੁੰਦਾ ਹਾਂ । ਇਹ ਪਰਮੇਸ਼ੁਰ ਦਾ ਵਚਨ ਹੈ ਅਤੇ ਮੈਂ ਪਰਮੇਸ਼ੁਰ ਨੂੰ ਪ੍ਰੇਮ ਕਰਦਾ ਹਾਂ । ਇਸ ਲਈ ਇਹ ਪਰਮੇਸ਼ੁਰ ਦਾ ਵਚਨ ਹੈ ਅਤੇ ਮੈਂ—ਮੈਂ ਤੁਹਾਨੂੰ ਦੱਸਦਾ ਹਾਂ ਕਿ “ਉਹ ਕਲ੍ਹ, ਅੱਜ ਅਤੇ ਯੁਗਾਂਯੁੱਗ ਇੱਕੋ ਜਿਹਾ ਹੈ” ਅਤੇ ਹੁਣ ਉਹ ਸਾਡੇ ਵਿੱਚ ਹੈ । ਅਤੇ ਜੇਕਰ...

237 ਹੁਣ, ਜੇਕਰ ਸ਼ੇਕਸਪੀਅਰ ਦਾ ਜੀਵਨ ਮੇਰੇ ਵਿੱਚ ਹੁੰਦਾ, ਮੇਰੇ ਵਿੱਚ ਰਹਿ ਰਿਹਾ ਹੁੰਦਾ, ਜੇਕਰ ਸ਼ੇਕਸਪੀਅਰ ਮੇਰੇ ਵਿੱਚ ਰਹਿੰਦਾ ਹੁੰਦਾ, ਕੀ ਮੈਂ ਸ਼ੇਕਸਪੀਅਰ ਦੇ ਕੰਮ ਨਾ ਕਰਦਾ? ਜੇਕਰ ਬੀਥੋਵੇਨ ਮੇਰੇ ਵਿੱਚ ਹੈ, ਤਾਂ ਕੀ ਮੈਂ ਬੀਥੋਵੇਨ ਦੇ ਕੰਮ ਨਾ ਕਰਦਾ? ਜੇਕਰ ਮੇਰੇ ਵਿੱਚ ਡਿਲਿੰਜਰ ਦੀ ਆਤਮਾ ਹੁੰਦੀ, ਜੇਕਰ ਡਿਲਿੰਜਰ ਮੇਰੇ ਵਿੱਚ ਰਹਿੰਦਾ ਹੁੰਦਾ, ਤਾਂ ਕੀ ਮੈਂ ਇੱਕ ਜਾਨ ਡਿਲਿੰਜਰ ਨਾ ਹੁੰਦਾ? ਜੇਰਕ ਬੀਥੋਵੇਨ ਮੇਰੇ ਵਿੱਚ ਹੁੰਦਾ, ਕੀ ਮੈਂ ਇੱਕ ਬੀਥੋਵੇਨ ਨਾ ਹੁੰਦਾ? ਸਮਝੇ? ਜੇਕਰ ਕੈਸਟਰੋ ਮੇਰੇ ਵਿੱਚ ਹੁੰਦਾ, ਕੀ ਮੈਂ ਇੱਕ ਕੈਸਟਰੋ ਨਾ ਹੁੰਦਾ? ਸਮਝੇ?

ਅਤੇ ਜੇਕਰ ਯਿਸੂ ਮਸੀਹ ਮੇਰੇ ਵਿੱਚ ਹੁੰਦਾ, ਮੈਂ ਉਸਦੇ ਕੰਮ ਕਰਦਾ, ਕਿਓਂਕਿ ਇਹ ਉਹ ਹੁੰਦਾ। ਅਤੇ ਕੀ ਉਸਨੇ ਨੇ ਨਹੀਂ ਕਿਹਾ ਸੀ ਕਿ ਉਹੀ ਗਲ੍ਹਾਂ ਹੋਣਗੀਆਂ? ਸਮਝੇ? [ਸਭਾ ਆਖਦੀ ਹੈ, "ਆਮੀਨ"—ਸੰਪਾਦਕ]

238 ਹੁਣ ਉਹ ਕੀ ਕਰਦਾ ਜੇਕਰ ਅੱਜ ਉਹ ਇਥੇ ਖੜ੍ਹਾ ਹੁੰਦਾ, ਜੇਕਰ ਉਹ ਕਲ੍ਹ, ਅੱਜ ਅਤੇ ਯੁਗਾਂਯੁੱਗ ਇੱਕੋ ਜਿਹਾ ਹੈ? ਉਸਨੇ ਕਿਹਾ, "ਮੈਂ ਉਹੀ ਕਰਦਾ ਹਾਂ ਜੋ ਮੇਰਾ ਪਿਤਾ ਮੈਨੂੰ ਵਿਖਾਉਂਦਾ ਹੈ"। ਕੀ ਇਹ ਠੀਕ ਹੈ? ਖੈਰ, ਉਸਨੇ ਇਹ ਕਲ੍ਹ ਇਸੇ ਤਰ੍ਹਾਂ ਕੀਤਾ ਸੀ।

ਹੁਣ ਕੀ ਉਹ ਉਹੀ ਹੈ? ਬਿਮਾਰੀ ਬਾਰੇ ਕੀ ਹੈ? ਤੁਹਾਡਾ ਮੁੱਲ ਪਹਿਲਾਂ ਹੀ ਭਰ ਦਿਤਾ ਗਿਆ ਹੈ। ਤੁਹਾਡੇ ਵਿਚੋਂ ਹਰੇਕ ਪਹਿਲਾਂ ਹੀ ਆਪਣੀ ਬਿਮਾਰੀ ਤੋਂ ਚੰਗਾ ਕੀਤਾ ਗਿਆ ਹੈ। ਕੀ ਇਹ ਠੀਕ ਹੈ?[ਸਭਾ ਆਖਦੀ ਹੈ, "ਆਮੀਨ"—ਸੰਪਾਦਕ] ਇਸ ਲਈ...ਤੁਹਾਡੇ ਵਿਚੋਂ ਹਰੇਕ ਨੂੰ ਮਾਫ਼ ਕਰ ਦਿੱਤਾ ਗਿਆ ਹੈ ਪਰ ਤੁਹਾਨੂੰ ਇਹ ਸਵੀਕਾਰ ਕਰਨਾ ਪੈਣਾ ਹੈ। ਤੁਹਾਡੇ ਵਿਚੋਂ ਹਰੇਕ ਨੂੰ ਚੰਗਾ ਕੀਤਾ ਗਿਆ ਹੈ ਪਰ ਤੁਹਾਨੂੰ ਇਹ ਸਵੀਕਾਰ ਕਰਨਾ ਪੈਣਾ ਹੈ।

239 ਹੁਣ, ਇਹ ਸਾਬਤ ਕਰਨ ਲਈ ਕਿ ਉਹ ਕਲ੍ਹ, ਅੱਜ ਅਤੇ ਯੁਗਾਂਯੁੱਗ ਇੱਕੋ ਜਿਹਾ ਹੈ। ਜੇਕਰ ਉਹ ਇਥੇ ਖੜ੍ਹਾ ਹੁੰਦਾ ਤਾਂ ਉਹ ਤੁਹਾਨੂੰ ਤੁਹਾਡੇ ਅਵਿਸ਼ਵਾਸ ਨਾਲ ਬਿਲਕੁਲ ਵੀ ਚੰਗਾ ਨਹੀਂ ਕਰ ਸਕਦਾ। ਤੁਹਾਨੂੰ ਇਸ ਤੇ ਵਿਸ਼ਵਾਸ ਕਰਨਾ ਪੈਂਦਾ, ਬੱਸ ਜਿਵੇਂ ਤੁਹਾਨੂੰ ਇਸ ਤੇ ਹੁਣੇ ਵਿਸ਼ਵਾਸ ਕਰਨਾ ਪੈਣਾ ਹੈ। ਇਸ ਨੂੰ ਇੱਕੋ ਜਿਹਾ ਹੋਣਾ ਹੈ, ਸਮਝੇ "ਕਿਓਂਕਿ ਆਪਣੇ ਸਮੇਂ ਵਿੱਚ ਉਹਨਾਂ ਦੇ ਅਵਿਸ਼ਵਾਸ ਕਾਰਨ ਉਹ ਬਹੁਤੇ ਕੰਮ ਨਾ ਕਰ ਸਕਿਆ"। ਇਹ ਠੀਕ ਹੈ? ਅਵਿਸ਼ਵਾਸ ਦੇ ਕਾਰਨ ਉਹ ਉਹ ਅੱਜ ਵੀ ਜਿਆਦਾ ਵੱਡੇ ਕੰਮ ਨਹੀਂ ਕਰ ਸਕਦਾ।

240 ਹੁਣ, ਇਹ ਕੌਣ ਸੀ ਜੋ ਪਹਿਲਾਂ ਹੀ *ਉਸ* ਬਾਰੇ ਦੱਸ ਸਕਦਾ ਸੀ? ਪਰਮੇਸ਼ੁਰ। ਉਹ ਕੌਣ ਸੀ ਜਿਸ ਨੇ *ਇਹ* ਕਿਹਾ ਸੀ? ਪਰਮੇਸ਼ੁਰ। ਉਹ ਕੌਣ ਸੀ ਜਿਸ ਨੇ *ਇਹ* ਕੀਤਾ? ਪਰਮੇਸ਼ੁਰ। ਉਹ ਕੌਣ ਸੀ ਜਿਸਨੇ ਕਿਹਾ ਜਿਥੇ, ਹਿਰਨ, ਬਾਰ੍ਹਾਂਸਿੰਘਾ, ਹੋਰ ਸਾਰੀਆਂ ਚੀਜਾਂ ਅਤੇ ਸੱਤ... ਸਾਰੀਆਂ—ਇਹ ਸਭ ਚੀਜਾਂ ਜੋ ਹੋਈਆਂ? ਉਹ ਕੌਣ ਸੀ ਜਿਸ ਨੇ ਇਹ ਕਿਹਾ? ਉਹ, ਮਸੀਹ, ਜੋ ਸਾਡੇ ਵਿੱਚ ਹੈ, ਆਪ ਹੀ ਸਾਡੇ ਦੁਆਰਾ ਅੰਗਮ ਵਾਕ ਕਰ ਰਿਹਾ ਹੈ, ਆਪਣੇ ਆਪ ਨੂੰ ਪ੍ਰਗਟ ਕਰ ਰਿਹਾ ਹੈ ਕਿ ਉਹ ਕਲ੍ਹ, ਅੱਜ ਅਤੇ ਯੁਗਾਂਯੁੱਗ ਇਕੋ ਜਿਹਾ ਹੈ।

ਕਿਸ ਨੇ ਹਨੇਰੀ ਨੂੰ ਰੋਕਿਆ? ਗਿਲਹਰੀਆਂ ਨੂੰ ਕਿਸ ਨੇ ਬਣਾਇਆ? ਉਸੇ ਨੇ ਜਿਸ ਨੇ ਅਬਰਾਹਾਮ ਦੇ ਲਈ ਮੇਮਨਾ ਪੈਦਾ ਕੀਤਾ ਸੀ, ਜਦੋ ਉਸਦੀ...ਉਸਨੇ ਉਸਨੂੰ "ਯਹੋਵਾਹ-ਯਿਰਹ" ਆਖਿਆ। ਉਹ ਸੰਯੁਕਤ ਛੁਡਾਉਣ ਵਾਲੇ ਨਾਮ ਉਸ ਦੇ ਹਨ। ਉਹ ਅਜੇ ਵੀ ਯਹੋਵਾਹ-ਯੀਰਹ ਹੈ, "ਪਰਮੇਸ਼ੁਰ ਆਪ ਹੀ ਆਪਣੇ ਲਈ ਬਲੀ ਮੁੱਹਇਆ ਕਰ ਸਕਦਾ ਹੈ"।

241 ਹੁਣ, ਤੁਹਾਡੇ ਵਿਚੋਂ ਹਰੇਕ, ਮੈਂ—ਮੈਂ ਹੁਣ ਤੁਹਾਡੀ ਡੂੰਘੀ ਇਮਾਨਦਾਰੀ ਚਾਹੁੰਦਾ ਹਾਂ। ਜੇਕਰ ਤੁਸੀਂ ਅਸਲ ਵਿੱਚ ਆਪਣੇ ਪੂਰੇ ਦਿਲ ਤੋਂ ਵਿਸ਼ਵਾਸ ਕਰੋਗੇ ਤਾਂ ਜੱਦ ਤੱਕ ਘੜੀ ਪੰਜ ਮਿੰਟ ਹੋਰ ਘੁਮੇਂਗੀ ਤੱਦ ਤਕ ਸਾਡੇ ਵਿਚਕਾਰ ਕੋਈ ਵੀ ਕਮਜੋਰ ਮਨੁੱਖ ਨਾ ਰਹੇਗਾ। ਇਸ ਜਗ੍ਹਾ ਤੇ ਕੋਈ ਵੀ ਮਨੁੱਖ ਨਾ ਹੋਵੇਗਾ ਜੋ ਆਪਣੇ ਪੈਰਾਂ ਤੇ ਖੜ੍ਹਾ ਨਾ ਹੋਵੇ, ਖੈਰ, ਜੇਕਰ ਤੁਸੀਂ ਬੱਸ ਵਿਸ਼ਵਾਸ ਕਰੋਗੇ। ਕੀ ਤੁਸੀਂ ਵਿਸ਼ਵਾਸ ਕਰ ਸਕਦੇ ਹੋ?

242 ਹੁਣ ਆਓ ਵੇਖਦੇ ਹਾਂ ਕੀ ਉਹ ਸਾਡੇ ਕੋਲ ਆਉਂਦਾ ਹੈ ਅਤੇ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਜਦਕਿ ਅਸੀਂ ਆਪਣੇ ਸਿਰਾਂ ਨੂੰ ਝੁਕਾਉਂਦੇ ਹਾਂ।

243 ਪ੍ਰਭੂ ਯਿਸੂ, ਹੁਣ ਤੂੰ ਮੇਰੀ ਮੱਦਦ ਕਰ । ਅਤੇ ਜਿਥੋਂ ਤੱਕ ਮੈਂ ਕਰਣੀ ਜਾਣਦਾ ਹਾਂ, ਪ੍ਰਭੂ, ਮੈਂ ਤੇਰੀ ਆਗਿਆਕਾਰੀ ਕਰਾਂਗਾ । ਮੇਰੇ ਪਾਪਾਂ ਅਤੇ ਅਪਰਾਧਾਂ ਨੂੰ ਮਾਫ਼ ਕਰ । ਮੈਂ ਯਿਸੂ ਦੇ ਨਾਮ ਵਿੱਚ ਪ੍ਰਾਰਥਨਾ ਕਰਦਾ ਹਾਂ । ਆਮੀਨ ।

244 ਹੁਣ ਕੋਈ ਇਥੇ ਆ ਕੇ ਇਸ ਪਾਸੇ ਨੂੰ ਲੈ ਲਵੇ । ਵਿਸ਼ਵਾਸ ਕਰੋ, ਨਿਹਚਾ ਰਖੋ, ਸ਼ੱਕ ਨਾ ਕਰੋ! ਕੋਈ ਜੋ ਮੈਨੂੰ ਨਹੀਂ ਜਾਣਦਾ, ਜੇਕਰ ਸੰਭਵ ਹੈ । ਮੈਂ ਨਹੀਂ ਕਹਿ ਸਕਦਾ ਕਿ ਦਰਸ਼ਨ ਕਿਧਰ ਜਾਂਦਾ ਹੈ । ਮੈਨੂੰ ਤਾਂ ਬੱਸ ਇਸ ਨੂੰ ਵੇਖਣਾ ਹੈ । ਅਤੇ ਜੇਕਰ ਇਹ ਇੰਝ ਕਰਦਾ ਹੈ, ਫੇਰ ਤੁਸੀਂ ਜਾਣ ਜਾਓਗੇ ਕਿ ਇਹ ਸਹੀ ਹੈ ਕਿ ਨਹੀਂ । ਤੁਸੀਂ ਬੱਸ ਵਿਸ਼ਵਾਸ ਕਰੋ ਅਤੇ ਸ਼ੱਕ ਨਾ ਕਰੋ । ਜੇਕਰ ਉਹ ਇਹ ਕਰਦਾ ਹੈ, ਕੀ ਤੁਸੀਂ ਵਿਸ਼ਵਾਸ ਕਰੋਗੇ, ਵੇਖੋ, ਅੱਜ ਜੋ ਸਭ ਕੁਝ ਹੋਇਆ ਹੈ ਉਸ ਤੋਂ ਬਾਅਦ? ਵੇਖਿਆ? ਬੱਸ ਆਪਣੀ ਚੰਗਾਈ ਨੂੰ ਸਵੀਕਾਰ ਕਰੋ, ਸਮਝੇ । ਕਹੋ, "ਪ੍ਰਭੂ, ਮੈਂ ਹੁਣ ਯਿਸੂ ਮਸੀਹ ਨੂੰ ਛੂਹ ਰਿਹਾ ਹਾਂ । ਮੈਂ ਵਿਸ਼ਵਾਸ ਕਰ ਰਿਹਾ ਹਾਂ" । ਹੁਣ ਸਵਰਗ ਦਾ ਪਰਮੇਸ਼ੁਰ ਇਹ ਬਖਸ ਦਵੇ ।

245 "ਉਹ ਜੋ ਤੁਹਾਡੇ ਵਿੱਚ ਹੈ ਸੋ ਵੱਡਾ ਹੈ, ਮਸੀਹ, ਉਸ ਨਾਲੋਂ ਜਿਹੜਾ ਸੰਸਾਰ ਵਿੱਚ ਹੈ" । ਹੁਣ, ਸਭਾ ਵਿੱਚ ਜਿਥੇ ਅਸੀਂ ਉਸ ਨੂੰ ਛੂਹੰਦੇ ਹਾਂ, ਉਹ ਮੁੜ੍ਹ ਕੇ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ; ਜਿਵੇਂ ਔਰਤ ਨੇ ਯਿਸੂ ਮਸੀਹ ਦੁਆਰਾ ਪਰਮੇਸ਼ੁਰ ਨੂੰ ਛੂਹ ਲਿਆ ਸੀ ਅਤੇ ਉਸ ਦੀਆਂ ਜਰੂਰਤਾਂ ਨੂੰ ਪ੍ਰਗਟ ਕੀਤਾ ।

246 ਮੈਂ ਹੁਣ ਇੱਕ ਕੌਨੇ ਵਿੱਚ ਵੇਖਦਾ ਹਾਂ, ਇੰਝ ਲਗਦਾ ਹੈ ਕਿ ਇਹ ਇੱਕ ਆਦਮੀ ਹੈ, ਉਹ ਬਹੁਤ ਗੰਭੀਰ ਹੈ । ਨਹੀਂ, ਇਹ ਨਹੀਂ ਹੈ । ਇਹ ਇੱਕ ਔਰਤ ਹੈ ਜੋ ਇੱਕ ਆਦਮੀ ਲਈ ਪ੍ਰਾਰਥਨਾ ਕਰ ਰਹੀ ਹੈ ਅਤੇ ਉਹ ਆਦਮੀ ਇਥੇ ਨਹੀਂ ਹੈ । ਪਰ ਇਹ ਇੱਕ ਔਰਤ ਹੈ । ਮੈਂ ਵੇਖ ਰਿਹਾ ਹਾਂ ਕਿ ਉਹ ਔਰਤ…ਇਹ ਉਸਦਾ ਪਿਤਾ ਹੈ ਅਤੇ ਉਹ ਕੈਂਸਰ ਨਾਲ ਮਰ ਰਿਹਾ ਹੈ । ਅਤੇ ਬਹੁਤ ਜਿਆਦਾ ਗੰਭੀਰ ਹੈ । ਆਦਮੀ ਇਥੇ ਨਹੀਂ ਹੈ । ਉਹ ਕਿਸੇ ਹੋਰ ਥਾਂ ਤੇ ਹੈ । ਉਹ ਇਸ ਦੇਸ਼ ਵਿੱਚ ਵੀ ਨਹੀਂ ਹੈ ।ਉਹ ਜਾਰਜੀਆ ਵਿੱਚ ਹੈ ।

ਬੱਸ ਪ੍ਰਾਰਥਨਾ ਕਰਦੇ ਰਹੋ । ਕੀ ਹੁਣ ਤੁਸੀਂ ਆਪਣੇ ਪੂਰੇ ਦਿਲ ਨਾਲ ਵਿਸ਼ਵਾਸ ਕਰਦੇ ਹੋ? [ਸਭਾ ਆਖਦੀ ਹੈ "ਆਮੀਨ"—ਸੰਪਾਦਕ] । ਬੱਸ ਪ੍ਰਾਰਥਨਾ ਕਰਦੇ ਰਹੋ ।

ਉਹ ਔਰਤ ਜੋ ਪ੍ਰਾਰਥਨਾ ਕਰ ਰਹੀ ਹੈ ਉਸਦਾ ਨਾਮ ਸ੍ਰੀਮਤੀ ਜੋਰਡਨ ਹੈ । ਉਹ ਜਾਰਜੀਆ ਤੋਂ ਨਹੀਂ ਹੈ । ਉਹ ਉੱਤਰੀ ਕੈਰੋਲੀਨਾ ਤੋਂ ਹੈ । ਔਰਤ, ਜੇਕਰ ਇਹ ਠੀਕ ਹੈ ਤਾਂ ਆਪਣੇ ਪੈਰਾਂ ਤੇ ਖੜ੍ਹੀ ਹੋ ਜਾ । ਠੀਕ ਹੈ, ਸਭ ਸੱਚ ਹੈ । [ਭੈਣ ਆਖਦੀ ਹੈ, "ਪਰਮੇਸ਼ੁਰ ਦਾ ਧੰਨਵਾਦ! ਪਰਮੇਸ਼ੁਰ ਦਾ ਧੰਨਵਾਦ!"—ਸੰਪਾਦਕ] ਕੀ ਤੂੰ ਇਸੇ ਲਈ ਪ੍ਰਾਰਥਨਾ ਕਰ ਰਹੀ ਸੀ? ["ਹਾਂ, ਸ੍ਰੀ ਮਾਨ; ਮੇਰਾ ਪਿਤਾ" ।] ਸਭ ਠੀਕ ਹੈ । ਸਭ ਠੀਕ ਹੈ । [ਭੈਣ ਆਪਣੇ ਪਿਤਾ ਬਾਰੇ ਦੱਸਣਾ ਜਾਰੀ ਰੱਖਦੀ ਹੈ]

ਕੀ ਤੂੰ ਵਿਸ਼ਵਾਸ ਕਰਦੀ ਹੈਂ ਕਿ, "ਉਹ ਜੋ ਤੇਰੇ ਵਿੱਚ ਹੈ ਸੋ ਉਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ"? [ਭੈਣ ਆਖਦੀ ਹੈ, "ਮੈਂ ਕਰਦੀ ਹਾਂ"—ਸੰਪਾਦਕ] ਕੀ ਤੂੰ ਵਿਸ਼ਵਾਸ ਕਰਦੀ ਹੈਂ ਉਹ ਜੋ…

247 ਵੇਖੋ, ਇਥੇ ਕੁਝ ਹੋਰ ਹੈ । ਤੈਨੂੰ ਆਪਣੇ ਸੁਰੂਆਤੀ ਦਿਨਾਂ ਵਿੱਚ ਮਹਾਨ ਸਿਖਿਆ ਮਿਲੀ ਜਾਂ ਕੁਝ ਹੋਰ, ਕਿਓਂਕਿ ਇੰਝ ਲਗਦਾ ਹੈ ਜਿਵੇਂ ਤੂੰ ਪਰੇਸ਼ਾਨ ਹੈ ਜਾਂ ਕਿਸੇ ਤਰ੍ਹਾ ਦੇ ਮਸੀਹ…ਕੀ ਤੇਰਾ ਪਿਤਾ ਇੱਕ ਸੇਵਕ ਨਹੀਂ ਹੈ ਜਾਂ ਕੁਝ ਇਸ ਤਰ੍ਹਾਂ ਨਹੀਂ ਹੈ, ਤੁਹਾਡੇ ਕੁਝ ਲੋਕ ਜਾਂ ਕੁਝ

ਹੋਰ? [ਭੈਣ ਆਖਦੀ ਹੈ, “ਮੇਰਾ ਪਤੀ” ।—ਸੰਪਾਦਕ] ਤੁਹਾਡਾ ਪਤੀ, ਇਹ ਉਹੀ ਹੈ । ਮੈਂ ਤੇਰੇ ਕੋਲ ਕਿਸੇ ਨੂੰ ਖੜਾ ਵੇਖ ਸਕਦਾ ਹਾਂ, ਇੰਜੀਲ ਦਾ ਪਰਚਾਰ ਕਰਦੇ ਹੋਏ ਅਤੇ ਤੂੰ ਗਿਰਜੇ ਵਿੱਚ ਸੀ । ਉਹ ਦਾ ਤੇਰੇ ਨਾਲ ਕੋਈ ਰਿਸ਼ਤਾ ਹੈ । [“ਪ੍ਰਭੂ ਦੀ ਮਹਿਮਾ ਹੋਵੇ!”] ਸਭ ਠੀਕ ਹੈ, ਇਥੇ ਹੋ ਤੁਸੀਂ ।

ਹੁਣ, ਇਸ ਔਰਤ ਨੂੰ ਮੈਂ ਨਹੀਂ ਜਾਣਦਾ ਪਰ ਪਰਮੇਸ਼ੁਰ ਇਸ ਔਰਤ ਨੂੰ ਜਾਣਦਾ ਹੈ ।

248 ਹੁਣ, ਕੀ ਤੇਰੀ ਕਿਤਾਬ ਵਿੱਚ ਹੈ, ਇੱਕ ਛੋਟਾ ਰੁਮਾਲ ਜਾਂ ਹੋਰ ਕੋਈ ਚੀਜ? ਸਭ ਠੀਕ ਹੈ, ਫਿਰ ਤੁਸੀਂ…ਜਦੋਂ ਤੁਸੀਂ ਬੈਠੋ, ਆਪਣੇ ਹੱਥਾਂ ਨੂੰ ਉਸ ਰੁਮਾਲ ਉੱਤੇ ਰੱਖਣਾ ਅਤੇ ਸ਼ੱਕ ਨਾ ਕਰੀਂ ਅਤੇ ਉਹ ਜੋ ਤੇਰੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜੋ ਤੇਰੇ ਪਿਤਾ ਨੂੰ ਖ਼ਤਮ ਕਰ ਰਿਹਾ ਹੈ । ਆਪਣੇ ਪੂਰੇ ਦਿਲ ਨਾਲ ਵਿਸ਼ਵਾਸ ਕਰ, ਤਾਂ ਫਿਰ ਤੇਰੇ ਵਿਸ਼ਵਾਸ ਦੇ ਅਨੁਸਾਰ ਇਹ ਹੋ ਜਾਵੇਗਾ ।

249 ਹੁਣ, ਮੈਂ ਤੁਹਾਨੂੰ ਕੁਝ ਪੁਛਣਾ ਚਾਹੁੰਦਾ ਹਾਂ । ਮੈਂ ਉਸ ਔਰਤ ਨੂੰ ਨਹੀਂ ਜਾਣਦਾ । ਜਿਥੋਂ ਤੱਕ ਮੈਂ ਜਾਣਦਾ ਹਾਂ, ਮੇਰਾ ਅੰਦਾਜਾ ਹੈ ਕਿ ਮੈਂ ਉਸ ਨੂੰ ਪਹਿਲੀ ਵਾਰ ਵੇਖਿਆ ਹੈ । ਪਰ ਉਹ ਇੱਕ ਲਾਚਾਰ ਹਾਲਤ ਵਿੱਚ ਉਥੇ ਬੈਠੀ ਹੋਈ ਪ੍ਰਾਰਥਨਾ ਕਰ ਰਹੀ ਹੈ । ਅਤੇ ਉਹੀ ਪਰਮੇਸ਼ੁਰ ਜਿਹੜਾ ਮੁੜ੍ਹ ਕੇ ਔਰਤ ਨੂੰ ਉਸਦੀ ਲਹੂ ਪੈਣ ਦੀ ਬਿਮਾਰੀ ਬਾਰੇ ਦੱਸ ਸਕਦਾ ਸੀ, ਉਹੀ ਪਰਮੇਸ਼ੁਰ ਇਥੇ ਹੈ, ਵਿਖਾ ਰਿਹਾ ਹੈ ਕਿ ਉਹ ਤੁਹਾਡੇ ਵਿੱਚ ਹੈ ਅਤੇ ਸੰਸਾਰ ਨੂੰ ਜਿੱਤ ਲਿਆ ਹੈ । ਤੁਸੀਂ ਵਿਸ਼ਵਾਸ ਕਰਦੇ ਹੋ? [ਸਭਾ ਆਖਦੀ ਹੈ, “ਆਮੀਨ”—ਸੰਪਾਦਕ] ਜੇਕਰ ਤੁਸੀਂ ਬੱਸ ਵਿਸ਼ਵਾਸ ਕਰੋ, ਸ਼ੱਕ ਨਾ ਕਰੋ ।

250 ਕੈਂਸਰ ਬਾਰੇ ਗਲ ਕਰ ਰਿਹਾ ਹਾਂ, ਮੈਂ ਫਿਰ ਤੋਂ ਉਸ ਕਾਲੇ ਪਰਛਾਵੇਂ ਨੂੰ ਵੇਖ ਸਕਦਾ ਹਾਂ । ਇਹ ਇੱਕ ਔਰਤ ਉੱਤੇ ਹੈ ਜੋ *ਇਥੇ* ਹੀ ਬੈਠੀ ਹੈ । ਉਸਨੂੰ ਗਲੇ ਵਿੱਚ ਕੈਂਸਰ ਹੈ ਅਤੇ ਉਹ ਇੱਕ ਬੁਰੀ ਹਾਲਤ ਵਿੱਚ ਹੈ । ਉਸਦੇ ਲਈ ਪ੍ਰਾਰਥਨਾ ਕੀਤੀ ਗਈ ਹੈ ਅਤੇ ਉਹ ਆਪਣੀ ਚੰਗਾਈ ਨੂੰ ਸਵੀਕਾਰ ਕਰਨ ਦੀ ਕੋਸ਼ਿਸ ਕਰ ਰਹੀ ਹੈ । ਸ੍ਰੀਮਤੀ ਬਰਟਨ, ਜੇਕਰ ਤੂੰ ਵਿਸ਼ਵਾਸ ਕਰੇਂਗੀ! ਮੈਂ ਇਸ ਔਰਤ ਨੂੰ ਨਹੀਂ ਜਾਣਦਾ । ਪਰ ਜੇਕਰ ਤੁਸੀਂ ਆਪਣੇ ਪੂਰੇ ਦਿਲ ਤੋਂ ਵਿਸ਼ਵਾਸ ਕਰੋਗੇ…ਸਚਮੁਚ, ਗਲ ਇਹ…

ਮੈਨੂੰ ਤੁਹਾਨੂੰ ਇਹ ਸਮਝਾ ਲੈਣ ਦਿਓ, ਤੁਸੀਂ ਕੀ ਕਰਨ ਦੀ ਕੋਸ਼ਿਸ ਕਰ ਰਹੇ ਹੋ । ਤੁਸੀਂ ਇਸ ਕਾਰਨ ਆਪਣੀ ਆਵਾਜ਼ ਗੁਆ ਚੁਕੇ ਹੋ ਅਤੇ ਇਹ ਤੁਸੀਂ ਆਪਣੀ ਆਵਾਜ ਦੇ ਵਾਪਸ ਆਉਣ ਦੇ ਲਈ ਪ੍ਰਾਰਥਨਾ ਕਰਨ ਦੀ ਕੋਸ਼ਿਸ਼ ਕਰ ਰਹੇ ਹੋ । ਕੀ ਇਹ ਠੀਕ ਹੈ? ਆਪਣੇ ਹੱਥ ਨੂੰ *ਇਸ* ਤਰ੍ਹਾਂ ਹਿਲਾਓ । ਹੁਣ, ਇਹ ਔਰਤ ਮੇਰੇ ਲਈ ਇੱਕ ਅਜਨਬੀ ਹੈ । ਮੈਂ ਉਸ ਨੂੰ ਨਹੀਂ ਜਾਣਦਾ । ਉਸ ਨੂੰ ਵੇਖੋ? ਇਹ ਠੀਕ ਹੈ । ਉਥੇ, ਉਹ ਉਥੇ ਹੈ । ਵੇਖਿਆ? “ਉਹ ਜੋ ਤੁਹਾਡੇ ਵਿੱਚ ਹੈ, ਵਿਸ਼ਵਾਸ ਉਸ ਨੂੰ ਛੂਹ ਸਕਦਾ ਹੈ ਅਤੇ ਉਹ ਓਸ ਨਾਲੋਂ ਵੱਡਾ ਹੈ ਜਿਹੜਾ ਤੁਹਾਡੇ ਗਲੇ ਵਿੱਚ ਹੈ” ।

ਕੀ ਤੁਸੀਂ ਆਪਣੇ ਪੂਰੇ ਦਿਲ ਤੋਂ ਵਿਸ਼ਵਾਸ ਕਰਦੇ ਹੋ? [ਸਭਾ ਆਖਦੀ ਹੈ, “ਆਮੀਨ”—ਸੰਪਾਦਕ]

251 ਭੈਣ ਲਾਰਸਨ, ਮੈਂ ਤੁਹਾਨੂੰ ਜਾਣਦਾ ਹਾਂ । ਉਹ ਮੇਰੀ ਮਕਾਨ ਮਾਲਕ ਹੈ । ਪਰ, ਭੈਣ ਲਾਰਸਨ, ਤੂੰ ਇੱਕ ਡਾਕਟਰ ਜਾਂ ਕਿਸੇ ਹੋਰ ਕੋਲ ਗਈ ਸੀ । ਤੂੰ ਇੱਕ ਆਪ੍ਰੇਸ਼ਨ ਦੇ ਲਈ ਤਿਆਰ ਹੈਂ । ਇਹ ਠੀਕ ਹੈ । ਕੀ ਇਹ ਠੀਕ ਨਹੀਂ ਹੈ? ਉਹ ਜੋ ਤੁਹਾਡੇ ਵਿੱਚ ਹੈ ਸੋ ਵੱਡਾ ਹੈ,

ਭੈਣ ਲਾਰਸਨ, ਉਸ ਨਾਲੋਂ ਜਿਹੜਾ ਸੰਸਾਰ ਵਿੱਚ ਹੈ । ਯਿਸੂ ਨੇ ਕਿਹਾ, "ਜਦੋਂ ਮੈਂ ਪਰਦੇਸੀ ਸਾਂ ਅਤੇ ਤੁਸੀਂ ਮੈਨੂੰ ਆਪਣੇ ਘਰ ਉਤਾਰਿਆ । ਜਦ ਤੁਸੀਂ ਇਨ੍ਹਾਂ ਸਭਨਾਂ ਤੋਂ ਛੋਟਿਆਂ ਵਿਚੋਂ ਇੱਕ ਨਾਲ ਇਹ ਕੀਤਾ ਤਾਂ ਤੁਸੀਂ ਮੇਰੇ ਨਾਲ ਕੀਤਾ" ।

ਹੇ ਸਵਰਗੀ ਪਿਤਾ, ਦਯਾ ਕਰ!

252 ਤੁਹਾਡਾ ਕੀ ਵਿਚਾਰ ਹੈ? ਤੁਸੀਂ ਵੀ ਇੱਕ ਅਪਰੇਸ਼ਨ ਦੇ ਲਈ ਤਿਆਰ ਹੋ । ਤੁਸੀਂ ਮੇਰੇ ਲਈ ਇੱਕ ਅਜਨਬੀ ਹੋ । ਕੀ ਇਹ ਠੀਕ ਹੈ? [ਭੈਣ ਆਖਦੀ ਹੈ, "ਹਾਂ"—ਸੰਪਾਦਕ] ਤੁਸੀ ਇਥੋਂ ਦੇ ਨਹੀਂ ਹੋ । ["ਮੈਂ ਤੁਹਾਨੂੰ ਜਾਣਦੀ ਹਾਂ, ਪਰ ਤੁਸੀਂ ਮੈਨੂੰ ਨਹੀਂ ਜਾਣਦੇ"] ਤੁਸੀਂ ਮੈਨੂੰ ਜਾਣਦੇ ਹੋ ਪਰ ਮੈਂ ਤੁਹਾਨੂੰ ਨਹੀਂ ਜਾਣਦਾ । ["ਤੁਸੀਂ ਮੈਨੂੰ ਨਹੀਂ ਜਾਣਦੇ" ।] ਪਰ ਪਰਮੇਸ਼ੁਰ ਤੁਹਾਨੂੰ ਜਾਣਦਾ ਹੈ । ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? ["ਹਾਂ, ਮੈਂ ਕਰਦੀ ਹਾਂ" ।] ਤੁਸੀਂ ਇੱਕ ਆਪਰੇਸ਼ਨ ਦੇ ਲਈ ਤਿਆਰ ਹੋ । ਤੁਸੀਂ ਇਥੇ ਨਹੀਂ ਰਹਿੰਦੇ । ਤੁਸੀਂ ਬੈਡਫੋਰਡ, ਸਪਰਿੰਗਵਿਲੇ ਦੇ ਨੇੜੇ ਜਾਂ ਇਸ ਤਰ੍ਹਾਂ…ਇਹ ਇਥੇ ਹੀ ਹੈ, ਸਪਰਿੰਗਵਿਲੇ । ਸ੍ਰੀਮਤੀ ਬਰਟਨ… ਨਹੀਂ, ਨਹੀਂ, ਮੈਨੂੰ ਮੁਆਫ਼ ਕਰਨਾ, ਮੇਰਾ ਇਹ ਮਤਲਬ ਨਹੀਂ ਸੀ । ਸ੍ਰੀਮਤੀ ਪਾਰਕਰ, ਇਹ ਤੁਹਾਡਾ ਨਾਮ ਹੈ । ਕੀ ਇਹ ਨਹੀਂ ਹੈ? ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਤੁਹਾਨੂੰ ਮਾਰਨ ਦੀ ਕੋਸ਼ਿਸ ਕਰ ਰਿਹਾ ਹੈ । ਕੀ ਇਹ ਠੀਕ ਹੈ? ਕੀ ਤੁਸੀਂ ਆਪਣੇ ਪੂਰੇ ਦਿਲ ਤੋਂ ਵਿਸ਼ਵਾਸ ਕਰਦੇ ਹੋ? ਜੇਕਰ ਤੁਸੀਂ ਇੰਝ ਕਰਦੇ ਹੋ ਤਾਂ ਤੁਹਾਨੂੰ ਆਪਣਾ ਅਪਰੇਸ਼ਨ ਕਰਵਾਉਣ ਦੀ ਲੋੜ੍ਹ ਨਹੀਂ ਪਵੇਗੀ ।

253 ਭੈਣ, ਤੁਹਾਡਾ ਇਸ ਸਭ ਕੁਝ ਦੇ ਬਾਰੇ ਕੀ ਵਿਚਾਰ ਹੈ? ਮੈਂ ਤੁਹਾਨੂੰ ਨਹੀਂ ਜਾਣਦਾ । ਤੁਸੀਂ ਮੇਰੇ ਲਈ ਇੱਕ ਅਜਨਬੀ ਹੋ । ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਮੈਂ ਉਸਦਾ ਇੱਕ ਨਬੀ ਹਾਂ? [ਭੈਣ ਆਖਦੀ ਹੈ, "ਮੈਂ ਇਹ ਵਿਸ਼ਵਾਸ ਕਰਦੀ ਹਾਂ"—ਸੰਪਾਦਕ] ਤੁਸੀਂ ਕਰਦੇ ਹੋ । ਤੁਹਾਡਾ ਧੰਨਵਾਦ । ਪਰਮੇਸ਼ੁਰ ਉਸਦਾ ਆਦਰ ਕਰੇਗਾ । ਤੁਸੀਂ ਸ੍ਰੀ ਮਤੀ ਵਾਇਟ ਹੋ । ਤੁਸੀਂ ਫੋਰਟ ਵਰਥ, ਟੇਕਸਾਸ ਤੋਂ ਆਏ ਹੋ । ਤੁਹਾਨੂੰ ਇੱਕ ਮਾਸਪੇਸ਼ਿਆ ਦਾ ਰੋਗ ਹੈ, ਇਹ ਇੱਕ ਤਰ੍ਹਾਂ ਦੀ ਦਿਮਾਗੀ ਰੋਗ ਹੈ । ਤੁਹਾਡੀ ਹਾਲਤ ਬਹੁਤ ਖਰਾਬ ਹੈ । ਤੁਹਾਡੇ ਲਈ ਮੈਡੀਕਲ ਸਾਇੰਸ ਦੇ ਅਨੁਸਾਰ ਕੋਈ ਉਮੀਦ ਨਹੀਂ ਹੈ । ਤੁਹਾਡਾ ਪਤੀ, ਉਸਦੀ ਇੱਕ ਆਤਮਿਕ ਲੋੜ੍ਹ ਹੈ ਜਿਸ ਲਈ ਉਹ ਪ੍ਰਾਰਥਨਾ ਕਰ ਰਿਹਾ ਹੈ । ਤੁਹਾਡਾ ਇੱਕ ਪੁੱਤ੍ਰ ਹੈ ਜਿਸਦੀ ਪਿੱਠ ਅਤੇ ਦਿਲ ਵਿੱਚ ਤਕਲੀਫ਼ ਹੈ । ਤੁਹਾਡੇ ਕੋਲ ਇੱਕ ਛੋਟਾ ਲੜਕਾ ਹੈ ਜੋ ਉਸਦੀ ਗੋਦ ਵਿੱਚ ਹੈ । ਉਸ ਛੋਟੇ ਬੱਚੇ ਨੂੰ ਬੋਲਣ ਵਿੱਚ ਤਕਲੀਫ਼ ਹੈ ਜਿਸ ਬਾਰੇ ਤੁਸੀਂ ਪ੍ਰਾਰਥਨਾ ਕਰ ਰਹੇ ਹੋ । ਜੇਕਰ ਇਹ ਸਹੀ ਹੈ ਤਾਂ ਆਪਣਾ ਹੱਥ ਖੜਾ ਕਰੋ । [ਪਤੀ ਆਖਦਾ ਹੈ, "ਇਹ ਠੀਕ ਹੈ । ਇਹ ਸਾਡੀਆਂ ਜਰੂਰਤਾਂ ਹਨ" ।]

"ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ" । ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? [ਸਭਾ ਆਖਦੀ ਹੈ, "ਆਮੀਨ"—ਸੰਪਾਦਕ ।] ਕੀ ਆਪਣੇ ਪੂਰੇ ਦਿਲ ਨਾਲ? ["ਆਮੀਨ"] ਕੀ ਪੂਰੇ ਨਾਲ? ["ਆਮੀਨ"]

ਹੁਣ ਆਓ ਆਪਣੇ ਸਿਰਾਂ ਨੂੰ ਝੁਕਾਇਏ ।

254 ਹੁਣ ਉਹ ਇਮਾਰਤ ਵਿਚੋਂ ਦੀ ਲੰਘਿਆ । ਉਸਨੇ ਤੁਹਾਨੂੰ ਇਹ ਸਾਬਤ ਕੀਤਾ ਕਿ ਉਹ ਪਰਮੇਸ਼ੁਰ ਹੈ । "ਉਹ ਜੋ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ"

। ਇਹ ਪ੍ਰਭੂ ਪਰਮੇਸ਼ੁਰ ਹੈ । ਹੁਣ, ਉਹ ਜੋ ਤੁਹਾਡੇ ਵਿੱਚ ਹੈ ਉਸ ਨੂੰ ਪਰਧਾਨਗੀ ਕਰਨ ਦਿਓ । ਉਸ ਨੂੰ ਉਹ ਪੂਰਾ ਕਰਣ ਦਿਓ ਜੋ ਤੁਸੀਂ…

ਤੁਸੀਂ ਹੁਣੇ ਇਹ ਆਪਣੇ ਦਿਲ ਵਿੱਚ ਕਹੋ, ਜੇਕਰ ਤੁਸੀਂ ਕਰ ਸਕਦੇ ਹੋ, ਆਪਣੇ ਪੂਰੇ ਦਿਲ ਤੋਂ ਅਤੇ ਇਸ ਤੇ ਵਿਸ਼ਵਾਸ ਕਰੋ । "ਜੋ ਬਿਮਾਰੀ ਮੇਰੇ ਦਿਲ ਵਿੱਚ ਸੀ ਉਹ ਚਲੀ ਗਈ ਹੈ" ਸਮਝੇ? "ਮੈਂ ਹੁਣ ਦੁਖੀ ਨਹੀਂ ਰਿਹਾ । ਮੈਨੂੰ ਹੁਣ ਕੋਈ ਬਿਮਾਰੀ ਨਹੀਂ ਰਹੀ । ਉਹ ਜੋ ਮੇਰੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਮੇਰੇ ਸਰੀਰ ਵਿੱਚ ਹੈ । ਉਹ ਜੋ ਮੇਰੇ ਦਿਲ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਮੇਰੀ ਦੇਹ ਵਿੱਚ ਹੈ । ਇਸ ਲਈ, ਜੋ ਮੇਰੇ ਦਿਲ ਵਿੱਚ ਹੈ ਉਸਨੇ ਧਰਤੀ ਅਤੇ ਆਕਾਸ਼ ਨੂੰ ਬਣਾਇਆ ਹੈ । ਮੇਰੇ ਸਰੀਰ ਨੂੰ ਸ਼ਤਾਨ ਨੇ ਦੂਸ਼ਿਤ ਕੀਤਾ ਹੈ ਅਤੇ ਮੈਂ ਪਵਿੱਤਰ ਆਤਮਾ ਦੇ ਰਹਿਣ ਲਈ ਇੱਕ ਮੰਦਰ ਹਾਂ । ਇਸ ਲਈ, ਸ਼ਤਾਨ, ਮੈਂ ਤੈਨੂੰ ਹੁਕਮ ਦਿੰਦਾ ਹਾਂ ਕਿ ਮੇਰੇ ਸਰੀਰ ਨੂੰ ਛੱਡ ਕੇ ਚਲਾ ਜਾ । ਯਿਸੂ ਮਸੀਹ ਦੇ ਨਾਮ ਵਿਚ, ਮੇਰੇ ਵਿਚੋਂ ਬਾਹਰ ਨਿੱਕਲ ਜਾ" । ਸਮਝੇ? ਤੁਸੀਂ ਇਸ ਤੇ ਵਿਸ਼ਵਾਸ ਕਰਦੇ ਹੋ? [ਸਭਾ ਆਖਦੀ ਹੈ, "ਆਮੀਨ"—ਸੰਪਾਦਕ ।]

ਹੁਣ ਆਓ ਅਸੀਂ ਆਪੋ ਆਪਣੇ ਤਰੀਕੇ ਨਾਲ ਪ੍ਰਾਰਥਨਾ ਕਰੀਏ, ਹਰੇਕ, ਜਦਕਿ ਮੈਂ ਤੁਹਾਡੇ ਲਈ ਪ੍ਰਾਰਥਨਾ ਕਰਦਾ ਹਾਂ ।

255 ਸਰਬਸ਼ਕਤੀਮਾਨ ਪਿਤਾ, ਆਕਾਸ਼ ਅਤੇ ਧਰਤੀ ਦੇ ਸਿਰਜਣਹਾਰ, ਜੀਵਨ ਦੇ ਲੇਖਕ, ਦਿਲਾਂ ਦੇ ਭੇਤਾਂ ਨੂੰ ਪ੍ਰਗਟ ਕਰਨ ਵਾਲੇ, ਤੂੰ ਕਿਹਾ ਸੀ, "ਪਰਮੇਸ਼ੁਰ ਦਾ ਵਚਨ ਦੋ ਧਾਰੀ ਤਲਵਾਰ ਨਾਲੋਂ ਵੀ ਤਿਖਾ ਹੈ ਅਤੇ ਮਨ ਦੀਆਂ ਭੇਤਾਂ ਨੂੰ ਵੀ ਪ੍ਰਗਟ ਕਰਦਾ ਹੈ" ।

256 ਇਹੀ ਕਰਨ ਸੀ, ਜਦੋਂ ਸ਼ਬਦ ਦੇਹਧਾਰੀ ਹੋਇਆ ਤਾਂ ਉਹ ਜਾਣਦਾ ਸੀ ਕਿ ਉਹ ਕੀ ਸੋਚ ਰਹੇ ਸਨ ਜਿਵੇਂ ਉਸ ਨੇ ਉਹਨਾਂ ਦੇ ਵਿਚਾਰਾਂ ਨੂੰ ਜਾਂਚ ਲਿਆ । ਉਹ ਵਚਨ ਸੀ ਅਤੇ ਵਚਨ ਉਹਨਾਂ ਦੇ ਦਿਲਾਂ ਦਿਆਂ ਭੇਤਾਂ ਨੂੰ ਜਾਣਦਾ ਸੀ ।

ਅਤੇ ਵਚਨ ਅੱਜ ਵੀ ਉਹੀ ਵਚਨ ਹੈ । ਅਤੇ ਅੱਜ ਰਾਤ ਅਸੀਂ ਦੋ ਹਜਾਰ ਸਾਲਾਂ ਬਾਅਦ ਇਸ ਨੂੰ ਸਾਡੇ ਉੱਤੇ ਪ੍ਰਗਟ ਹੁੰਦਿਆਂ ਹੋਈਆਂ ਵੇਖ ਰਹੇ ਹਾਂ ਕਿਓਂਕਿ ਉਸਨੇ ਇਸ ਨੂੰ ਕਾਗਜ ਉੱਤੇ ਲਿਖਿਆ ਅਤੇ ਉਹ ਇਥੇ ਇਸ ਨੂੰ ਸਾਬਤ ਕਰ ਰਿਹਾ ਹੈ, ਇਸ ਨੂੰ ਵਿਖਾ ਰਿਹਾ ਹੈ ਕਿ ਇਹ ਸਹੀ ਹੈ ।

257 ਇਥੇ ਰੁਮਾਲ ਪਏ ਹੋਏ ਹਨ । ਬੀਮਾਰ ਲੋਕ ਹਰ ਜਗ੍ਹਾ ਹਨ । ਮੈਂ ਪ੍ਰਾਰਥਨਾ ਕਰਦਾ ਹਾਂ ਕਿ ਪਵਿੱਤਰ ਆਤਮਾ ਜੋ ਇਥੇ ਮੌਜੂਦ ਹੈ, ਜੋ ਇਹ ਚੀਜਾਂ ਵਿਖਾਂਦਾ ਹੈ, ਜੋ ਇਹ ਚੀਜਾਂ ਦੱਸਦਾ ਹੈ ਅਤੇ ਕਦੇ ਵੀ ਅਸਫਲ ਨਹੀਂ ਹੁੰਦਾ ਪਰ ਕਿਓਂਕਿ ਇਹ ਸਹੀ ਹੈ, ਇਹ ਕਦੇ ਵੀ ਅਸਫਲ ਨਹੀਂ ਹੋ ਸਕਦਾ ਕਿਓਂਕਿ ਇਹ ਪਰਮੇਸ਼ੁਰ ਹੈ । ਉਸਨੂੰ ਆਪਣੀ ਹਜੂਰੀ ਨਾਲ ਇਨ੍ਹਾਂ ਰੁਮਾਲਾਂ ਨੂੰ ਮਸਹ ਕਰਣ ਦਿਓ ਅਤੇ ਹਰੇਕ ਬੀਮਾਰ ਜਿਸ ਉੱਤੇ ਇਹ ਰਖਿਆ ਜਾਵੇ ਉਹ ਚੰਗਾ ਹੋ ਜਾਵੇ । ਅਤੇ ਉਹ ਪਰਮੇਸ਼ੁਰ ਜਿਹੜਾ ਦੋ ਹਜਾਰ ਸਾਲਾਂ ਬਾਅਦ ਵੀ ਜਿਉਂਦਾ ਹੈ ਅਤੇ ਆਪਣੇ ਆਪ ਨੂੰ ਪਾਪੀਆਂ ਦੇ ਦਿਲਾਂ ਵਿੱਚ ਲਿਆ ਸਕਦਾ ਹੈ ਜਿਨ੍ਹਾਂ ਨੂੰ ਕਿਰਪਾ ਅਤੇ ਵਿਸ਼ਵਾਸ ਨਾਲ ਛੁਡਾਇਆ ਗਿਆ ਹੈ ਅਤੇ ਮਰਨਹਾਰ ਬੁਲ੍ਹਾਂ ਵਿਚੋਂ ਆਪਣੇ ਵਚਨ ਨੂੰ ਬੋਲ ਸਕਦਾ ਹੈ ਅਤੇ ਇਸ ਦਾ ਧਿਆਨ ਰਖਦਾ ਹੈ ਕਿ ਉਸੇ ਤਰ੍ਹਾਂ ਹੋਵੇ ਜੋ ਉਸਨੇ ਵਾਅਦਾ ਕੀਤਾ ਸੀ ।

258 ਹੇ ਪ੍ਰਭੂ ਪਰਮੇਸ਼ੁਰ, ਮੈਂ ਤੈਥੋਂ ਮੰਗਦਾ ਹਾਂ ਕਿ ਸਾਡੇ ਲਈ ਦਿਆਲੂ ਹੋ । ਅਤੇ ਇਹ ਹੋ ਜਾਵੇ ਕਿ ਹਰੇਕ ਆਦਮੀ ਅਤੇ ਔਰਤ ਜੋ ਇਥੇ ਮੌਜੂਦ ਹਨ, ਜਿਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਬਿਮਾਰੀ

ਜਾਂ ਪਰੇਸ਼ਾਨੀ ਹੈ; ਅਤੇ ਜਿਵੇਂ ਮੂਸਾ ਨੇ ਆਪਣੇ ਆਪ ਨੂੰ ਲੋਕਾਂ ਦੇ ਲਈ ਦਰਾਰ ਵਿੱਚ ਸੁੱਟ ਦਿੱਤਾ, ਅੱਜ ਰਾਤ ਮੈਂ ਆਪਣਾ ਦਿਲ ਤੇਰੇ ਅਗੇ ਰਖਦਾ ਹਾਂ, ਪ੍ਰਭੂ । ਅਤੇ ਸਾਰੇ ਵਿਸਵਾਸ ਨਾਲ ਜੋ ਮੇਰੇ ਕੋਲ ਹੈ, ਜਿਹੜਾ ਤੇਰੇ ਵਿੱਚ ਹੈ, ਜੋ ਤੂੰ ਮੈਨੂੰ ਦਿੱਤਾ ਹੈ, ਮੈਂ ਉਨ੍ਹਾਂ ਨੂੰ ਦਿੰਦਾ ਹਾਂ । ਜਿਵੇਂ ਪਤਰਸ ਨੇ ਉਸ ਫਾਟਕ ਤੇ ਜਿਸ ਨੂੰ ਸੋਹਣਾ ਕਿਹਾ ਜਾਂਦਾ ਸੀ ਕਿਹਾ, "ਜੋ ਕੁਝ ਮੇਰੇ ਕੋਲ ਹੈ, ਮੈਂ ਤੈਨੂੰ ਦਿੰਦਾ ਹਾਂ । ਯਿਸੂ ਮਸੀਹ ਨਾਸਰੀ ਦੇ ਨਾਮ ਵਿੱਚ ਉੱਠ ਖਲੋ ਅਤੇ ਤੁਰ" । ਅਤੇ ਉਹ ਮਨੁੱਖ ਲੰਗੜਾ ਸੀ ਅਤੇ—ਅਤੇ ਕੁਝ ਪਲਾਂ ਦੇ ਲਈ ਕਮਜੋਰ ਸੀ ਪਰ ਜਦੋਂ ਉਨ੍ਹਾਂ ਉਸ ਨੂੰ ਫੜਿਆ, ਉਸਦੇ ਗਿੱਟਿਆਂ ਵਿੱਚ ਜਾਣ ਆ ਗਈ । ਅਤੇ ਟੱਪਦਾ ਹੋਇਆ ਅਤੇ ਪਰਮੇਸ਼ੁਰ ਦੀ ਵਡਿਆਈ ਅਤੇ ਗੁਣ ਗਾਉਂਦਾ ਹੋਇਆ ਉਹ ਪਰਮੇਸ਼ੁਰ ਦੇ ਘਰ ਵਿੱਚ ਵੜ੍ਹ ਗਿਆ ।

259 ਤੂੰ ਕਲ੍ਹ ਅੱਜ ਅਤੇ ਯੁਗਾਂਯੁੱਗ ਇਕੋ ਜਿਹਾ ਹੈਂ । ਅਤੇ ਉਸਦੇ ਰਸੂਲ ਨੇ ਕਿਹਾ, "ਜੋ ਕੁਝ ਮੇਰੇ ਕੋਲ ਹੈ, ਮੈਂ ਤੈਨੂੰ ਦਿੰਦਾ ਹਾਂ" । ਉਹ ਵਿਸ਼ਵਾਸ ਸੀ । ਅਤੇ ਮੈਂ ਕਹਿੰਦਾ ਹਾਂ, "ਜੋ ਕੁਝ ਮੇਰੇ ਕੋਲ ਹੈ, ਮੈਂ ਇਹਨਾਂ ਸੁਣਨ ਵਾਲਿਆਂ ਨੂੰ ਦਿੰਦਾ ਹਾਂ! ਯਿਸੂ ਮਸੀਹ ਨਾਸਰੀ ਦੇ ਨਾਮ ਵਿੱਚ, ਆਪਣੀ ਬਿਮਾਰੀ ਨੂੰ ਤਿਆਗ ਦਿਓ, ਕਿਉਂਕਿ ਉਹ ਜੋ ਤੁਹਾਡੇ ਵਿੱਚ ਹੈ ਸੋ ਉਸ ਸ਼ਤਾਨ ਨਾਲੋਂ ਵੱਡਾ ਹੈ ਜਿਹੜਾ ਤੁਹਾਡੀ ਜਿੰਦਗੀ ਲੈਣ ਦੀ ਕੋਸਿਸ਼ ਕਰ ਰਿਹਾ ਹੈ । ਤੁਸੀਂ ਪਰਮੇਸ਼ੁਰ ਦੇ ਬੱਚੇ ਹੋ । ਤੁਸੀਂ ਛੁਡਾਏ ਹੋਏ ਹੋ ।

260 ਮੈਂ ਹੁਕਮ ਦਿੰਦਾ ਹਾਂ ਕਿ ਸ਼ਤਾਨ ਇਹਨਾਂ ਲੋਕਾਂ ਨੂੰ ਛੱਡ ਦੇ । ਇਹ ਹੋ ਜਾਵੇ ਕਿ ਉਹ ਪਰਮੇਸ਼ੁਰ ਜਿਸ ਨੇ ਉਸ ਦਿਨ ਤੁਫਾਨ ਨੂੰ ਰੋਕ ਦਿੱਤਾ, ਉਹ ਪਰਮੇਸ਼ੁਰ ਜਿਸ ਨੇ ਹਨੇਰੀ ਅਤੇ ਲਹਿਰਾਂ ਨੂੰ ਰੋਕ ਦਿੱਤਾ, ਹੋ ਜਾਵੇ ਕਿ ਇਸ ਨੂੰ ਵੇਖੇ ਤਾਂ ਕਿ ਇਨ੍ਹਾਂ ਲੋਕਾਂ ਤੋਂ ਹਰੇਕ ਬਿਮਾਰੀ ਲੈ ਲਈ ਜਾਵੇ ਅਤੇ ਇਸੇ ਘੜੀ ਮਸੀਹ ਦੀ ਸਮਰਥ ਉਨ੍ਹਾਂ ਦੇ ਜੀਵਨ ਵਿੱਚ ਪ੍ਰਗਟ ਹੋ ਜਾਵੇ । ਹਰੇਕ ਪਾਪੀ ਤੌਬਾ ਕਰੇ । ਹਰੇਕ ਵਿਅਕਤੀ ਜੋ ਤੇਰੇ ਨੇੜੇ ਨਹੀਂ ਹੈ, ਇਸੇ ਘੜੀ ਠੀਕ ਹੋ ਜਾਵੇ । ਅਤੇ ਇਹ ਇੰਝ ਹੀ ਹੋਵੇ, ਯਿਸੂ ਮਸੀਹ ਦੇ ਨਾਮ ਵਿੱਚ ।

261 ਮੈਂ, ਤੁਹਾਡੇ ਪਾਸਟਰ ਦੇ ਤੌਰ ਤੇ, ਤੁਹਾਡਾ ਭਰਾ, ਉਸ ਸਾਰੇ ਵਿਸ਼ਵਾਸ ਨਾਲ ਜੋ ਮੇਰੇ ਕੋਲ ਹੈ, ਮੈਂ ਪਰਮੇਸ਼ੁਰ ਤੋਂ ਮੰਗਿਆ ਹੈ ਕਿ ਇਸ ਨੂੰ ਤੁਹਾਡੇ ਉੱਤੇ ਰਖ ਦਵੇ । ਮੈਂ ਵਿਸ਼ਵਾਸ ਕਰਦਾ ਹਾਂ ਕਿ ਜੋ ਮੈਂ ਮੰਗਿਆ ਹੈ ਸੋ ਮੈਨੂੰ ਮਿਲ ਗਿਆ ਹੈ । ਹੁਣ ਜੇਕਰ ਤੁਸੀਂ ਮੇਰੇ ਨਾਲ ਇਹ ਵਿਸ਼ਵਾਸ ਕਰੋ; ਉਸ ਸਾਰੇ ਵਿਸ਼ਵਾਸ ਨਾਲ ਜੋ ਮੇਰੇ ਕੋਲ ਹੈ, ਮੈਂ ਇਸ ਘੜੀ ਲਈ ਤੁਹਾਨੂੰ ਦਿੰਦਾ ਹਾਂ ।

ਅਤੇ ਹੁਣ, ਪਰਮੇਸ਼ੁਰ ਦੇ ਪੁੱਤ੍ਰ, ਯਿਸੂ ਮਸੀਹ ਦੇ ਨਾਮ ਵਿੱਚ, ਤੁਹਾਡੀ ਬਿਮਾਰੀ ਨੂੰ, ਤੁਹਾਡੀ ਪਰੇਸ਼ਾਨੀ ਨੂੰ ਝਿੜਕਦਾ ਹਾਂ ਅਤੇ ਇਸ ਨੂੰ ਆਖਦਾ ਹਾਂ, "ਤੈਨੂੰ ਜਾਣਾ ਪੈਣਾ ਹੈ" ਕਿਉਂਕਿ ਤੁਹਾਡੇ ਕੋਲ ਤੁਹਾਡਾ ਵਿਸ਼ਵਾਸ ਹੈ, ਉਸਦੇ ਨਾਲ ਮੇਰਾ ਵਿਸ਼ਵਾਸ, ਉਸਦੇ ਨਾਲ ਯੀਸ਼ੂ ਮਸੀਹ ਦੀ ਸ਼ਕਤੀ, ਜਿਸਦੀ ਸਰਵ ਵਿਆਪਕਤਾ ਇਥੇ ਹੈ ਤਾਂ ਕਿ ਇਸ ਨੂੰ ਪ੍ਰਮਾਣਿਤ ਕਰੇ ਕਿ ਉਹ ਇਥੇ ਹੈ, ਤੁਹਾਨੂੰ ਇਸੇ ਵੇਲੇ ਚੰਗਾ ਕਰੇਗਾ ।

262 ਕੀ ਤੂੰ ਇਸ ਤੇ ਵਿਸ਼ਵਾਸ ਕਰਦੀ ਹੈਂ, ਔਰਤ, ਉਸ ਮੰਜੀ ਉੱਤੇ ਲੇਟੇ ਹੋਏ? [ਭੈਣ ਆਖਦੀ ਹੈ, "ਇਹ ਠੀਕ ਹੈ" ।—ਸੰਪਾਦਕ] ਭਾਵੇਂ ਤੁਹਾਡੀਆਂ ਮਾਸ ਪੇਸ਼ਿਆਂ ਇਸ ਤਰ੍ਹਾਂ ਹੋ ਗਈਆਂ ਹਨ ਜਿਵੇਂ ਉਹ ਉਸਨੂੰ ਸਖਤ ਹੋਣਾ ਆਖਦੇ ਹਨ, ਜੇਕਰ ਤੁਸੀਂ ਕੋਸ਼ਿਸ ਕਰੋ ਤਾਂ ਤੁਸੀਂ ਤੁਰ ਸਕਦੇ ਹੋ । ਖੜ੍ਹੇ ਹੋ ਜਾਓ, ਯਿਸੂ ਮਸੀਹ ਦੇ ਨਾਮ ਵਿੱਚ, ਖੜ੍ਹੇ ਹੋ ਜਾਓ । ਉਸਦੇ ਗਿੱਟਿਆਂ ਨੂੰ ਤਾਕਤ ਮਿਲ ਗਈ ਹੈ ।

ਹੁਣ ਆਓ ਆਪਣੇ ਹੱਥਾਂ ਨੂੰ ਖੜੇ ਕਰੀਏ ਅਤੇ ਉਸ ਨੂੰ ਵਡਿਆਈ ਦੇਈਏ ।

263 ਮਹਾਨ ਯਹੋਵਾਹ ਪਰਮੇਸ਼ੁਰ, ਯਿਸੂ ਮਸੀਹ ਦੇ ਨਾਮ ਵਿੱਚ, ਅਸੀਂ ਆਪਣੇ ਆਪ ਨੂੰ ਚੰਗਾਈ ਦੇ ਲਈ ਤੁਹਾਡੇ ਹੱਥਾਂ ਵਿੱਚ ਦਿੰਦੇ ਹਾਂ । ਆਮੀਨ ।

*ਉਹ ਜੋ ਤੁਹਾਡੇ ਵਿੱਚ ਹੈ* / PUN63-1110E

(He That Is In You)

ਇਹ ਸੰਦੇਸ਼ ਭਾਈ ਵਿਲੀਅਮ ਮੇਰੀਅਨ ਬ੍ਰਾਨਹਾਮ ਦੁਆਰਾ ਅੰਗਰੇਜੀ ਭਾਸ਼ਾ ਵਿੱਚ ਐਤਵਾਰ ਸ਼ਾਮ, 10 ਨਵੰਬਰ, 1963 ਨੂੰ ਬ੍ਰਾਨਹਾਮ ਟੇਬਰਨੇਕਲ, ਜੈਫਰਸਨਵਿਲ, ਇੰਡਿਆਨਾ, ਸੰਯੁਕਤ ਰਾਜ ਅਮਰੀਕਾ ਵਿੱਚ ਪ੍ਰਚਾਰ ਕੀਤਾ ਗਿਆ ਅਤੇ ਇਹ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿੱਚ ਬਿਨਾਂ ਕੁਝ ਘਟਾਏ ਵਧਾਏ ਛਾਪਿਆ ਗਿਆ ਹੈ। ਇਹ ਪੰਜਾਬੀ ਅਨੁਵਾਦ ਵਾਇਸ ਆਫ ਗੋਡ ਰਿਕਾਰਡਿੰਗਸ ਵਲੋਂ ਛਾਪਿਆ ਅਤੇ ਵੰਡਿਆ ਗਿਆ ਹੈ।

PUNJABI

©2017 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:



Voice Of God Recordings

P.O. Box 950, Jeffersonville, Indiana 47131 U.S.A.

www.branham.org